ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 | Editor : Sharanjit Singh Thind | Weekly

Vol. 15 Issue 14 | Friday, 03 July to 09 July 2020 | www.PUNJABIDUNIYA.com | Published Weekly from New York



Thinking of Buying/Selling

WIN ZONE



Baldev Singh

Associate Broker

Cell : 917-224-7395

See Full Page Advt on Page 23




# ਖਾਲਿਸਤਾਨ ਲਿਬਰੇਸ਼ਨ ਫਰੰਟ

## ਪੱਛਮੀ ਯੂ. ਪੀ. ਵਿਚ ਦੇ ਰਿਹੈ

## ਅਤਿਵਾਦ ਦੀ ਟ੍ਰੇਨਿੰਗ

ਚੰਡੀਗੜ੍ਹ : ਦਿੱਲੀ ਪੁਲਿਸ ਵਲੋਂ ਬੀਤੇ ਦਿਨੀਂ ਖਾਲਿਸਤਾਨ ਲਿਬ੍ਰੇਸ਼ਨ ਫਰੰਟ ਦੇ ਗ੍ਰਿਫਤਾਰ 2 ਖਾੜਕੂਆਂ ਤੋਂ ਐਂਟੀ ਟੈਰਾਰਿਸਟ ਸਕਵਾਇਡ (ਏ. ਟੀ. ਐੱਸ.) ਵਲੋਂ ਕੀਤੀ ਗਈ ਪੁੱਛਗਿੱਛ 'ਚ ਖੁਲਾਸਾ ਹੋਇਆ ਹੈ ਕਿ ਉਨ੍ਹਾਂ ਨੇ ਪੱਛਮੀ ਉੱਤਰ ਪ੍ਰਦੇਸ਼ 'ਚ ਖਾੜਕੂ ਟ੍ਰੇਨਿੰਗ ਕੈਂਪ ਬਣਾਇਆ ਹੈ, ਜਿਸ 'ਚ ਨੇਤਾਵਾਂ ਦੀਆਂ ਹੱਤਿਆਵਾਂ ਲਈ ਨੌਜਵਾਨਾਂ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਗ੍ਰਿਫਤਾਰ ਕੀਤੇ ਗਏ ਤਿੰਨ ਖਾੜਕੂਆਂ 'ਚੋਂ ਇਕ ਦੀ ਪਛਾਣ ਪੰਜਾਬ ਦੇ ਰਹਿਣ ਵਾਲੇ ਗੁਰਤੇਜ ਸਿੰਘ (41) ਦੇ ਰੂਪ 'ਚ ਹੋਈ ਹੈ, ਜਦੋਂ ਕਿ ਇਕ ਖਾੜਕੂ ਹਰਿਆਣਾ ਨਾਲ ਸਬੰਧਤ ਹੈ, ਜਿਸ ਦਾ ਨਾਂ ਲਵਪ੍ਰੀਤ ਦੱਸਿਆ ਜਾ ਰਿਹਾ ਹੈ। ਇਕ ਹੋਰ ਖਾੜਕੂ ਦੀ ਪਛਾਣ ਮਹਿੰਦਰਪਾਲ ਸਿੰਘ ਦੇ ਰੂਪ 'ਚ ਹੋਈ ਹੈ। ਏ. ਟੀ. ਐੱਸ. ਵਲੋਂ ਕੀਤੀ ਗਈ ਪੁੱਛਗਿੱਛ 'ਚ ਗੁਰਤੇਜ ਸਿੰਘ ਅਤੇ ਲਵਪ੍ਰੀਤ ਨੇ ਸਵੀਕਾਰ ਕੀਤਾ ਹੈ ਕਿ ਉਨ੍ਹਾਂ ਦਾ ਸਬੰਧ ਪਾਕਿਸਤਾਨ ਦੀ ਖ਼ੂਫੀਆ ਏਜੰਸੀ ਆਈ. ਐੱਸ. ਆਈ. ਦੇ ਹੈਂਡਲਰ ਅਬਦੁੱਲਾ ਅਤੇ ਯੂ. ਕੇ. 'ਚ ਰਹਿੰਦੇ ਪ੍ਰਤੀਬੰਧਤ ਸੰਗਠਨ ਸਿਖਸ ਫਾਰ ਜਸਟਿਸ ਦੇ ਕੋਆਰਡੀਨੇਟਰ ਅਵਤਾਰ ਸਿੰਘ ਪੰਨੂ ਨਾਲ ਹਨ।

**ਗੋਪਾਲ ਚਾਵਲਾ ਦਾ ਕਰੀਬੀ ਅਤੇ ਹਵਾਰਾ ਕਮੇਟੀ ਦਾ ਮੈਂਬਰ ਹੈ ਗੁਰਤੇਜ**

ਗ੍ਰਿਫਤਾਰ ਗੁਰਤੇਜ ਸਿੰਘ ਪਾਕਿਸਤਾਨ 'ਚ ਰਹਿ ਰਹੇ ਗੋਪਾਲ ਚਾਵਲਾ ਦਾ ਬੇਹੱਦ ਕਰੀਬੀ ਦੱਸਿਆ ਜਾ ਰਿਹਾ ਹੈ। ਗੋਪਾਲ ਚਾਵਲਾ ਦੇ ਖਾੜਕੂ ਸੰਗਠਨ ਜੈਸ਼-ਏ-ਮੁਹੰਮਦ ਦੇ ਚੀਫ ਹਾਫਿਜ਼ ਸਈਦ ਨਾਲ ਕਰੀਬੀ ਸਬੰਧ ਹਨ। ਖਾਲਿਸਤਾਨ ਲਿਬ੍ਰੇਸ਼ਨ ਫਰੰਟ ਦੇ ਲੀਡਰ ਵਿਦੇਸ਼ਾਂ 'ਚ ਬੈਠ ਕੇ ਸੋਸ਼ਲ ਮੀਡੀਆ ਰਾਹੀਂ ਜਸਟਿਸ ਫਾਰ ਪੰਜਾਬ ਜਾਂ ਦੂਜੇ ਪ੍ਰਤੀਬੰਧਤ ਸੰਗਠਨਾਂ ਨੂੰ ਪੰਜਾਬ 'ਚ ਮੁੜ ਖੜ੍ਹਾ ਕਰਨ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਉਕਸਾਉਣ ਦਾ ਕੰਮ ਕਰ ਰਹੇ ਹਨ। ਗੁਰਤੇਜ ਦੇ ਪਿਤਾ ਫੌਜ 'ਚ ਸੂਬੇਦਾਰ ਸਨ ਅਤੇ ਉਸ ਦਾ ਜਨਮ ਸਾਲ 1979 'ਚ ਅਸਾਮ 'ਚ ਹੋਇਆ ਸੀ। ਉਸ ਦਾ ਲੰਮੇ ਸਮੇਂ ਤੋਂ ਖਾਲਿਸਤਾਨ ਅੰਦੋਲਨ ਪ੍ਰਤੀ ਝੁਕਾਅ ਸੀ। ਉਸ ਨੇ ਜਨਵਰੀ 2019 'ਚ ਚੰਡੀਗੜ੍ਹ 'ਚ ਨਾਰਾਇਣ ਸਿੰਘ ਚੌਰਾ ਨਾਲ ਮੁਲਾਕਾਤ ਕੀਤੀ ਅਤੇ ਖਾਲਿਸਤਾਨ ਅੰਦੋਲਨ 'ਚ ਸਰਗਰਮ ਰੂਪ ਨਾਲ ਯੋਗਦਾਨ ਕਰਨ ਦੀ ਇੱਛਾ ਪ੍ਰਗਟਾਈ। ਇਸ ਤੋਂ ਬਾਅਦ ਗੁਰਤੇਜ ਸਿੰਘ ਨੂੰ 21 ਮੈਂਬਰੀ ਹਵਾਰਾ ਕਮੇਟੀ 'ਚ ਸ਼ਾਮਲ ਕੀਤਾ ਗਿਆ ਸੀ। ਉਹ ਲਵਪ੍ਰੀਤ ਸਮੇਤ 5 ਤੋਂ ਵੱਧ ਨੌਜਵਾਨਾਂ ਨੂੰ ਖਾਲਿਸਤਾਨ ਅੰਦੋਲਨ 'ਚ ਸ਼ਾਮਲ ਕਰ ਕੇ ਉਨ੍ਹਾਂ ਨੂੰ ਪਾਕਿਸਤਾਨ 'ਚ ਟ੍ਰੇਨਿੰਗ ਦਿਵਾਉਣ ਦੀ ਤਿਆਰੀ 'ਚ ਸੀ। ਗੁਰਤੇਜ ਸਿੰਘ ਨੂੰ ਸੌਂਪੀ ਗਈ ਸੀ ਖਾੜਕੂ ਤਿਆਰ ਕਰਨ ਦੀ ਜ਼ਿੰਮੇਵਾਰੀ ਬਾਰੇ ਇਕ ਹੋਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਗੁਰਤੇਜ ਸਿੰਘ ਨੂੰ ਦੇਸ਼ 'ਚ ਰਹਿੰਦੇ ਹੋਏ ਖਾੜਕੂ ਤਿਆਰ ਕਰਨ ਦੀ ਜਿੰਮੇਵਾਰੀ ਸੌਂਪੀ ਗਈ ਸੀ ਅਤੇ ਉਸ ਨੇ ਨੇਤਾਵਾਂ ਦੀ ਹੱਤਿਆ ਸਮੇਤ ਖਾੜਕੂ ਸਰਗਰਮੀਆਂ ਲਈ ਲਵਪ੍ਰੀਤ ਸਿੰਘ ਅਤੇ ਪੰਜ ਲੋਕਾਂ ਨੂੰ ਰਾਜੀ ਸੀ। ਪੁਲਿਸ ਇਨ੍ਹਾਂ ਲੋਕਾਂ ਦੇ ਬਾਕੀ ਸਾਥੀਆਂ ਬਾਰੇ ਪੁੱਛਗਿੱਛ ਕਰ ਰਹੀ ਹੈ। ਉਥੇ ਹੀ ਉੱਤਰ ਪ੍ਰਦੇਸ਼ ਦੇ ਵਧੀਕ ਪੁਲਿਸ ਜਨਰਲ ਸਕੱਤਰ ਧਰੁਵ ਠਾਕੁਰ ਨੇ ਮੰਨਿਆ ਕਿ ਸੂਬੇ ਦੇ ਕੁਝ ਨੇਤਾ ਖਾੜਕੂਆਂ ਦੀ ਹਿੱਟ ਲਿਸਟ 'ਚ ਸਨ। ਇਸ ਤੋਂ ਅੱਗੇ ਉਨ੍ਹਾਂ ਨੇ ਕੋਈ ਡਿਟੇਲ ਨਹੀਂ ਦਿੱਤੀ।

**7 ਸਾਲ ਤੋਂ ਅੰਦੋਲਨ 'ਚ ਮਹਿੰਦਰਪਾਲ ਸਿੰਘ**

ਮਹਿੰਦਰਪਾਲ ਸਿੰਘ ਦਾ ਜਨਮ 1991 'ਚ ਜੰਮੂ-ਕਸ਼ਮੀਰ ਦੇ ਬਾਰਾਮੂਲਾ ਦੇ ਦੀਵਾਨ ਬਾਗ 'ਚ ਹੋਇਆ ਸੀ। 2007 'ਚ ਉਹ ਪੜ੍ਹਾਈ ਕਰਨ ਲਈ ਦਿੱਲੀ ਆਇਆ ਸੀ। 2013 'ਚ ਗੁਰਬਖਸ਼ ਸਿੰਘ ਖਾਲਸਾ ਗੁਰਦੁਆਰਾ ਅੰਬ ਸਾਹਿਬ 'ਚ 44 ਦਿਨਾਂ ਦੀ ਭੁੱਖ ਹੜਤਾਲ 'ਤੇ ਚਲੇ ਗਏ ਸਨ, ਉਸ 'ਚ ਮਹਿੰਦਰਪਾਲ ਸਿੰਘ ਵੀ ਸ਼ਾਮਲ ਹੋਇਆ ਸੀ। ਇਸ ਤੋਂ ਬਾਅਦ ਉਹ ਖਾਲਿਸਤਾਨ ਅੰਦੋਲਨ ਨਾਲ ਜੁੜੇ ਸੰਗਠਨਾਂ ਅਤੇ ਉਨ੍ਹਾਂ ਦੇ ਮੁਖੀਆਂ ਨਾਲ ਜੁੜ ਗਿਆ ਸੀ। ਇਸ ਤਰ੍ਹਾਂ ਉਹ ਲਗਭਗ 7 ਸਾਲ ਤੋਂ ਖਾਲਿਸਤਾਨ ਨਾਲ ਜੁੜਿਆ ਹੋਇਆ ਹੈ।

**ਗੁਰਤੇਜ ਨਾਲ ਮਾਨਸਾ 'ਚ ਮਿਲਿਆ ਸੀ ਲਵਪ੍ਰੀਤ ਸਿੰਘ**

ਲਵਪ੍ਰੀਤ ਸਿੰਘ ਉਰਫ ਲਵਲੀ ਨੇ ਸ਼ੁਰੂ 'ਚ ਇਕ ਕੰਪਿਊਟਰ ਮੁਰੰਮਤ ਦੀ ਦੁਕਾਨ 'ਤੇ ਕੰਮ ਕੀਤਾ। ਮੌਜੂਦਾ ਸਮੇਂ 'ਚ ਉਹ ਘਰਾਂ 'ਚ ਸੀ. ਸੀ. ਟੀ. ਵੀ. ਕੈਮਰੇ ਲਗਾਉਣ ਦਾ ਕੰਮ ਕਰਦਾ ਹੈ। ਉਹ ਲਗਭਗ 3 ਸਾਲ ਪਹਿਲਾਂ ਖਾਲਿਸਤਾਨ ਅੰਦੋਲਨ 'ਚ ਸ਼ਾਮਲ ਲੋਕਾਂ ਨਾਲ ਜੁੜ ਗਿਆ ਸੀ। 2017 'ਚ ਉਹ ਅੰਮ੍ਰਿਤਸਰ 'ਚ ਬਲਜੀਤ ਸਿੰਘ ਅਤੇ ਬਗੀਚਾ ਸਿੰਘ ਦੇ ਸੰਪਰਕ 'ਚ ਆਇਆ। ਇਹ ਦੋਵੇਂ 21 ਮੈਂਬਰੀ ਹਵਾਰਾ ਕਮੇਟੀ ਦਾ ਹਿੱਸਾ ਹਨ। ਉਨ੍ਹਾਂ ਨੇ ਇਸ ਨੂੰ ਖਾਲਿਸਤਾਨ ਸਮਰਥਕ ਰੈਲੀਆਂ 'ਚ ਸੱਦਿਆ, ਜਿਥੇ ਪੰਜਾਬ ਦੇ ਮਾਨਸਾ 'ਚ ਉਸ ਦੀ ਮੁਲਾਕਾਤ ਗੁਰਤੇਜ ਸਿੰਘ ਨਾਲ ਹੋਈ। ਗੁਰਤੇਜ ਸਿੰਘ ਨੇ ਉਸ ਨੂੰ ਜਗਤਾਰ ਸਿੰਘ ਹਵਾਰਾ ਦੇ ਮਾਰਗਦਰਸ਼ਨ 'ਚ ਖਾਲਿਸਤਾਨ ਅੰਦੋਲਨ 'ਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ ਅਤੇ ਉਸ ਨੂੰ ਹਥਿਆਰਾਂ ਦੀ ਟ੍ਰੇਨਿੰਗ ਲਈ ਪਾਕਿਸਤਾਨ ਭੇਜਣ ਦਾ ਵਾਅਦਾ ਕੀਤਾ।।

## ਕੇਂਦਰ ਨੇ ਗੁਰਪਤਵੰਤ ਪੰਨੂ ਸਮੇਤ 9 ਖਾਲਿਸਤਾਨ ਸਮੱਰਥਕਾਂ ਨੂੰ ਅਤਿਵਾਦੀ ਐਲਾਨਿਆ




ਨਵੀਂ ਦਿੱਲੀ : ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੁੱਧਵਾਰ ਨੂੰ 9 ਵਿਅਕਤੀਆਂ ਨੂੰ ਪੰਜਾਬ ਵਿਚ ਅਤਿਵਾਦ ਨੂੰ ਸੁਰਜੀਤ ਕਰਨ ਦੇ ਯਤਨਾਂ ਕਾਰਨ ਸੋਧੇ ਹੋਏ ਗੈਰ ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂ.ਏ.ਪੀ.ਏ.) ਤਹਿਤ ਬਕਾਇਦਾ ਅਤਿਵਾਦੀ ਐਲਾਨ ਦਿੱਤਾ। ਸਰਕਾਰ ਦੇ ਮੁਤਾਬਕ ਇਹ ਵਿਅਕਤੀ ਸਰਹੱਦ ਪਾਰ ਤੋਂ ਅਤੇ ਵਿਦੇਸ਼ੀ ਧਰਤੀ ਤੋਂ ਅਤਿਵਾਦ ਦੀਆਂ ਵੱਖ-ਵੱਖ ਗਤੀਵਿਧੀਆਂ ਵਿਚ ਸ਼ਾਮਲ ਹਨ। ਇਹਨਾਂ ਨੇ ਦੇਸ਼ ਨੂੰ ਅਸਥਿਰ ਕਰਨ ਲਈ ਨਿਰੰਤਰ ਨਾਪਾਕ ਯਤਨ ਕੀਤੇ ਹਨ ਤੇ ਦੇਸ਼ ਵਿਰੋਧੀ ਗਤੀਵਿਧੀਆਂ ਰਾਹੀਂ ਤੇ ਖਾਲਿਸਤਾਨ ਲਹਿਰ ਦੀ ਹਮਾਇਤ ਕਰ ਕੇ ਇਸ ਵਿਚ ਸ਼ਾਮਲ ਹੋ ਕੇ ਪੰਜਾਬ ਵਿਚ ਅਤਿਵਾਦ ਨੂੰ ਸੁਰਜੀਤ ਕਰਨ ਦੇ ਯਤਨ ਕੀਤੇ ਹਨ। 9 ਵਿਅਕਤੀਆਂ ਵਿਚ ਵੱਖ-ਵੱਖ ਅਤਿਵਾਦੀ ਸੰਗਠਨਾਂ ਜਿਹਨਾਂ ਵਿਚ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.), ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ (ਆਈ.ਐਸ.ਵਾਈ.ਐਫ.), ਖਾਲਿਸਤਾਨ ਜ਼ਿੰਦਾਬਾਦ ਫੋਰਸ (ਕੇ.ਜ਼ੈਡ.ਐਫ.), ਖਾਲਿਸਤਾਨ ਕਮਾਂਡੋ ਫੋਰਸ (ਕੇ.ਸੀ.ਐਫ.) ਅਤੇ ਖਾਲਿਸਤਾਨ ਟਾਈਗਰ ਫੋਰਸ (ਕੇ.ਟੀ.ਐਫ.) ਅਤੇ ਗੈਰ ਕਾਨੂੰਨੀ ਐਸੋਸੀਏਸ਼ਨ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਸ਼ਾਮਲ ਹਨ। ਜਿਹਨਾਂ ਵਿਅਕਤੀਆਂ ਨੂੰ ਅੱਜ ਬਕਾਇਦਾ ਅਤਿਵਾਦੀ ਐਲਾਨਿਆ ਗਿਆ ਉਹਨਾਂ ਵਿਚ ਬੀ.ਕੇ.ਆਈ. ਦਾ ਵਧਾਵਾ ਸਿੰਘ ਬੱਬਰ, ਪਾਕਿ ਆਧਾਰਿਤ ਆਈ.ਐਸ. ਵਾਈ.ਐਫ. ਮੁਖੀ ਲਖਬੀਰ ਸਿੰਘ, ਪਾਕਿਸਤਾਨ ਆਧਾਰਿਤ ਜੇ.ਜ਼ੈਡ.ਐਫ. ਮੁਖੀ ਰਣਜੀਤ ਸਿੰਘ, ਪਾਕਿਸਤਾਨ ਆਧਾਰਿਤ ਕੇ.ਸੀ.ਐਫ. ਮੁਖੀ ਪਰਮਜੀਤ ਸਿੰਘ, ਜਰਮਨੀ ਆਧਾਰਿਤ ਜੇ.ਜ਼ੈਡ.ਐਫ.ਦੇ ਮੁੱਖ ਮੈਂਬਰ ਗੁਰਮੀਤ ਸਿੰਘ ਬੱਗਾ, ਅਮਰੀਕਾ ਆਧਾਰਿਤ ਐਸ.ਐਫ.ਜੇ. ਦਾ ਗੁਰਪੰਤ ਸਿੰਘ ਪੰਨੂ, ਕੈਨੇਡਾ ਆਧਾਰਿਤ ਕੇ.ਟੀ.ਐਫ. ਮੁਖੀ ਹਰਦੀਪ ਸਿੰਘ ਨਿੱਝਰ ਅਤੇ ਯੂ.ਕੇ. ਆਧਾਰਿਤ ਬੀ.ਕੇ.ਆਈ. ਮੁਖੀ ਪਰਮਜੀਤ ਸਿੰਘ ਸ਼ਾਮਲ ਹਨ।


Home Business Auto

Insurance

See Full Page Advt on page 16

NLIGHT INSURANCE

(A Division of Nlight Financial LLC)

Call : 917-612-3158

# ਹੁਣ ਅਮਰੀਕਾ 'ਚ ਵੀ ਉੱਠਣ ਲੱਗੀ ਟਿਕਟਾਕ 'ਤੇ ਪਾਬੰਦੀ ਦੀ ਮੰਗ

ਵਾਸ਼ਿੰਗਟਨ : ਭਾਰਤ ਵਿਚ ਟਿਕਟਾਕ ਸਮੇਤ 59 ਚੀਨੀ ਐਪਸ 'ਤੇ ਪਾਬੰਦੀ ਦੀ ਚਰਚਾ ਅਮਰੀਕਾ ਵਿਚ ਵੀ ਹੋ ਰਹੀ ਹੈ ਅਤੇ ਕੁੱਝ ਸਾਂਸਦ ਇਸ ਦਾ ਸਮਰਥਨ ਕਰ ਰਹੇ ਹਨ। ਇਨ੍ਹਾਂ ਸਾਂਸਦਾਂ ਨੇ ਅਮਰੀਕੀ ਸਰਕਾਰ ਨੂੰ ਇਸ 'ਤੇ ਵਿਚਾਰ ਕਰਨ ਦੀ ਅਪੀਲ ਕੀਤੀ ਹੈ, ਕਿਉਂਕਿ ਅਜਿਹਾ ਮੰਨਿਆ ਜਾਂਦਾ ਹੈ ਕਿ ਛੋਟੇ-ਛੋਟੇ ਵੀਡੀਓ ਸ਼ੇਅਰ ਕਰਨ ਵਾਲੇ ਐਪ ਕਿਸੇ ਵੀ ਦੇਸ਼ ਦੀ ਸੁਰੱਖਿਆ ਲਈ ਗੰਭੀਰ ਖ਼ਤਰਾ ਹਨ। ਭਾਰਤ ਨੇ ਸੋਮਵਾਰ ਨੂੰ ਟਿਕਟਾਕ, ਯੂਸੀ ਬ੍ਰਾਊਜ਼ਰ ਸਮੇਤ 59 ਚੀਨੀ ਐਪਸ 'ਤੇ ਇਹ ਕਹਿੰਦੇ ਹੋਏ ਪਾਬੰਦੀ ਲਗਾ ਦਿੱਤੀ ਕਿ ਇਹ ਦੇਸ਼ ਦੀ ਸੁਰੱਖਿਆ, ਅਖੰਡਤਾ ਅਤੇ ਪ੍ਰਭੂਸੱਤਾ ਲਈ ਨੁਕਾਸਨਦੇਹ ਹਨ। ਇਹ ਪਾਬੰਦੀ ਲੱਦਾਖ ਵਿਚ ਸਰਹੱਦ 'ਤੇ ਭਾਰਤ ਦੇ, ਚੀਨੀ ਫੌਜੀਆਂ ਨਾਲ ਚੱਲ ਰਹੇ ਤਣਾਅ ਵਿਚ ਲਗਾਈ ਗਈ ਹੈ। ਇਨ੍ਹਾਂ ਪਾਬੰਦੀਸ਼ੁਦਾ ਐਪਸ ਦੀ ਸੂਚੀ ਵਿਚ ਵੀਚੈਟ ਅਤੇ ਬਿਗੋ ਲਾਈਵ ਵੀ ਸ਼ਾਮਲ ਹਨ। ਰਿਪਬਲਿਕਨ ਪਾਰਟੀ ਦੇ ਸੈਨੇਟਰ ਜਾਨ ਕਾਰਨਿਨ ਨੇ ਦ ਵਾਸ਼ਿੰਗਟਨ




ਪੋਸਟ ਵਿਚ ਛੱਪੀ ਇਕ ਖ਼ਬਰ ਨੂੰ ਟੈਗ ਕਰਦੇ ਹੋਏ ਆਪਣੇ ਟਵੀਟ ਵਿਚ ਕਿਹਾ, ' ਖ਼ੂਨੀ ਝੜਪ ਦੇ ਬਾਅਦ ਭਾਰਤ ਨੇ ਟਿਕਟਾਕ ਅਤੇ ਦਰਜਨਾਂ ਚੀਨੀ ਐਪਸ 'ਤੇ ਪਾਬੰਦੀ ਲਗਾ ਦਿੱਤੀ। ਉਥੇ ਹੀ ਰਿਪਬਲਿਕਨ ਪਾਰਟੀ ਦੇ ਹੀ ਸਾਂਸਦ ਰਿਕ ਕਰੋਫੋਰਡ ਨੇ ਕਿਹਾ, 'ਟਿਕਟਾਕ ਨੂੰ ਜਾਣਾ ਹੀ ਚਾਹੀਦਾ ਹੈ ਅਤੇ ਇਸ 'ਤੇ ਤਾਂ ਪਹਿਲਾਂ ਹੀ ਪਾਬੰਦੀ ਲਗਾ ਦੇਣੀ ਚਾਹੀਦਾ ਸੀ।'ਪਿਛਲੇ ਹਫ਼ਤੇ ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਰਾਬਰਟ ਓ ਬਰਾਇਨ ਨੇ ਇਲਜ਼ਾਮ ਲਗਾਇਆ ਸੀ ਕਿ ਚੀਨੀ ਸਰਕਾਰ ਟਿਕਟਾਕ ਦਾ ਇਸਤੇਮਾਲ ਆਪਣੇ ਉਦੇਸ਼ਾਂ ਲਈ ਕਰ ਰਹੀ ਹੈ। ਅਮਰੀਕੀ ਸੰਸਦ ਵਿਚ ਘੱਟ ਤੋਂ ਘੱਟ ਉਂਝ 2 ਬਿੱਲ ਲੰਬਿਤ ਹਨ ਜਿਨ੍ਹਾਂ ਵਿਚ ਸਮੂਹ ਸਰਕਾਰੀ ਅਧਿਕਾਰੀਆਂ ਨੂੰ ਆਪਣੇ ਫੋਨ 'ਤੇ ਟਿਕਟਾਕ ਦਾ ਇਸਤੇਮਾਲ ਕਰਨ ਤੋਂ ਰੋਕਣ ਦਾ ਪ੍ਰਬੰਧ ਹਨ। ਇਸ ਤੋਂ ਲੱਗਦਾ ਹੈ ਕਿ ਭਾਰਤ ਦੇ ਕਦਮ ਦੇ ਬਾਅਦ ਅਮਰੀਕਾ ਵਿਚ ਟਿਕਟਾਕ 'ਤੇ ਪਾਬੰਦੀ ਦੀ ਮੰਗ ਜ਼ੋਰ ਫੜ ਸਕਦੀ ਹੈ।

## 350.84 ਕਰੋੜ ਦੇ ਬੈਂਕ ਫ਼ਰਾਡ ਮਾਮਲੇ ਵਿਚ ਸੀ.ਬੀ.ਆਈ. ਵੱਲੋਂ ਅੰਮ੍ਰਿਤਸਰ ਦੀ ਪੰਜਾਬ ਬਾਸਮਤੀ ਅਤੇ ਡਾਇਰੈਕਟਰਾਂ ਖਿਲਾਫ਼ ਕੇਸ ਦਰਜ

ਨਵੀਂ ਦਿੱਲੀ : ਸੀ.ਬੀ.ਆਈ.ਨੇ 6 ਬੈਂਕਾਂ ਦੇ 'ਕੰਸੋਰਸ਼ੀਅਮ' ਨਾਲ 350.84 ਕਰੋੜ ਰੁਪਏ ਦੀ ਧੋਖ਼ਾਧੜੀ ਕਰਨ ਦੇ ਦੋਸ਼ ਹੇਠ ਅੰਮ੍ਰਿਤਸਰ ਦੀ ਪੰਜਾਬ ਬਾਸਮਤੀ ਰਾਈਸ ਲਿਮਟਿਡ ਦੇ ਖਿਲਾਫ਼ ਫ਼ਰਾਦ ਦਾ ਕੇਸ ਦਰਜ ਕੀਤਾ ਹੈ।ਇਹ ਮਾਮਲਾ ਕੰਪਨੀ ਵੱਲੋਂ ਆਪਣਾ ਸਟਾਕ ਅਤੇ 'ਪ੍ਰਾਈਮ ਸਕਿਉਰਿਟੀ' ਖ਼ੁਰਦ ਬੁਰਦ ਕਰਨ ਦੇ ਦੋਸ਼ ਹੇਠ ਦਰਜ ਕੀਤਾ ਗਿਆ ਹੈ।ਸੀ.ਬੀ.ਆਈ. ਵੱਲੋਂ ਇਸ ਮਾਮਲੇ ਵਿਚ ਕੰਪਨੀ ਦੇ ਪ੍ਰੋਮੋਟਰਾਂ ਅਤੇ ਡਾਇਰੈਕਟਰਾਂ ਵਿਰੁੱਧ ਵੀ ਮਾਮਲਾ ਦਰਜ ਕੀਤਾ ਗਿਆ ਹੈ ਜਿਨ੍ਹਾਂ ਵਿਚ ਕੁਲਵਿੰਦਰ ਸਿੰਘ ਮਖ਼ਾਨੀ, ਜਸਮੀਤ ਕੌਰ ਅਤੇ ਮਨਜੀਤ ਸਿੰਘ ਮਖ਼ਾਨੀ ਸ਼ਾਮਿਲ ਹਨ।ਉਕਤ ਤੋਂ ਇਲਾਵਾ ਇਸ ਮਾਮਲੇ ਵਿਚ ਕੁਝ ਬੈਂਕ ਅਧਿਕਾਰੀਆਂ ਅਤੇ ਕੁਝ ਅਣਪਛਾਤੇ ਵਿਅਕਤੀਆਂ ਨੂੰ ਵੀ ਦੋਸ਼ੀ ਬਣਾਇਆ ਗਿਆ ਹੈ।ਇਸੇ ਸੰਬੰਧ ਵਿਚ ਸੀ.ਬੀ.ਆਈ. ਵੱਲੋਂ ਕੰਪਨੀ, ਇਸ ਦੇ ਪ੍ਰਮੋਟਰਾਂ ਅਤੇ ਡਾਇਰੈਕਟਰਾਂ ਦੇ ਟਿਕਾਣਿਆਂ 'ਤੇ 'ਸਰਚ ਅਪਰੇਸ਼ਨ' ਵੀ ਵੀਰਵਾਰ ਨੂੰ ਚਲਾਇਆ ਗਿਆ। ਸੀ.ਬੀ.ਆਈ. ਦੇ ਇਕ ਬੁਲਾਰੇ ਅਨੁਸਾਰ 'ਸਰਚ ਉਪਰੇਸ਼ਨ' ਦੌਰਾਨ ਕੋਵਿਡ ਦੇ ਮੱਦੇਨਜ਼ਰ ਪੂਰੀ ਸਾਵਧਾਨੀ ਵਰਤੀ ਗਈ ਅਤੇ ਸਰਚ ਟੀਮ ਨੂੰ ਪੀ.ਪੀ.ਈ.ਕਿੱਟਾਂ ਆਦਿ ਮੁਹੱਈਆ ਕਰਾਈਆਂ ਗਈਆਂ। ਉਹਨਾਂ ਕਿਹਾ ਕਿ ਮਾਮਲੇ ਦੀ ਜਾਂਚ ਅਜੇ ਜਾਰੀ ਹੈ।ਜ਼ਿਕਰਯੋਗ ਹੈ ਕਿ ਇਸ ਮਾਮਲੇ ਵਿਚ ਸ਼ਿਕਾਇਤ ਕੈਨਰਾ ਬੈਂਕ, ਚੰਡੀਗੜ੍ਹ ਦੀ ਸ਼ਿਕਾਇਤ ਦੇ ਆਧਾਰ 'ਤੇ ਕੀਤੀ ਗਈ ਸੀ। ਦੋਸ਼ ਹੈ ਕਿ ਇਸ ਕੰਪਨੀ ਨੇ ਕੈਨਰਾ ਬੈਂਕ ਦੀ ਅਗਵਾਈ ਵਾਲੇ ਬੈਂਕ ਸਮੂਹ ਜਿਸ ਵਿਚ ਕੈਨਰਾ ਬੈਂਕ ਤੋਂ ਇਲਾਵਾ ਆਂਧਰਾ ਬੈਂਕ, ਯੂਨੀਅਨ ਬੈਂਕ ਆਫ਼ ਇੰਡੀਆ, ਓਰੀਐਂਟਲ ਬੈਂਕ ਆਫ਼ ਕਾਮਰਸ, ਆਈ.ਡੀ.ਬੀ.ਆਈ.ਬੈਂਕ ਅਤੇ ਯੂਕੋ ਬੈਂਕ ਸ਼ਾਮਿਲ ਹਨ, ਨਾਲ 350.84 ਕਰੋੜ ਰੁਪਏ ਦਾ ਫ਼ਰਾਡ ਕੀਤਾ ਹੈ। ਇਸ ਰਕਮ ਵਿਚੋਂ174.89 ਕਰੋੜ ਰੁਪਏ ਦਾ ਵੱਡਾ ਹਿੱਸਾ ਕੈਨਰਾ ਬੈਂਕ ਦਾ ਹੈ। ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਇਸ ਕੰਪਨੀ ਨੇ ਆਪਣਾ ਸਟਾਕ ਅਤੇ 'ਪ੍ਰਾਈਮ ਸਕਿਉਰਿਟੀ' ਬੈਂਕਾਂ ਨੂੰ ਦੱਸੇ ਬਿਨਾਂ ਅਤੇ ਬਿਨਾਂ ਕੋਈ ਪ੍ਰਵਾਨਗੀ ਲਿਆਂ ਵੇਚ ਦਿੱਤੀ।




## 50 ਸਾਲਾਂ ਦੌਰਾਨ ਦੁਨੀਆਂ 'ਚ 14.23 ਕਰੋੜ ਔਰਤਾਂ ਲਾਪਤਾ ਹੋਈਆਂ ਤੇ ਭਾਰਤ ਵਿੱਚ 4.58 ਕਰੋੜ

ਸੰਯੁਕਤ ਰਾਸ਼ਟਰ : ਦੁਨੀਆ ਭਰ ਵਿਚ ਪਿਛਲੇ 50 ਸਾਲ ਵਿਚ ਲਾਪਤਾ ਹੋਈਆਂ 14 ਕਰੋੜ 26 ਲੱਖ ਜਨਾਨੀਆਂ ਵਿਚੋਂ 4 ਕਰੋੜ 58 ਲੱਖ ਜਨਾਨੀਆਂ ਭਾਰਤ ਦੀਆਂ ਹਨ।ਸੰਯੁਕਤ ਰਾਸ਼ਟਰ ਨੇ ਮੰਗਲਵਾਰ ਨੂੰ ਇਕ ਰਿਪੋਰਟ ਵਿਚ ਕਿਹਾ ਕਿ ਲਾਪਤਾ ਜਨਾਨੀਆਂ ਤੇ ਬੱਚੀਆਂ ਦੀ ਗਿਣਤੀ ਚੀਨ ਅਤੇ ਭਾਰਤ ਵਿੱਚ ਸਭ ਤੋਂ ਵੱਧ ਹੈ। ਸੰਯੁਕਤ ਰਾਸ਼ਟਰ ਜਨਸੰਖਿਆ ਫੰਡ (ਯੂ.ਐੱਨ.ਐੱਫ.ਪੀ.ਏ) ਵਲੋਂ ਮੰਗਲਵਾਰ ਨੂੰ ਜਾਰੀ ਕੀਤੀ ਗਈ 'ਗਲੋਬਲ ਅਬਾਦੀ ਸਥਿਤੀ 2020' ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਲਾਪਤਾ ਜਨਾਨੀਆਂ ਦੀ ਗਿਣਤੀ ਪਿਛਲੇ 50 ਸਾਲਾਂ ਵਿਚ ਦੁੱਗਣੀ ਹੋ ਗਈ ਹੈ।ਇਹ ਗਿਣਤੀ 1970 ਵਿਚ 6 ਕਰੋੜ 10 ਲੱਖ ਸੀ ਅਤੇ 2020 ਵਿਚ ਵੱਧ ਕੇ 14 ਕਰੋੜ 26 ਲੱਖ ਹੋ ਗਈ। ਰਿਪੋਰਟ ਮੁਤਾਬਕ 2020 ਤੱਕ ਭਾਰਤ ਵਿੱਚ 4 ਕਰੋੜ 58 ਲੱਖ ਜਨਾਨੀਆਂ ਤੇ ਬੱਚੀਆਂ ਅਤੇ ਚੀਨ ਵਿੱਚ 7 ਕਰੋੜ 23 ਲੱਖ ਜਨਾਨੀਆਂ ਲਾਪਤਾ ਹੋ ਗਈਆਂ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਾਲ 2013 ਤੋਂ 2017 ਵਿਚਕਾਰ ਭਾਰਤ ਵਿਚ ਹਰ ਸਾਲ ਲਗਭਗ 4 ਲੱਖ 60 ਹਜ਼ਾਰ ਕੁੜੀਆਂ ਜਨਮ ਦੇ ਸਮੇਂ ਹੀਲਾਪਤਾ ਹੋ ਜਾਂਦੀਆਂ ਸਨ। ਉਨ੍ਹਾਂ ਕਿਹਾ ਕਿ ਕਈ ਦੇਸ਼ਾਂ ਵਿਚ ਲਿੰਗ ਭੇਦਭਾਵ ਕਾਰਨ ਅਜਿਹਾ ਹੋ ਰਿਹਾ ਹੈ।ਭਾਰਤ ਵਿਚ 50 ਦੀ ਉਮਰ ਤੱਕ ਇਕੱਲੇ ਰਹਿਣ ਵਾਲੇ ਪੁਰਸ਼ਾਂ ਦੇ ਅਨੁਪਾਤ ਵਿਚ 2050 ਦੇ ਬਾਅਦ 10 ਫੀਸਦੀ ਤਕ ਦੇ ਵਾਧੇ ਦਾ ਅਨੁਮਾਨ ਜਤਾਇਆ ਗਿਆ ਹੈ।




## ਗੂਗਲ ਨੇ ਭਾਰਤ 'ਚ ਬੈਨ ਐਪਸ ਨੂੰ ਅਸਥਾਈ ਰੂਪ ਨਾਲ ਬਲਾਕ ਕੀਤਾ




ਨਵੀਂ ਦਿੱਲੀ : ਸਰਕਾਰ ਵਲੋਂ ਇਸ ਹਫ਼ਤੇ 59 ਐਪਸ ਨੂੰ ਬੈਨ ਕੀਤੇ ਜਾਣ ਦੇ ਬਾਵਜੂਦ ਗੂਗਲ ਨੇ ਵੀਰਵਾਰ ਨੂੰ ਕਿਹਾ ਕਿ ਉਸ ਨੇ ਇਨ੍ਹਾਂ ਐਪਸ ਨੂੰ ਅਸਥਾਈ ਰੂਪ ਨਾਲ ਬਲਾਕ ਕੀਤਾ ਹੈ ਅਤੇ ਇਹ ਹਾਲੇ ਵੀ ਭਾਰਤ 'ਚ ਪਲੇਅ ਸਟੋਰ 'ਤੇ ਉਪਲੱਬਧ ਹਨ। ਗੂਗਲ ਦੇ ਇਕ ਬੁਲਾਰੇ ਨੇ ਕਿਹਾ,"ਅਸੀਂ ਭਾਰਤ ਸਰਕਾਰ ਦੇ ਅੰਤਿਮ ਆਦੇਸ਼ਾਂ ਦੀ ਸਮੀਖਿਆ ਕਰ ਰਹੇ ਹਾਂ, ਇਸ ਵਿਚ ਅਸੀਂ ਪ੍ਰਭਾਵਿਤ ਡੈਵਲਪਰਜ਼ ਨੂੰ ਸੂਚਿਤ ਕੀਤਾ ਹੈ ਅਤੇ ਇਨ੍ਹਾਂ ਐਪਸ ਤੱਕ ਪਹੁੰਚ ਨੂੰ ਅਸਥਾਈ ਰੂਪ ਨਾਲ ਬੰਦ ਕਰ ਦਿੱਤਾ ਹੈ, ਜੋ ਭਾਰਤ 'ਚ ਪਲੇਅ ਸਟੋਰ 'ਤੇ ਹਾਲੇ ਵੀ ਉਪਲੱਬਧ ਹਨ।"ਹਾਲਾਂਕਿ ਬੁਲਾਰੇ ਨੇ ਉਨ੍ਹਾਂ ਐਪਸ ਦਾ ਵੇਰਵਾ ਨਹੀਂ ਦਿੱਤਾ, ਜਿਨ੍ਹਾਂ ਨੂੰ ਗੂਗਲ ਨੇ ਬਲਾਕ ਕੀਤਾ ਹੈ।ਸੂਤਰਾਂ ਅਨੁਸਾਰ ਜਿਨ੍ਹਾਂ 59 ਐਪਸ 'ਤੇ ਪਾਬੰਦੀ ਲਗਾਈ ਗਈ ਹੈ, ਉਨ੍ਹਾਂ 'ਚੋਂ ਕਈ ਦੇ ਡਿਵੈਲਪਰਜ਼ ਨੇ ਆਪਣੀ ਮਰਜ਼ੀ ਨਾਲ ਆਪਣੀ ਐਪਲੀਕੇਸ਼ਨ ਨੂੰ ਗੂਗਲ ਪਲੇਅ ਸਟੋਰ ਤੋਂ ਹਟਾ ਲਿਆ ਸੀ।ਭਾਰਤ ਨੇ ਸੋਮਵਾਰ ਨੂੰ ਟਿਕ-ਟਾਕ, ਯੂ.ਸੀ. ਬਰਾਊਜ਼ਰ, ਸ਼ੇਅਰਇਟ ਅਤੇ ਵੀਚੈਟ ਸਮੇਤ ਚੀਨੀ ਨਾਲ ਸੰਬੰਧ ਰੱਖਣ ਵਾਲੀਆਂ 59 ਐਪਸ 'ਤੇ ਪਾਬੰਦੀ ਲਗਾਉਂਦੇ ਹੋਏ ਕਿਹਾ ਕਿ ਇਹ ਐਪ ਦੇਸ਼ ਦੀ ਪ੍ਰਭੂਸੱਤਾ, ਏਕਤਾ ਅਤੇ ਸੁਰੱਖਿਆ ਲਈ ਪੱਖਪਾਤ ਨਾਲ ਪੀੜਤ ਸਨ।

## ਕੋਰੋਨਾ ਦੀ ਦਵਾਈ ਰੇਮਡਿਸੀਵਰ ਦੀ ਕੀਮਤ 1.75 ਲੱਖ ਰੁਪਏ

ਨਿਊਯਾਰਕ : ਗਿਲੀਡ ਸਾਇੰਸਜ਼ ਨੇ ਕਿਹਾ ਹੈ ਕਿ ਉਹ ਕੋਰੋਨਾ ਵਾਇਰਸ ਡਰੱਗ ਰੇਮਡਿਸੀਵਰ ਦੀ ਇਕ ਸ਼ੀਸ਼ੀ ਲਈ ਅਮਰੀਕੀ ਸਰਕਾਰ ਅਤੇ ਹੋਰ ਵਿਕਸਿਤ ਦੇਸ਼ਾਂ ਤੋਂ 390 ਡਾਲਰ ਵਸੂਲ ਕਰੇਗੀ। ਇਸ ਹਿਸਾਬ ਨਾਲ ਇਲਾਜ ਲਈ 5 ਦਿਨਾਂ ਦੇ ਪੂਰੇ ਕੋਰਸ ਦੀ ਕੁਲ ਕੀਮਤ 2,340 ਡਾਲਰ (ਲਗਭਗ 1,75,500 ਰੁਪਏ) ਹੋਵੇਗੀ। ਗਿਲਿਅਡ ਨੇ ਇੱਕ ਬਿਆਨ ਜਾਰੀ ਕਰਕੇ ਇਸ ਬਾਰੇ ਜਾਣਕਾਰੀ ਦਿੱਤੀ।ਕੰਪਨੀ ਨੇ ਕਿਹਾ ਕਿ ਉਹ ਵਿਕਸਤ ਦੇਸ਼ਾਂ ਲਈ ਵਨ ਪ੍ਰਾਈਸ ਮਾਡਲ ਅਪਣਾ ਰਹੀ ਹੈ ਤਾਂ ਜੋ ਹਰੇਕ ਦੇਸ਼ ਲਈ ਕੋਈ ਸੌਦੇਬਾਜ਼ੀ ਨਾ ਕੀਤੀ ਜਾ ਸਕੇ। ਗਿਲੀਡ ਦੇ ਮੁੱਖ ਕਾਰਜਕਾਰੀ ਅਧਿਕਾਰੀ ਡੇਨੀਅਲ ਨੇ ਇਕ ਇੰਟਰਵਿਊ ਵਿਚ ਕਿਹਾ, 'ਅਸੀਂ ਚਾਹੁੰਦੇ ਹਾਂ ਕਿ ਇਹ ਦਵਾਈ ਮਰੀਜ਼ਾਂ ਤੱਕ ਪਹੁੰਚਣ 'ਚ ਕੋਈ ਰੁਕਾਵਟ ਨਾ ਹੋਵੇ। ਇਹ ਕੀਮਤ ਯਕੀਨੀ ਬਣਾਏਗੀ ਕਿ ਦਵਾਈ ਵਿਸ਼ਵ ਭਰ ਦੇ ਸਾਰੇ ਦੇਸ਼ਾਂ ਦੇ ਮਰੀਜ਼ਾਂ ਤੱਕ ਪਹੁੰਚ ਸਕਦੀ ਹੈ'ਪ੍ਰਤੀ ਬੋਤਲ 390 ਡਾਲਰ ਦੀ ਕੀਮਤ ਸਾਰੀਆਂ ਸਰਕਾਰੀ ਇਕਾਈਆਂ ਲਈ ਹੋਵੇਗੀ। ਇਕ ਵਾਰ ਸਪਲਾਈ 'ਤੇ ਦਬਾਅ ਘੱਟ ਹੋ ਜਾਂਦਾ ਹੈ ਤਾਂ ਫਿਰ ਇਹ ਡਰੱਗ ਆਮ ਡਿਸਟ੍ਰੀਬਿਊਸ਼ਨ ਚੈਨਲ ਦੁਆਰਾ ਵੇਚੀ ਜਾ ਸਕੇਗੀ। ਹੋਰ ਨਿਜੀ ਬੀਮਾ ਕੰਪਨੀਆਂ ਅਤੇ ਵਪਾਰੀਆਂ ਲਈ ਇਹ ਭਾਅ ਪ੍ਰਤੀ ਸ਼ੀਸ਼ੀ 520 ਡਾਲਰ ਹੋਵੇਗਾ। ਭਾਵ 5 ਦਿਨਾਂ ਦੇ ਪੂਰੇ ਕੋਰਸ ਲਈ ਕੀਮਤ 3,120 ਡਾਲਰ ਹੋਵੇਗੀ।




## ਅਮਰੀਕਾ 'ਚ ਭਾਰਤਵੰਸ਼ੀ ਆਰਥਿਕ ਸਥਿਰਤਾ ਨੂੰ ਲੈ ਕੇ ਚਿੰਤਤ, ਬਦਲਣ ਲੱਗੇ ਜੀਵਨਸ਼ੈਲੀ

ਵਾਸ਼ਿੰਗਟਨ : ਹਰੇਕ ਪੰਜ ਵਿੱਚੋਂ ਭਾਰਤੀ ਮੂਲ ਦੇ ਦੋ ਅਮਰੀਕੀ ਆਪਣੀ ਲੰਬੀ ਸਮੇਂ ਦੀ ਆਰਥਿਕ ਸਥਿਰਤਾ ਨੂੰ ਲੈ ਕੇ ਚਿੰਤਤ ਹਨ । ਇਹੀ ਕਾਰਨ ਹੈ ਕਿ ਲਗਪਗ ਸਾਰੇ ਲੋਕ ਆਪਣੀ ਜੀਵਨਸ਼ੈਲੀ ਵਿਚ ਬਦਲਾਅ ਕਰ ਰਹੇ ਹਨ । ਕੋਰੋਨਾ ਮਹਾਂਮਾਰੀ ਦੇ ਅਸਰ ਦੇ ਬਾਰੇ ਵਿਚ ਕੀਤੇ ਗਏ ਆਪਣੀ ਤਰ੍ਹਾਂ ਦੇ ਪਹਿਲੇ ਸਰਵੇਖਣ ਵਿਚ ਇਹ ਸਿੱਟਾ ਸਾਹਮਣੇ ਆਇਆ ਹੈ । ਫਾਉਂਡੇਸ਼ਨ ਫਾਰ ਇੰਡੀਆ ਐਂਡ ਇੰਡੀਅਨ ਡਾਇਸਪੋਰਾ ਸਟੱਡੀਜ਼ (ਐੱਫਆਈਆਈਡੀਐੱਸ) ਨੇ ਇਕ ਰਿਪੋਰਟ ਵਿਚ ਕਿਹਾ ਕਿ 30 ਫ਼ੀਸਦੀ ਭਾਰਤਵੰਸ਼ੀਆਂ ਦੀ ਨੌਕਰੀ ਅਤੇ ਇੰਟਰਨਸ਼ਿਪ 'ਤੇ ਆਰਥਿਕ ਅਸਰ ਪਿਆ ਹੈ । ਹਾਲ ਹੀ ਵਿਚ ਕੀਤੇ ਕੋਵਿਡ-19 ਸਰਵੇਖਣ 'ਤੇ ਆਧਾਰਤ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਛੇ ਵਿੱਚੋਂ ਇਕ ਵਿਅਕਤੀ ਕੋਰੋਨਾ ਪ੍ਰਭਾਵਿਤ ਪਾਇਆ ਗਿਆ ਜਾਂ ਭਾਰਤੀ ਭਾਈਚਾਰੇ ਦੇ ਕਿਸੇ ਪਰਿਵਾਰ ਦੇ ਇਕ ਅਜਿਹੇ ਮੈਂਬਰ ਨੂੰ ਜਾਣਦਾ ਹੈ ਜੋ ਕੋਰੋਨਾ ਪ੍ਰਭਾਵਿਤ ਹੈ । ਐੱਫਆਈਆਈਡੀਐੱਸ ਦੇ ਨਿਰਦੇਸ਼ਕ ਖਾਂਡੇਰਾਓ ਕੰਦ ਨੇ ਕਿਹਾ ਕਿ ਐੱਫਆਈਆਈਡੀਐੱਸ ਨੇ ਭਾਰਤੀ ਮੂਲ ਦੇ ਅਮਰੀਕੀ ਭਾਈਚਾਰੇ 'ਤੇ ਕੋਰੋਨਾ ਦੇ ਅਸਰ ਦਾ ਪਤਾ ਲਗਾਉਣ ਲਈ ਸਰਵੇਖਣ ਕੀਤਾ । ਅਮਰੀਕਾ ਵਿਚ ਰਹਿ ਰਹੇ ਭਾਰਤੀ ਮੂਲ ਦੇ ਲੋਕਾਂ 'ਤੇ ਕੋਰੋਨਾ ਵਾਇਰਸ ਵਿਸ਼ਵ ਮਹਾਂਮਾਰੀ ਦੇ ਅਸਰ ਦੇ ਬਾਰੇ ਵਿਚ ਪਤਾ ਲਗਾਉਣ ਲਈ ਇਹ ਆਪਣੀ ਤਰ੍ਹਾਂ ਦਾ ਪਹਿਲਾ ਸਰਵੇਖਣ ਹੈ । ਸਰਵੇਖਣ ਅਨੁਸਾਰ ਭਾਰਤੀ ਮੂਲ ਦੇ ਛੇ ਅਮਰੀਕੀਆਂ ਵਿੱਚੋਂ ਪੰਜ ਦੇ ਪਰਿਵਾਰਕ ਸਬੰਧਾਂ ਵਿਚ ਇਸ ਨਾਲ ਕੋਈ ਬਦਲਾਅ ਜਾਂ ਸਕਾਰਾਤਮਕ ਬਦਲਾਅ ਨਹੀਂ ਆਇਆ ਜਦਕਿ ਚਾਰ ਵਿੱਚੋਂ ਇਕ ਭਾਰਤੀ ਨੂੰ ਤਣਾਅ ਮਹਿਸੂਸ ਹੋਇਆ ਹੈ । ਲਗਪਗ ਹਰ ਭਾਰਤੀ ਮੂਲ ਦਾ ਅਮਰੀਕੀ ਆਪਣੀ ਜੀਵਨਸ਼ੈਲੀ ਬਦਲ ਰਿਹਾ ਹੈ। ਦੱਸਣਯੋਗ ਹੈ ਕਿ ਕੋਰੋਨਾ ਮਹਾਂਮਾਰੀ ਨੇ ਦੁਨੀਆ ਭਰ ਵਿਚ ਜਿੱਥੇ ਇਕ ਕਰੋੜ ਤੋਂ ਜ਼ਿਆਦਾ ਲੋਕ ਪ੍ਰਭਾਵਿਤ ਹਨ ਉੱਥੇ ਹੋਣ ਵਾਲੀਆਂ ਮੌਤਾਂ ਦਾ ਅੰਕੜਾ ਵੀ ਪੰਜ ਲੱਖ ਦੇ ਕਰੀਬ ਪੁੱਜਣ ਵਾਲਾ ਹੈ।

## ਫਰਾਂਸ ਵਿੱਚ ਪਹਿਲਾ ਸਿੱਖ ਡਿਪਟੀ ਮੇਅਰ ਚੁਣਿਆ

ਪੈਰਿਸ : ਫਰਾਂਸ ਦੇ ਇਤਿਹਾਸ ਵਿੱਚ ਪਹਿਲੀ ਵਾਰੀ ਦਸਤਾਰ ਧਾਰੀ ਸਿੱਖ ਮਿਊਂਸੀਪੈਲਿਟੀ ਦੀਆਂ ਹੋਈਆਂ ਚੋਣਾ ਵਿੱਚ ਡਿਪਟੀ ਮੇਅਰ ਚੁਣਿਆ ਗਿਆ ਹੈ ।ਬੋਬੀਨੀ ਸ਼ਹਿਰ ਤੋਂ ਚੋਣ ਜਿਤਿਆ ਨੌਜੁਆਨ ਰਣਜੀਤ ਸਿੰਘ ਗੁਰਾਇਆ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਸੇਖਾ ਨਾਲ ਸਬੰਧ ਰੱਖਦਾ ਹੈ ਅਤੇ ਸ਼ਰੋਮਣੀ ਅਕਾਲੀ ਦਲ ਮਾਨ ਦੇ ਯੂਰਪ ਪ੍ਰਧਾਨ ਭਾਈ ਚੈਨ ਸਿੰਘ ਦਾ ਬੇਟਾ ਹੈ । ਰਣਜੀਤ ਸਿੰਘ ਗੁਰਾਇਆ ਨੂੰ 2004 ਵਿੱਚ ਸਿੱਖ ਹੋਣ ਕਾਰਨ ਉਸਨੂੰ ਸਕੂਲ ਤੋਂ ਬਾਹਰ ਕੱਢ ਦਿੱਤਾ ਗਿਆ ਸੀ ਪਰ ਅੱਜ ਲੋਕਾਂ ਦੇ ਪਿਆਰ ਦੀ ਬਦੌਲਤ ਉਹ ਇਸ ਅਹੁਦੇ ਤੱਕ ਪਹੁੰਚਿਆ ਹੈ ।ਰਣਜੀਤ ਸਿੰਘ ਨੇ ਸੋਬਨ ਯੂਨੀਵਰਿਸਟੀ ਤੋਂ ਕਾਨੂੰਨ ਵਿਸ਼ੇ ਵਿੱਚ ਮਾਸ਼ਟਰਜ ਡਿਗਰੀ ਦੀ ਪੜਾਈ ਕੀਤੀ ਹੋਈ ਹੈ ਅਤੇ ਸਿਖਸ ਦਾ ਫਰਾਂਸ ਸੰਸਥਾ ਦਾ ਪ੍ਰਧਾਨ ਹੈ, ਜਿਸ ਨੇ ਫਰਾਂਸ ਵਿੱਚ ਮਹਾਰਾਜ ਰਣਜੀਤ ਸਿੰਘ ਦਾ ਬੁੱਤ ਸਥਾਪਿਤ ਕਰਨ ਵਿੱਚ ਵੀ ਅਹਿਮ ਭੁਮਿਕਾ ਨਿਭਾਈ ਸੀ ।

## ਕੋਰੋਨਾ ਨੇ ਫਿਰ ਤੋੜਿਆ ਰਿਕਾਰਡ, ਇੱਕੋ ਦਿਨ 2,00000 ਤੋਂ ਵੱਧ ਨਵੇਂ ਕੇਸ

ਨਿਊਯਾਰਕ : ਨਵੀਂ ਦਿੱਲੀ: ਕੋਰੋਨਾਵਾਇਰਸ ਸੰਕਰਮਣ ਦੀ ਗਿਣਤੀ ਪੂਰੀ ਦੁਨੀਆ ਵਿੱਚ ਭਿਆਨਕ ਰੂਪ ਲੈ ਰਹੀ ਹੈ। ਅੱਜ ਕੋਰੋਨਾ ਸੰਕਰਮਣ ਨਾਲ ਕੱਲ੍ਹ ਦੇ ਰਿਕਾਰਡ ਟੁੱਟ ਗਏ। ਕੱਲ੍ਹ ਦੁਨੀਆ ਭਰ ਵਿੱਚ 1.97 ਲੱਖ ਨਵੇਂ ਕੋਰੋਨਾ ਮਰੀਜ਼ ਸੀ। ਅੱਜ ਦੋ ਲੱਖ ਤੋਂ ਵੱਧ ਨਵੇਂ ਮਰੀਜ਼ ਸਾਹਮਣੇ ਆਏ ਹਨ। ਇਹ ਪਹਿਲੀ ਵਾਰ ਹੈ ਜਦੋਂ ਇੱਕੋ ਦਿਨ ਸਭ ਤੋਂ ਵੱਧ ਕੇਸ ਦਰਜ ਕੀਤੇ ਗਏ ਹਨ। ਵਰਲਡਮੀਟਰ ਮੁਤਾਬਕ, ਪਿਛਲੇ 24 ਘੰਟਿਆਂ ਵਿੱਚ ਦੁਨੀਆ ਵਿੱਚ ਦੋ ਲੱਖ 5 ਹਜ਼ਾਰ 162 ਮਾਮਲੇ ਸਾਹਮਣੇ ਆਏ ਹਨ। ਇਹ ਇੱਕ ਦਿਨ ਵਿੱਚ ਹੁਣ ਤੱਕ ਦੀ ਸਭ ਤੋਂ ਵੱਡੀ ਗਿਣਤੀ ਹੈ। ਇਸ ਦੇ ਨਾਲ ਹੀ ਵਿਸ਼ਵ ਭਰ ਵਿੱਚ ਇੱਕ ਕਰੋੜ 9 ਲੱਖ 70 ਹਜ਼ਾਰ ਲੋਕ ਕੋਰੋਨਾ ਸੰਕਰਮਿਤ ਹੋਏ ਹਨ, ਜਦਕਿ ਮੌਤਾਂ ਦੀ ਗਿਣਤੀ ਪੰਜ ਲੱਖ 23 ਹਜ਼ਾਰ ਨੂੰ ਪਾਰ ਕਰ ਗਈ ਹੈ।

# ਵੈਸਟ ਸੈਕਰਾਮੈਂਟੋ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰ ਅਤੇ ਉਘੇ ਪੰਜਾਬੀ ਕਾਰੋਬਾਰੀ ਦਰਸ਼ਨ ਮੁੰਡੀ 'ਤੇ ਲੱਗੇ ਆਪਣੇ ਕਾਮਿਆਂ ਦਾ ਠੱਗੀ ਮਾਰਨ ਦੇ ਦੋਸ਼






ਕੈਲੀਫੋਰਨੀਆ : ਪੰਜਾਬੀ ਭਾਈਚਾਰੇ ਵਿਚ ਉਸ ਵੇਲੇ ਵੱਡੀ ਹਲਚਲ ਮਚ ਗਈ ਜਦੋਂ ਪ੍ਰਸਿੱਧ ਪੰਜਾਬੀ ਕਾਰੋਬਾਰੀ ਦਰਸ਼ਨ ਮੁੰਡੀ ਉੂਪਰ ਆਪਣੈ ਕਾਮਿਆਂ ਦਾ ਸੋਸ਼ਣ ਕਰਨ ਦੇ ਦੋਸ਼ ਲੱਗ ਗਏ। ਲੇਬਰ ਡਿਪਾਰਟਮੇਂਟ ਦੇ ਵੇਜ ਐਂਡ ਆਵਰ ਮੈਨੇਜਮੈਂਟ ਵਿੰਗ ਵੱਲੋਂ ਕੀਤੀ ਗਈ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਦਰਸ਼ਨ ਸਿੰਘ ਮੁੰਡੀ ਨੇ ਫੇਅਰ ਲੈਬਰ ਸਟੈਂਡਰਡ ਐਕਟ ਦੀ ਉਲੰਘਣਾ ਕੀਤੀ ਹੈ। ਵੇਜ ਐਂਡ ਆਵਰ ਮੈਨੇਜਮੈਂਟ ਦੇ ਡਿਸਟ੍ਰਿਕਟ ਡਾਇਰੈਕਟਰ ਬ੍ਰਾਂਡਨ ਨਿਊਸ ਨੇ ਦੱਸਿਆ ਕਿ ਦਰਸ਼ਨ ਸਿੰਘ ਮੁੰਡੀ ਨੇ ਆਪਣੇ 105 ਕਾਮਿਆਂ ਨਾਲ ਘੱਟੋ ਘੱਟ ਉਜਰ ਅਤੇ ਓਵਰਨਟਾਈਮ ਸਬੰਧੀ ਧੋਖਾਧੜੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਸ ਕਾਰੋਬਾਰੀ ਨੇ ਆਪਣੇ ਕਾਮਿਆਂ ਨਾਲ ਧੋਖਾਧੜੀ ਕਰਨ ਲਈ ਕਈ ਗੈਰ ਕਾਨੂੰਨੀ ਸਕੀਮਾਂ ਘਟੀਆਂ ਜਿਸ ਕਾਰਨ ਕਾਮਿਆਂ ਦਾ ਸ਼ੋਸ਼ਣ ਹੋਇਆ। ਉਸਨੇ ਕੰਮ ਦੇ ਘੰਟਿਆਂ ਵਿਗਚ ਓਵਰਟਾਈਮ ਦਿਖਾਉਣ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਦੀ ਬਣਦੀ ਉਜਰਤ ਵਿਚੋਂ ਵੀ ਕਟੌਤੀ ਕੀਤੀ। ਇਥੇ ਹੀ ਬੱਸ ਨਹੀਂ ਉੂਸਨੇ ਟ੍ਰੇਨਿੰਗ ਆਵਰਜ਼ ਵਿਚ ਵੀ ਹੇਰਾਫੇਰੀ ਕੀਤੀ ਹੈ। ਦੂਜੇ ਪਾਸੇ ਦੱਸਿਆ ਜਾ ਰਿਹਾ ਹੈ ਕਿ ਦਰਸ਼ਨ ਸਿੰਘ ਮੁੰਡੀ ਨੇਆਪਣੀ ਗਲਤੀ ਸਵੀਕਾਰ ਕਰ ਲਈ ਹੈ ਅਤੇ ਉਸਨੇ ਆਪਣੇ ਕਾਮਿਆਂ ਦੀ ਬਣਦੀ ਉਜਰਾਤ ਦੇ 3 ਲੱਖ ਡਾਲਰ ਤੋਂ ਵੱਧ ਦੀ ਰਕਮ ਅਦਾ ਕਰ ਦਿੱਤੀ ਅਤੇ ਲਗਭਗ 45 ਹਜ਼ਾਰ ਡਾਲਰ ਦਾ ਜੁਰਮਾਨਾ ਵੀ ਭਰਿਆ ਹੈ। ਅਧਿਕਾਰੀ ਬ੍ਰਾਂਡਨ ਨਿਊਸ ਨੇ ਕਿਹਾ ਕਿ ਉਹ ਲੇਬਰ ਦੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਹਮੇਸ਼ਾਂ ਹੀ ਤਤਪਰ ਰਹਿੰਦੇ ਹਨ ਅਤੇ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਕਿਸੇ ਵੀ ਕੰਮੇ ਨਾਲ ਕੋਈ ਧੋਖਾ ਨਾ ਹੋਣ ਦੇਣ। ਇਹ ਵੀ ਪਤਾ ਲੱਗਿਆ ਹੈ ਕਿ ਦਰਸ਼ਨ ਸਿੰਘ ਮੁੰਡੀ ਨੇ ਇੱਕ ਐਗਰੀਮੈਂਟ ਉੂਪਰ ਵੀ ਦਸਤਖ਼ਤ ਕੀਤੇ ਹਨ ਜਿਸ ਵਿਚ ਉਸਨੇ ਆਪਣੇ ਸਾਰੇ ਕਾਰੋਬਾਰਾਂ ਉਪਰ ਬਾਓਿਮੈਟਿਕ ਟਾਈਮ ਕੀਪਿੰਗ ਸਿਸਟਮ ਲਗਾਉਣ ਅਤੇ ਫੇਅਰ ਲੇਬਰ ਸਟੈਂਡਰਡ ਐਕਟ ਸਬੰਧੀ ਸਾਰੇ ਕਾਮਿਆਂ ਨੂੰ ਜਾਣਕਾਰੀ ਦੇਣ ਦਾ ਵਾਅਦਾ ਕੀਤਾ ਹੈ। ਇਸ ਘਟਨਾ ਦੀ ਪੰਜਾਬੀ ਹਲਕਿਆਂ ਵਿਚ ਪੂਰੀ ਚਰਚਾ ਹੈ ਅਤੇ ਹਰ ਕੋਈ ਇਸ ਦੀ ਸੱਚਾਈ ਜਾਣਨ ਬਾਰੇ ਇੱਕ ਦੂਜ ਨੂੰ ਫੋਨ ਕਰਕੇ ਪੁਛ ਰਿਹਾ ਹੈ।

## ਮੈਡੀਕਲ ਐਮਰਜੈਂਸੀ ਵਾਲੇ ਭਾਰਤੀਆਂ ਨੂੰ ਜਲਦੀ ਵੀਜ਼ਾ ਦੇਵੇ ਅਮਰੀਕਾ

ਨਿਊਯਾਰਕ: ਅਮਰੀਕਾ ਦੇ ਇਕ ਸਮਾਜਿਕ ਕਾਰਜਕਰਤਾ ਨੇ ਭਾਰਤੀ ਅਧਿਕਾਰੀਆਂ ਨੂੰ ਭਾਰਤੀ ਮੂਲ ਦੇ ਉਨ੍ਹਾਂ ਲੋਕਾਂ ਨੂੰ ਦੇਸ਼ ਜਾਣ ਦੀ ਇਜਾਜ਼ਤ ਦੇਣ ਦੀ ਪ੍ਰਕਿਰਿਆ ਤੇਜ਼ੀ ਨਾਲ ਸ਼ੁਰੂ ਕਰਨ ਦੀ ਅਪੀਲ ਕੀਤੀ ਹੈ, ਜਿਨ੍ਹਾਂ ਕੋਲ ਅਮਰੀਕੀ ਪਾਸਪੋਰਟ ਤਾਂ ਹੈ ਪਰ ਓ. ਸੀ. ਆਈ. ਕਾਰਡ ਨਹੀਂ ਹੈ ਤੇ ਉਨ੍ਹਾਂ ਦਾ ਪਰਿਵਾਰ ਉੱਥੇ ਕਿਸੇ ਤਰ੍ਹਾਂ ਦੀ ਮੈਡੀਕਲ ਐਮਰਜੈਂਸੀ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ । ਜੈਪੁਰ ਫੁਟ ਅਮਰੀਕਾ ਦੇ ਮੁਖੀ ਪ੍ਰੇਮ ਭੰਡਾਰੀ ਨੇ ਇਸ ਸਬੰਧ ਵਿਚ ਗ੍ਰਹਿ ਸਕੱਤਰ ਅਜੈ ਭੱਲਾ ਨੂੰ ਪੱਤਰ ਲਿਖਿਆ ਹੈ । ਭੰਡਾਰੀ ਨੇ ਕਿਹਾ ਕਿ ਅਮਰੀਕਾ ਵਿਚ ਫਸੇ ਭਾਰਤੀਆਂ ਨੂੰ ਜਲਦੀ ਵਾਪਸ ਦੇਸ਼ ਭੇਜਿਆ ਜਾਣਾ ਚਾਹੀਦਾ ਹੈ । ਭੰਡਾਰੀ ਨੇ ਕਿਹਾ ਕਿ ਬਹੁਤੇ ਲੋਕ ਅਜਿਹੇ ਹਨ, ਜਿਨ੍ਹਾਂ ਦੇ ਪਰਿਵਾਰ ਵਾਲੇ ਕਿਸੇ ਨਾ ਕਿਸੇ ਗੰਭੀਰ ਬੀਮਾਰੀ ਨਾਲ ਜੂਝ ਰਹੇ ਹਨ ਤੇ ਉਹ ਉਨ੍ਹਾਂ ਨੂੰ ਜਲਦੀ ਮਿਲਣਾ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਦੀ ਹਾਲਤ ਦੇਖ ਕੇ ਲੱਗਦਾ ਹੈ ਕਿ ਉਹ ਸ਼ਾਇਦ ਆਖਰੀ ਵਾਰ ਹੀ ਆਪਣੇ ਪਿਆਰਿਆਂ ਨੂੰ ਦੇਖ ਸਕਣ । ਉਨ੍ਹਾਂ ਕਿਹਾ ਏਅਰਲਾਈਨਾਂ ਵਿਚ ਵੀ ਭਾਰਤੀ ਮੂਲ ਦੇ ਲੋਕਾਂ ਨੂੰ ਸੀਟ ਦੇਣ ਲਈ ਪਹਿਲ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ।

## ਟਰੰਪ ਨੂੰ ਅਫ਼ਗਾਨਿਸਤਾਨ ਦੇ ਸਿੱਖਾਂ ਤੇ ਹਿੰਦੂਆਂ ਨੂੰ ਸ਼ਰਨ ਦੇਣ ਦੀ ਅਪੀਲ

ਵਾਸ਼ਿੰਗਟਨ : ਅਮਰੀਕਾ ਦੇ 20 ਐੱਮਪੀਜ਼ ਨੇ ਟਰੰਪ ਪ੍ਰਸ਼ਾਸਨ ਤੋਂ ਅਫ਼ਗਾਨਿਸਤਾਨ ਵਿਚ ਅੱਤਿਆਚਾਰਾਂ ਦਾ ਸਾਹਮਣਾ ਕਰ ਰਹੇ ਸਿੱਖਾਂ ਅਤੇ ਹਿੰਦੂਆਂ ਨੂੰ ਹੰਗਾਮੀ ਸ਼ਰਨਾਰਥੀ ਸੁਰੱਖਿਆ ਦੇਣ ਦੀ ਅਪੀਲ ਕੀਤੀ ਹੈ। ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੂੰ ਲਿਖੇ ਪੱਤਰ ਵਿਚ ਇਨ੍ਹਾਂ ਐੱਮਪੀਜ਼ ਨੇ ਵਿਦੇਸ਼ ਵਿਭਾਗ ਤੋਂ ਅਫ਼ਗਾਨਿਸਤਾਨ ਦੇ ਸਿੱਖਾਂ ਅਤੇ ਹਿੰਦੂ ਭਾਈਚਾਰੇ ਦੇ ਲੋਕਾਂ ਨੂੰ 'ਯੂਐੱਸ ਰਫਿਊਜ਼ੀ ਐਡਮਿਸ਼ਨਜ਼ ਪ੍ਰੋਗਰਾਮ' ਤਹਿਤ ਸ਼ਰਨ ਦੇਣ ਦੀ ਅਪੀਲ ਕੀਤੀ ਹੈ। ਇਨ੍ਹਾਂ 20 ਐੱਮਪੀਜ਼ ਨੇ ਕਿਹਾ ਹੈ ਕਿ ਅਫ਼ਗਾਨਿਸਤਾਨ ਵਿਚ ਤਾਲਿਬਾਨ ਦੇ ਅੱਤਿਆਚਾਰਾਂ ਅਤੇ ਆਈਐੱਸ-ਖੁਰਾਸਾਨ ਦੇ ਹਾਲ ਹੀ ਦੇ ਅੱਤਵਾਦੀ ਹਮਲਿਆਂ ਕਾਰਨ ਸਿੱਖਾਂ ਅਤੇ ਹਿੰਦੂਆਂ ਦੀ ਆਬਾਦੀ ਵਿਚ ਗਿਰਾਵਟ ਆਈ ਹੈ। ਐੱਮਪੀਜ਼ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਨੇ ਹਮੇਸ਼ਾ ਧਾਰਮਿਕ ਆਜ਼ਾਦੀ ਦੀ ਰੱਖਿਆ ਨੂੰ ਵਿਦੇਸ਼ੀ ਨੀਤੀ ਦੀ ਤਰਜੀਹ ਦੱਸਿਆ ਹੈ। ਅਫ਼ਗਾਨਿਸਤਾਨ ਵਿਚ ਸਿੱਖ ਅਤੇ ਹਿੰਦੂ ਭਾਈਚਾਰਿਆਂ ਨੂੰ ਆਪਣੇ ਧਰਮ ਦੇ ਕਾਰਨ ਆਈਐੱਸ-ਖੁਰਾਸਾਨ ਤੋਂ ਖ਼ਤਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਧਾਰਮਿਕ ਆਜ਼ਾਦੀ ਦੀ ਰੱਖਿਆ ਕਰਨ ਲਈ ਅਸੀਂ ਇਨ੍ਹਾਂ ਅੱਤਿਆਚਾਰ ਤੋਂ ਪ੍ਰਭਾਵਿਤ ਧਾਰਮਿਕ ਘੱਟ ਗਿਣਤੀਆਂ ਦੀ ਰੱਖਿਆ ਲਈ ਤੁਹਾਨੂੰ ਜ਼ਰੂਰੀ ਕਦਮ ਚੁੱਕਣ ਦੀ ਅਪੀਲ ਕਰਦੇ ਹਾਂ। ਦੱਸਣਯੋਗ ਹੈ ਕਿ ਪਿਛਲੀ ਸ਼ਤਾਬਦੀ ਦੇ ਅੱਠਵੇਂ ਦਹਾਕੇ ਵਿਚ ਅਫ਼ਗਾਨਿਸਤਾਨ ਵਿਚ ਸਿੱਖਾਂ ਅਤੇ ਹਿੰਦੂਆਂ ਦੀ ਆਬਾਦੀ ਲਗਪਗ ਢਾਈ ਲੱਖ ਸੀ ਪ੍ਰੰਤੂ ਹੁਣ ਇਹ ਘੱਟ ਕੇ ਲਗਪਗ ਇਕ ਹਜ਼ਾਰ ਰਹਿ ਗਈ ਹੈ।

## ਚੀਨ ਦੀ ਕਮਿਊਨਿਸਟ ਪਾਰਟੀ ਦੇ ਅਹੁਦੇਦਾਰਾਂ ਦੇ ਵੀਜ਼ੇ 'ਤੇ ਰੋਕ

ਵਾਸ਼ਿੰਗਟਨ : ਹਾਂਗਕਾਂਗ ਦੇ ਮੁੱਦੇ 'ਤੇ ਅਮਰੀਕਾ ਖੁੱਲ੍ਹ ਕੇ ਚੀਨ ਦੇ ਵਿਰੋਧ ਵਿਚ ਆ ਗਿਆ ਹੈ। ਅਮਰੀਕਾ ਨੇ ਚੀਨ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ (ਸੀਸੀਪੀ) ਦੇ ਅਹੁਦੇਦਾਰਾਂ ਨੂੰ ਵੀਜ਼ਾ ਨਾ ਦੇਣ ਦਾ ਫ਼ੈਸਲਾ ਕੀਤਾ ਹੈ। ਵੀਜ਼ਾ ਪਾਬੰਦੀਆਂ ਦੇ ਦਾਇਰੇ ਵਿਚ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਵੀ ਆ ਸਕਦੇ ਹਨ। ਇਹ ਕਾਰਵਾਈ ਹਾਂਗਕਾਂਗ ਦੀ ਖ਼ੁਦਮੁਖ਼ਤਾਰੀ, ਮੌਲਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੇ ਉਲੰਘਣ ਦੇ ਵਿਰੋਧ ਵਿਚ ਚੁੱਕਿਆ ਗਿਆ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਕਿਹਾ ਕਿ ਉਹ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਆਦੇਸ਼ ਦਾ ਐਲਾਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੈਂ ਸੀਸੀਪੀ ਦੇ ਮੌਜੂਦਾ ਅਤੇ ਸਾਬਕਾ ਅਹੁਦੇਦਾਰਾਂ 'ਤੇ ਵੀਜ਼ਾ ਪਾਬੰਦੀ ਲਗਾਉਣ ਦਾ ਐਲਾਨ ਕਰ ਰਿਹਾ ਹਾਂ ਜੋ ਹਾਂਗਕਾਂਗ ਦੀ ਖ਼ੁਦਮੁਖ਼ਤਾਰੀ ਘੱਟ ਕਰਨ ਲਈ ਜ਼ਿੰਮੇਵਾਰ ਹੈ, ਜਿਸ ਦੀ 1984 ਵਿਚ ਚੀਨ-ਬ੍ਰਿਟੇਨ ਦੇ ਸਾਂਝੇ ਐਲਾਨ ਨਾਮੇ ਵਿਚ ਗਾਰੰਟੀ ਦਿੱਤੀ ਗਈ ਸੀ। ਪ੍ਰੈੱਸ ਕਾਨਫਰੰਸ ਦੌਰਾਨ ਪੌਂਪੀਓ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਨੇ ਹਾਂਗਕਾਂਗ ਦੀ ਆਜ਼ਾਦੀ ਨੂੰ ਖ਼ਤਮ ਕਰਨ ਲਈ ਜ਼ਿੰਮੇਵਾਰ ਸੀਸੀਪੀ ਦੇ ਅਹੁਦੇਦਾਰਾਂ ਨੂੰ ਸਜ਼ਾ ਦੇਣ ਦਾ ਵਾਅਦਾ ਕੀਤਾ ਸੀ। ਅੱਜ, ਅਸੀਂ ਉਸੇ ਦਿਸ਼ਾ ਵਿਚ ਕਾਰਵਾਈ ਕਰ ਰਹੇ ਹਾਂ।

## ਨਿਊ ਮੈਕਸੀਕੋ 'ਚ ਸਿੱਖ ਵਿਅਕਤੀ ਦੇ ਰੈਸਤਰਾਂ 'ਚ ਤੋੜਭੰਨ, ਕੰਧਾਂ 'ਤੇ ਲਿਖੇ ਨਫ਼ਰਤ ਭਰੇ ਸੰਦੇਸ਼



ਵਾਸ਼ਿੰਗਟਨ : ਨਿਊ ਮੈਕਸੀਕੋ ਦੇ ਸਾਂਤਾ ਫੇ ਸਿਟੀ 'ਚ ਇਕ ਸਿੱਖ ਵਿਅਕਤੀ ਦੇ ਰੈਸਤਰਾਂ 'ਚ ਤੋੜਭੰਨ ਦੀ ਘਟਨਾ ਸਾਹਮਣੇ ਆਈ ਹੈ। ਰੈਸਤਰਾਂ ਦੀਆਂ ਕੰਧਾਂ 'ਤੇ ਨਫ਼ਰਤ ਭਰੇ ਸੰਦੇਸ਼ ਲਿਖ ਦਿੱਤੇ ਗਏ ਹਨ। ਰੈਸਤਰਾਂ ਦੇ ਮਾਲਕ ਬਲਜੀਤ ਸਿੰਘ ਇਸ ਘਟਨਾ ਤੋਂ ਬੇਹੱਦ ਪਰੇਸ਼ਾਨ ਹਨ। ਪੂਰਾ ਰੈਸਤਰਾਂ ਬਰਬਾਦ ਕਰ ਦਿੱਤਾ ਗਿਆ ਹੈ। ਖ਼ਬਰਾਂ ਮੁਤਾਬਿਕ ਇੰਡੀਅਨ ਪੈਲੇਸ ਨਾਂ ਦੇ ਰੈਸਤਰਾਂ ਨੂੰ ਲਗਪਗ ਇਕ ਲੱਖ ਡਾਲਰ ਦਾ ਨੁਕਸਾਨ ਹੋਇਆ ਹੈ। ਸਥਾਨਕ ਪੁਲਿਸ ਤੇ ਐੱਫਬੀਆਈ ਮਾਮਲੇ ਦੀ ਜਾਂਚ 'ਚ ਜੁੱਟ ਗਈ ਹੈ, ਉੱਥੇ ਹੀ ਸਿੱਖ ਅਮਰੀਕੀ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ (ਐੱਸਏਐੱਲਡੀਈਐੱਫ) ਨੇ ਇਸ ਘਟਨਾ ਦੀ ਨਿਖੇਧੀ ਕੀਤੀ ਹੈ। ਐੱਸਏਐੱਲਡੀਈਐੱਫ ਦੀ ਕਾਰਜਕਾਰੀ ਡਾਇਰੈਕਟਰ ਕਿਰਨ ਕੌਰ ਗਿੱਲ ਨੇ ਦੱਸਿਆ, 'ਅਜਿਹੀ ਨਫ਼ਰਤ ਤੇ ਹਿੰਸਾ ਸਵੀਕਾਰਯੋਗ ਨਹੀਂ ਹੈ। ਸਾਰੇ ਅਮਰੀਕੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਤਤਕਾਲ ਕਾਰਵਾਈ ਕਰਨੀ ਚਾਹੀਦੀ ਹੈ। ਜੇਕਰ ਅਜਿਹਾ ਨਹੀਂ ਹੁੰਦਾ ਹੈ ਤਾਂ ਲੋਕਾਂ 'ਚ ਡਰ ਪੈਦਾ ਹੋਵੇਗਾ।' ਸਥਾਨਕ ਅਖ਼ਬਾਰ ਮੁਤਾਬਿਕ, ਰੈਸਤਰਾਂ ਦੀਆਂ ਮੇਜ਼ਾਂ ਨੂੰ ਪਲਟ ਦਿੱਤਾ ਗਿਆ, ਕੱਚ ਦੇ ਬਰਤਨਾਂ ਨੂੰ ਤੋੜ ਦਿੱਤਾ ਗਿਆ ਹੈ। ਸ਼ਰਾਬ ਦੇ ਰੈਕ ਖ਼ਾਲੀ ਕਰ ਦਿੱਤੇ ਗਏ। ਇਕ ਦੇਵੀ ਦੀ ਮੂਰਤੀ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ। ਘਟਨਾ ਨੂੰ ਅੰਜਾਮ ਦੇਣ ਵਾਲੇ ਰੈਸਤਰਾਂ ਦਾ ਕੰਪਿਊਟਰ ਵੀ ਚੋਰੀ ਕਰ ਕੇ ਲੈ ਗਏ। ਬਲਜੀਤ ਸਿੰਘ ਨੇ ਦੱਸਿਆ ਕਿ ਜਦੋਂ ਉਨ੍ਹਾਂ ਰੈਸਤਰਾਂ ਦਾ ਹਾਲ ਦੇਖਿਆ ਤਾਂ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਨ੍ਹਾਂ ਕਿਹਾ, 'ਰੈਸਤਰਾਂ ਦੀ ਰਸੋਈ 'ਚ ਗਿਆ ਤਾਂ ਸਭ ਕੁਝ ਦੇਖਿਆ ਤੇ ਮੈਨੂੰ ਲੱਗਾ ਕਿ ਇਹ ਕੀ ਹੋ ਗਿਆ ਇੱਥੇ ਕੀ ਚੱਲ ਰਿਹਾ ਹੈ।

## ਅਮਰੀਕੀਆਂ ਨੂੰ ਨੌਕਰੀ ਦੇਣ ਲਈ ਅਜਿਹਾ ਕਰਨਾ ਜ਼ਰੂਰੀ ਸੀ : ਡੋਨਾਲਡ ਟਰੰਪ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਲ ਦੇ ਅੰਤ ਤਕ ਗ੍ਰੀਨ ਕਾਰਡ ਜਾਰੀ ਕਰਨ ਦੀ ਪ੍ਰਕਿਰਿਆ 'ਤੇ ਰੋਕ ਲਾਉਣ ਦੇ ਆਪਣੇ ਫ਼ੈਸਲੇ ਦਾ ਬਚਾਅ ਕੀਤਾ ਹੈ। ਉਨ੍ਹਾਂ ਕਿਹਾ ਕਿ ਅਮਰੀਕੀਆਂ ਨੂੰ ਨੌਕਰੀ ਦੇਣ ਲਈ ਅਜਿਹਾ ਕਰਨਾ ਜ਼ਰੂਰੀ ਸੀ। ਦੱਸ ਦਈਏ ਕਿ ਟਰੰਪ ਨੇ ਅਪ੍ਰੈਲ ਵਿਚ ਇਕ ਆਦੇਸ਼ ਰਾਹੀਂ ਗ੍ਰੀਨ ਕਾਰਡ ਜਾਰੀ ਕਰਨ 'ਤੇ 90 ਦਿਨਾਂ ਦੀ ਰੋਕ ਲਗਾ ਦਿੱਤੀ। ਸੋਮਵਾਰ ਨੂੰ ਇਸ ਸਬੰਧ ਵਿਚ ਇਕ ਨੋਟੀਫਿਕੇਸ਼ਨ ਜਾਰੀ ਕਰਦੇ ਹੋਏ ਇਸ ਮੁਅੱਤਲੀ ਦੀ ਮਿਆਦ 31 ਦਸੰਬਰ 2020 ਤਕ ਵਧਾ ਦਿੱਤੀ ਗਈ। ਟਰੰਪ ਤੋਂ ਜਦੋਂ ਗ੍ਰੀਨ ਕਾਰਡ ਮੁਅੱਤਲੀ ਦੇ ਆਦੇਸ਼ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਮੰਗਲਵਾਰ ਨੂੰ ਸੈਨ ਲੂਈਸ, ਐਰੀਜੋਨਾ ਵਿਚ ਪੱਤਰਕਾਰਾਂ ਨੂੰ ਕਿਹਾ, ਫ਼ਿਲਹਾਲ ਸਾਡਾ ਧਿਆਨ ਅਮਰੀਕੀਆਂ ਨੂੰ ਨੌਕਰੀ ਦੇਣ 'ਤੇ ਹੈ। ਹਾਲੇ ਅਸੀਂ ਚਾਹੁੰਦੇ ਹਾਂ ਕਿ ਨੌਕਰੀਆਂ ਅਮਰੀਕੀਆਂ ਨੂੰ ਮਿਲਣ। ਤਿੰਨ ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿਚ ਦੁਬਾਰਾ ਕਿਸਮਤ ਅਜ਼ਮਾ ਰਹੇ ਰਾਸ਼ਟਰਪਤੀ ਟਰੰਪ ਨੇ ਸੋਮਵਾਰ ਨੂੰ ਕਿਹਾ ਸੀ ਕਿ ਕੋਰੋਨਾ ਮਹਾਮਾਰੀ ਵਿਚਾਲੇ ਆਰਥਿਕ ਸੰਕਟ ਦੇ ਕਾਰਨ ਨੌਕਰੀਆਂ ਗਵਾਉਣ ਵਾਲੇ ਲੱਖਾਂ ਅਮਰੀਕੀਆਂ ਦੀ ਮਦਦ ਕਰਨ ਲਈ ਇਹ ਕਦਮ ਲਾਜ਼ਮੀ ਸੀ। ਟਰੰਪ ਨੇ ਕਿਹਾ ਕਿ ਦੇਸ਼ ਵਿਚ ਕੁੱਲ ਬੇਰੁਜ਼ਗਾਰੀ ਦਰ ਫਰਵਰੀ ਅਤੇ ਮਈ 2020 ਵਿਚ ਲਗਪਗ ਚਾਰ ਗੁਣਾ ਹੋ ਗਈ। ਅਮਰੀਕਾ ਹਰ ਸਾਲ 1 ਲੱਖ 40 ਹਜ਼ਾਰ ਗਰੀਨ ਕਾਰਡ ਜਾਰੀ ਕਰਦਾ ਹੈ। ਹਾਲੇ ਅਮਰੀਕਾ ਵਿਚ ਕਾਨੂੰਨੀ ਰੂਪ ਨਾਲ ਰਹਿ ਰਹੇ ਲਗਪਗ 10 ਲੱਖ ਵਿਦੇਸ਼ੀ ਨਾਗਰਿਕਾਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਦੀ ਵੀਜ਼ਾ ਪ੍ਰਕਿਰਿਆ ਅਟਕੀ ਹੋਈ ਹੈ।

## ਵੈਕਸੀਨ ਤੋਂ ਬਾਅਦ ਕੋਰੋਨਾ ਨਹੀਂ ਹੋਵੇਗਾ ਇਸ ਦੀ ਗਾਰੰਟੀ ਨਹੀਂ: ਬਿੱਲ ਗੇਟਸ

ਅਮਰੀਕਾ : ਕੋਰੋਨਾ ਨੇ ਇਸ ਸਮੇਂ ਪੂਰੀ ਦੁਨੀਆ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ । ਇਸ ਮਹਾਮਾਰੀ ਦੀ ਰੋਕਥਾਮ ਲਈ ਦੁਨੀਆ ਭਰ ਦੇ ਵਿਗਿਆਨੀ ਵੈਕਸੀਨ ਦੀ ਖੋਜ ਵਿਚ ਲੱਗੇ ਹੋਏ ਹਨ । ਕੁਝ ਕੰਪਨੀਆਂ ਵੱਲੋਂ ਬਣਾਈ ਵੈਕਸੀਨ ਆਪਣੇ ਆਖਰੀ ਪੜਾਅ 'ਤੇ ਹਨ । ਪਰ ਵੈਕਸੀਨ ਬਣਨ ਤੋਂ ਬਾਅਦ ਕੋਰੋਨਾ ਦੀ ਕੋਈ ਲਾਗ ਨਹੀਂ ਹੋਵੇਗੀ, ਇਸ ਦੀ ਗਰੰਟੀ ਨਹੀਂ ਦਿੱਤੀ ਜਾ ਸਕਦੀ । ਇਹ ਗੱਲ ਮਾਈਕ੍ਰੋਸਾਫਟ ਦੇ ਸੰਸਥਾਪਕ ਬਿਲ ਗੇਟਸ ਨੇ ਕਹੀ ਹੈ । ਬਿਲ ਗੇਟਸ ਨੇ ਕਿਹਾ ਕਿ ਕੋਰੋਨਾ ਵੈਕਸੀਨ ਇਸ ਸਾਲ ਦੇ ਅੰਤ ਵਿਚ ਜਾਂ ਅਗਲੇ ਸਾਲ ਦੇ ਸ਼ੁਰੂ ਵਿਚ ਉਪਲਬਧ ਹੋ ਜਾਵੇਗੀ । ਇਸ ਵੈਕਸੀਨ ਦੇ ਦੋ ਫਾਇਦੇ ਹੋਣਗੇ । ਪਹਿਲਾਂ, ਇਹ ਟੀਕਾ ਬਿਮਾਰੀ ਤੋਂ ਬਚਾਵੇਗਾ ਅਤੇ ਦੂਜਾ ਕੋਰੋਨਾ ਦੀ ਲਾਗ ਨੂੰ ਰੋਕਿਆ ਜਾਏਗਾ । ਗੇਟਸ ਨੇ ਅੱਗੇ ਕਿਹਾ ਕਿ ਫਿਲਹਾਲ ਕੋਰੋਨਾ ਪ੍ਰਤੀਬੰਧਿਤ ਵੈਕਸੀਨ ਦੀ ਲੋੜ ਹੈ । ਇਸ ਸਮੇਂ, ਵੱਖ ਵੱਖ ਉਮਰ ਸਮੂਹਾਂ ਦੇ ਲੋਕਾਂ ਅਤੇ ਗਰਭਵਤੀ ਔਰਤਾਂ 'ਤੇ ਟੈਸਟ ਕਰਨ ਦਾ ਕੋਈ ਸਮਾਂ ਨਹੀਂ ਹੈ । ਇਸ ਲਈ, ਅਜਿਹੇ ਸਮੇਂ ਟੀਕੇ ਦੀ ਜਾਂਚ ਦੇ ਬਾਰੇ ਸਹੀ ਅਤੇ ਸਹੀ ਜਾਣਕਾਰੀ ਇਕੱਠੀ ਕਰਨਾ ਮੁਸ਼ਕਲ ਹੈ । ਉਨ੍ਹਾਂ ਦੱਸਿਆ ਕਿ ਬਿਲ ਅਤੇ ਮਿਲਿੰਡਾ ਗੇਟਸ ਫਾਉਂਡੇਸ਼ਨ ਕੋਰੋਨਾ ਟੀਕਾ ਬਣਾਉਣ ਲਈ 40 ਅਰਬ ਡਾਲਰ ਜਾਂ ਲਗਭਗ 3 ਲੱਖ ਕਰੋੜ ਰੁਪਏ ਖਰਚ ਕਰੇਗੀ ।



# ਅਸੀਂ ਤਾਂ ਸਿਆਸਤ ਕਰਨੀ ਆ

## ਆਫ਼ਤਾਂ ਦੀ ਗੱਲ ਪਵੇ ਢੱਠੇ ਖੂਹ 'ਚ

ਗੁਰਮੀਤ ਸਿੰਘ ਪਲਾਹੀ
ਮੋ:9815802070



ਤੇਲ ਦੀਆਂ ਕੀਮਤਾਂ ਵਿੱਚ ਲਗਾਤਾਰ 15ਵੇਂ ਦਿਨ ਵਾਧਾ ਦਰਜ ਕੀਤਾ ਗਿਆ। ਪਿਛਲੇ 15 ਦਿਨ 'ਚ ਇਹ ਵਾਧਾ ਦਿਲੀ 'ਚ 7.62 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ 'ਚ ਇਹ ਵਾਧਾ 8.30 ਰੁਪਏ ਪ੍ਰਤੀ ਲੀਟਰ ਹੋਇਆ। ਹੁਣ ਪੈਟਰੋਲ ਦੀ ਕੀਮਤ 78.88 ਰੁਪਏ ਅਤੇ ਡੀਜ਼ਲ ਦੀ ਕੀਮਤ 77.67 ਰੁਪਏ ਹੋ ਗਈ ਹੈ। ਕੋਰੋਨਾ ਨਾਲ ਪੀੜਤ ਲੋਕਾਂ ਦੀ ਗਿਣਤੀ ਦੇਸ਼ ਭਰ ਵਿੱਚ ਇਸੇ ਦਿਨ 4 ਲੱਖ 10 ਹਜ਼ਾਰ ਤੋਂ ਉਪਰ ਟੱਪ ਗਈ ਹੈ। ਬਿਹਾਰ ਸਮੇਤ ਦੇਸ਼ ਦੇ ਹੋਰ ਸੂਬਿਆਂ 'ਚ ਭਵਿੱਖ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਲਈ ਭਾਜਪਾ ਨੇ ਕਮਰਕੱਸੇ ਕਰ ਲਏ ਹਨ। ਭਾਜਪਾ ਨੇਤਾਵਾਂ ਨੇ ਚੋਣ ਸਰਗਰਮੀਆਂ ਵਿੱਚ ਵਾਧਾ ਕਰਦਿਆਂ ਵਰਚੂਅਲ ਰੈਲੀਆਂ ਸ਼ੁਰੂ ਕਰ ਦਿੱਤੀਆਂ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀਡੀਓ ਕਾਨਫਰੰਸ ਰਾਹੀਂ ਗਰੀਬ ਕਲਿਆਣ ਰੁਜ਼ਗਾਰ ਅਭਿਆਨ ਦਾ ਉਦਘਾਟਨ ਕੀਤਾ ਹੈ, ਜਿਸ ਤਹਿਤ 50 ਹਜ਼ਾਰ ਕਰੋੜ ਦੀ ਰੁਜ਼ਗਾਰ ਯੋਜਨਾ ਤਹਿਤ 6 ਰਾਜਾਂ, ਬਿਹਾਰ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਝਾਰਖੰਡ, ਉੜੀਸਾ ਅਤੇ ਰਾਜਸਥਾਨ ਦੇ 125 ਦਿਨਾਂ ਲਈ ਰੁਜ਼ਗਾਰ ਮਿਲਣ ਦੀ ਗੱਲ ਪ੍ਰਚਾਰੀ ਜਾ ਰਹੀ ਹੈ। ਇਹ ਯੋਜਨਾ ਚੋਣਾਵੀਂ ਸੂਬੇ ਬਿਹਾਰ ਦੇ ਖਗੜੀਆਂ ਤੋਂ ਸ਼ੁਰੂ ਕੀਤੀ ਜਾ ਰਹੀ ਹੈ। ਪਰ ਦੇਸ਼ ਦੀ ਸਰਕਾਰ ਤੇਲ ਦੀਆਂ ਕੀਮਤਾਂ 'ਚ ਕੀਤੇ ਜਾ ਰਹੇ ਵਾਧੇ ਬਾਰੇ ਹੱਥ 'ਤੇ ਹੱਥ ਧਰਕੇ ਬੈਠੀ ਹੈ ਅਤੇ ਹੈਰਾਨੀ ਦੀ ਗੱਲ ਇਹ ਵੀ ਹੈ ਕਿ ਵਿਰੋਧੀ ਧਿਰਾਂ ਇਸ ਤੇਲ ਕੀਮਤਾਂ ਦੇ ਵਾਧੇ ਬਾਰੇ ਚੁੱਪੀ ਧਾਰੀ ਬੈਠੀਆਂ ਹਨ। ਕੋਈ ਵਿਰੋਧੀ ਪਾਰਟੀ, ਕੋਈ ਕਿਸਾਨ ਜੱਥੇਬੰਦੀ, ਕੋਈ ਸਮਾਜ ਸੇਵਕ ਜੱਥੇਬੰਦੀ ਆਪਣਾ ਸੰਘਰਸ਼ ਵਿੱਢਣ ਲਈ ਤਿਆਰ ਨਹੀਂ। ਇਵੇਂ ਜਾਪਦਾ ਹੈ ਕਿ ਆਰਥਕ ਮੰਦੀ ਦੇ ਇਸ ਦੌਰ ਵਿੱਚ ਸਰਕਾਰ ਅਤੇ ਵਿਰੋਧੀ ਧਿਰਾਂ ਦੇ ਨੇਤਾਵਾਂ ਨੇ ਲੋਕਾਂ ਨੂੰ ਆਪਣੇ ਰਹਿਮੋਕਰਮ ਉਤੇ ਛੱਡ ਦਿੱਤਾ ਹੈ। ਕਿਸੇ ਸਮੇਂ ਜਦੋਂ ਤੇਲ ਦੀਆਂ ਅੰਤਰਰਾਸ਼ਟਰੀ ਕੀਮਤ ਪ੍ਰਤੀ ਬੈਰਲ 100 ਡਾਲਰ ਸੀ ਤਾਂ ਡੀਜ਼ਲ ਤੇ ਪੈਟਰੋਲ ਦੀ ਕੀਮਤ 70 ਅਤੇ 80 ਰੁਪਏ ਲੀਟਰ ਸੀ। ਹੁਣ ਜਦ ਪ੍ਰਤੀ ਬੈਰਲ 40 ਡਾਲਰ ਕੀਮਤ ਹੈ ਤਾਂ ਭਾਅ 77 ਤੇ 78 ਰੁਪਏ ਹੈ। ਜਿਸ ਵਿੱਚ ਕੇਂਦਰ ਵਲੋਂ ਐਕਸਾਈਜ਼ ਡਿਊਟੀ 32 ਰੁਪਏ ਅਤੇ ਸੂਬਿਆਂ ਵੱਲੋਂ 20-22 ਰੁਪਏ ਲੀਟਰ ਵੱਖਰਾ ਵੈਟ ਹੈ। ਅਸਲ ਵਿੱਚ ਸਰਕਾਰਾਂ ਨੇ ਕੰਪਨੀਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ ਦੇ ਰੱਖੀ ਹੈ। ਦੇਸ਼ ਇਸ ਵੇਲੇ ਭਾਰੀ ਬੇਰੁਜ਼ਗਾਰੀ ਦੇ ਨਾਲ-ਨਾਲ ਤਬਾਹ ਹੋ ਚੁੱਕੀ ਅਰਥ-ਵਿਵਸਥਾ ਨਾਲ ਲੜ ਰਿਹਾ ਹੈ। ਮਹਾਂਮਾਰੀ ਕਾਰਨ ਜਿਥੇ ਦੇਸ਼ ਦਾ ਹਰ ਵਰਗ ਪੀੜਤ ਹੋਇਆ ਹੈ, ਉਥੇ ਦੇਸ਼ ਵਿੱਚ ਲੱਖਾਂ ਗਰੀਬ ਬੱਚਿਆਂ ਦੀ ਹਾਲਤ ਬਦ ਤੋਂ ਬਦਤਰ ਹੋ ਗਈ ਹੈ। ਤਾਲਾਬੰਦੀ ਦੌਰਾਨ ਸਕੂਲ ਬੰਦ ਹੋਣ ਨਾਲ ਸਰਕਾਰੀ ਸਕੂਲਾਂ ਵਿੱਚ ਜਾਣ ਵਾਲੇ ਬੱਚਿਆਂ ਨੂੰ ਹੁਣ ਮੁਫ਼ਤ ਅਤੇ ਗਰਮ ਪੱਕਿਆ ਭੋਜਨ ਨਹੀਂ ਮਿਲ ਰਿਹਾ, ਜੋ ਉਹਨਾਂ ਨੂੰ ਹਰ ਦਿਨ ਮਿਲਦਾ ਸੀ। ਸਾਡੇ ਦੇਸ਼ ਵਿਚ ਬੱਚਿਆਂ ਦੀ ਅਬਾਦੀ 47.2 ਕਰੋੜ ਹੈ, ਜੋ ਦੁਨੀਆਂ ਵਿੱਚ ਸਭ ਤੋਂ ਜ਼ਿਆਦਾ ਹੈ। ਇਹ ਵੀ ਇੱਕ ਸਚਾਈ ਹੈ ਕਿ ਦੇਸ਼ ਵਿੱਚ ਦੁਨੀਆਂ ਦੇ ਸਭ ਤੋਂ ਭੁੱਖੇ ਅਤੇ ਕੁਪੋਸ਼ਿਤ ਬੱਚੇ ਇਥੇ ਰਹਿੰਦੇ ਹਨ। ਇਹਨਾਂ ਵਿਚੋਂ 5 ਸਾਲ ਦੇ ਬੱਚਿਆਂ ਦੀ ਹਾਲਤ ਚਿੰਤਾਜਨਕ ਹੈ ਕਿਉਂਕਿ ਤਾਲਾਬੰਦੀ ਕਾਰਨ ਇਹਨਾਂ ਬੱਚਿਆਂ ਲਈ ਟੀਕਾਕਰਨ ਬੰਦ ਹੋ ਗਿਆ, ਭੋਜਨ ਦੀ ਸੁਵਿਧਾ ਬੰਦ ਹੋ ਗਈ ਹੈ। ਪ੍ਰਧਾਨ ਮੰਤਰੀ ਮੋਦੀ ਵਲੋਂ ਸ਼ੁਰੂ ਕੀਤਾ ਗਿਆ ਰਾਸ਼ਟਰੀ ਪੋਸ਼ਣ ਮਿਸ਼ਨ ਪਟਰੀ ਤੋਂ ਉੱਤਰ ਗਿਆ ਹੈ। ਬਾਵਜੂਦ ਦੇਸ਼ ਦੀ ਸੁਪਰੀਮ ਕੋਰਟ ਦੇ ਇਹਨਾਂ ਹੁਕਮਾਂ ਦੇ ਕਿ ਬੱਚਿਆਂ ਦੇ ਪੋਸ਼ਣ ਆਹਾਰ ਲਈ ਦੇਸ਼ ਭਰ ਵਿੱਚ ਇਕੋ ਜਿਹੀ ਨੀਤੀ ਅਪਨਾਈ ਜਾਵੇ, ਇਹਨਾਂ ਬੱਚਿਆਂ ਦੇ ਪੋਸ਼ਣ ਆਹਾਰ ਅਤੇ ਨਰਸਿੰਗ ਆਦਿ ਦੀਆਂ ਯੋਜਨਾਵਾਂ ਠੁਸ ਹੋ ਕੇ ਰਹਿ ਗਈਆਂ ਹਨ। ਪਰ ਇਸ ਸਭ ਕੁਝ ਦੇ ਦਰਮਿਆਨ ਦੇਸ਼ ਵਿੱਚ ਸਿਆਸੀ ਸਰਗਰਮੀਆਂ ਦਾ ਦੌਰ, ਉਹਨਾਂ ਮਸਲਿਆਂ ਉਤੇ ਚਲਾਇਆ ਜਾ ਰਿਹਾ ਹੈ, ਜਿਥੋਂ ਹਾਕਮ ਧਿਰ ਨੂੰ ਵੋਟਾਂ ਮਿਲਣੀਆਂ ਹਨ ਜਾਂ ਵੋਟਾਂ ਮਿਲਣ ਦੀ ਆਸ ਬੱਝਣੀ ਹੈ। ਕੀ ਗਰੀਬ ਕਲਿਆਣ ਯੋਜਨਾ ਜਿਹੀਆਂ ਯੋਜਨਾਵਾਂ ਇਸੇ ਕਰਮ ਦਾ ਹਿੱਸਾ ਨਹੀਂ ਹਨ? ਦੇਸ਼ ਵਿੱਚ ਕੁਲ 545 ਲੋਕ ਸਭਾ ਸੀਟਾਂ ਅਤੇ 4120 ਵੱਖੋ-ਵੱਖਰੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਸੀਟਾਂ ਹਨ। ਬਿਹਾਰ ਵਿੱਚ 243 ਸੀਟਾਂ ਲਈ ਨਵੰਬਰ 2020 ਵਿੱਚ, ਪਾਂਡੂਚੇਰੀ ਵਿੱਚ 30 ਸੀਟਾਂ ਲਈ ਜੂਨ 2020 ਵਿੱਚ, ਪੱਛਮੀ ਬੰਗਾਲ ਵਿੱਚ 294 ਸੀਟਾਂ ਲਈ ਮਈ 2021 ਵਿੱਚ, ਤਾਮਿਲਨਾਡੂ ਵਿੱਚ 234 ਸੀਟਾਂ ਲਈ ਮਈ 2021 ਵਿੱਚ, ਕੇਰਲਾ ਵਿੱਚ 140 ਸੀਟਾਂ ਲਈ ਮਈ 2021 ਵਿੱਚ ਅਸਾਮ ਵਿੱਚ 126 ਸੀਟਾਂ ਲਈ ਮਈ 2021 ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਸਾਲ 2022 ਵਿੱਚ ਗੋਆ, ਗੁਜਰਾਤ, ਹਿਮਾਚਲ ਪ੍ਰਦੇਸ਼ ਮਨੀਪੁਰ, ਪੰਜਾਬ, ਉੱਤਰ ਪ੍ਰਦੇਸ਼ ਵਿੱਚ ਵਿਧਾਨ ਸਭਾ ਚੋਣਾਂ ਹੋਣਗੀਆਂ। ਮੱਧ ਪ੍ਰਦੇਸ਼ ਦੀਆਂ 24 ਵਿਧਾਨ ਸਭਾ ਸੀਟਾਂ ਉਤੇ ਉਪ ਚੋਣਾਂ ਵੀ ਜਲਦੀ ਹੋ ਸਕਦੀਆਂ ਹਨ। ਪਰ ਇਹਨਾਂ ਸੂਬਿਆਂ ਦੀਆਂ ਚੋਣਾਂ ਲਈ ਚੋਣ ਕਮਰਕੱਸੇ ਹੁਣੇ ਤੋਂ ਹੀ ਹਾਕਮ ਧਿਰ ਵਲੋਂ ਇਸ ਯੋਜਨਾ ਤਹਿਤ ਆਰੰਭੇ ਜਾ ਚੁੱਕੇ ਹਨ। ਭਾਜਪਾ ਪੂਰੇ ਦੇਸ਼ ਵਿੱਚ ਹੇਠਲੇ ਪੱਧਰ ਤੋਂ ਉਪਰਲੇ ਪੱਧਰ 'ਤੇ ਹਰ ਥਾਂ ਆਪਣਾ ਰਾਜ ਭਾਗ ਕਾਇਮ ਕਰਨ ਦੀ ਤਾਕ ਵਿੱਚ ਹੈ। ਇਹ ਵੱਖਰੀ ਗੱਲ ਹੈ ਕਿ ਕੋਈ ਹਰਿਆ ਬੂਟ ਰਹਿਓ ਰੀ। ਪੱਛਮੀ ਬੰਗਾਲ ਦੀ ਮਮਤਾ ਬੈਨਰਜੀ, ਬਾਵਜੂਦ ਉਪਰਲੇ ਹਾਕਮਾਂ ਵਲੋਂ ਉਹਨਾਂ ਦੀ ਕੰਨੀ ਗੋਡਾ ਦੇਣ ਦੇ ਹਾਲੀ ਤੱਕ ਨਿਡਰ ਖੜੀ ਨਜ਼ਰ ਆਉਂਦੀ ਹੈ ਭਾਵੇਂ ਕਿ ਉਹ ਦੀ ਮਨਸ਼ਾ ਵੀ ਅਗਲੀਆਂ ਚੋਣਾਂ ਜਿੱਤਣ ਦੀ ਹੈ, ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਿਸੇ ਸਿਆਸਤਦਾਨ ਦੀ ਪਹਿਲ ਨਹੀਂ ਜਾਪਦਾ। ਕਰਨਾਟਕ, ਛੱਤੀਸਗੜ੍ਹ, ਮੱਧ ਪ੍ਰਦੇਸ਼, ਨਾਗਾਲੈਂਡ ਵਿੱਚ ਸਾਲ 2018 'ਚ ਚੋਣਾਂ ਹੋਈਆਂ। ਆਂਧਰਾ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਹਰਿਆਣਾ, ਉੜੀਸਾ, ਸਿੱਕਮ ਵਿੱਚ ਚੋਣਾਂ 2019 'ਚ ਹੋਈਆਂ। ਹਰਿਆਣਾ, ਮਹਾਂਰਾਸ਼ਟਰ, ਛੱਤੀਸਗੜ੍ਹ, ਰਾਜਸਥਾਨ, ਦਿੱਲੀ 'ਚ ਹੋਈਆਂ ਚੋਣਾਂ 'ਚ ਭਾਜਪਾ ਨੂੰ ਇਹ ਆਸ ਸੀ ਕਿ ਉਹ ਚੋਣਾਂ ਜਿੱਤ ਜਾਏਗੀ, ਪਰ ਹਰਿਆਣਾ 'ਚ ਉਸ ਨੂੰ ਆਪਣੇ ਧੁਰ-ਵਿਰੋਧੀ ਨਾਲ ਗੱਠਜੋੜ ਬਨਾਉਣਾ ਪਿਆ, ਮਹਾਂਰਾਸ਼ਟਰ ਵਿੱਚ ਉਸਨੂੰ ਸ਼ਿਵ ਸੈਨਾ ਨਾਲੋਂ ਗੱਠਜੋੜ ਤੋੜਨਾ ਪਿਆ। ਰਾਜਸਥਾਨ, ਕਾਂਗਰਸ ਜੇਤੂ ਬਣ ਗਈ, ਮੱਧ ਪ੍ਰਦੇਸ਼ ਵਿੱਚ ਉਸਨੂੰ ਕਾਂਗਰਸ ਨੇ ਹਾਰ ਦੇ ਦਿੱਤੀ ਤੇ ਆਪਣੀ ਸਰਕਾਰ ਬਣਾ ਲਈ, ਜਿਸਨੂੰ ਕੋਰੋਨਾ ਕਾਲ ਦੇ ਦੌਰਾਨ, ਕਾਂਗਰਸ ਦੇ ਮੈਂਬਰ ਖਰੀਦ ਕੇ ਭਾਜਪਾ ਨੇ ਸਰਕਾਰ ਤੋੜ ਦਿੱਤੀ ਅਤੇ ਮੁੜ ਆਪਣਾ ਮੁੱਖ ਮੰਤਰੀ ਬਣਾ ਲਿਆ। ਰਾਜਸਥਾਨ ਵਿਚਲੀ ਕਾਂਗਰਸ ਸਰਕਾਰ ਨੂੰ ਤੋੜਨ ਲਈ ਭਾਜਪਾ ਹਰ ਹਰਬਾ ਵਰਤ ਰਹੀ ਹੈ। ਰਾਜ ਸਭਾ ਦੀਆਂ 19 ਸੀਟਾਂ ਲਈ ਜੋ ਚੋਣ ਗੁਜਰਾਤ, ਮੱਧ ਪ੍ਰਦੇਸ਼, ਰਾਜਸਥਾਨ, ਮਨੀਪੁਰ, ਝਾਰਖੰਡ ਵਿੱਚ ਹੋਈ, ਉਸ ਵਿੱਚ 8 ਸੀਟਾਂ ਉਤੇ ਭਾਜਪਾ ਜਿੱਤੀ, 4 ਉਤੇ ਕਾਂਗਰਸ ਜਦਕਿ ਬਾਕੀ 7 ਸੀਟਾਂ ਹੋਰ ਪਾਰਟੀਆਂ ਨੇ ਪ੍ਰਾਪਤ ਕੀਤੀਆਂ। ਰਾਜ ਸਭਾ ਦੀਆਂ ਕੁਲ 244 ਸੀਟਾਂ ਵਿੱਚੋਂ 86 ਸੀਟਾਂ ਭਾਜਪਾ ਕੋਲ ਹਨ। ਇਹਨਾਂ ਚੋਣਾਂ ਵਿੱਚ ਵੀ ਭਾਜਪਾ ਨੇ ਰਾਜਸਥਾਨ ਵਿੱਚ ਕਾਂਗਰਸ ਤੋਂ ਉਹਨਾਂ ਦੇ ਵਿਧਾਇਕ ਖਰੀਦਕੇ ਸੀਟ ਖੋਹਣ ਦਾ ਯਤਨ ਕੀਤਾ, ਪਰ ਕਾਮਯਾਬੀ ਹੱਥ ਨਹੀਂ ਲੱਗੀ। ਬਿਨ੍ਹਾਂ ਸ਼ੱਕ ਕਮਜ਼ੋਰ ਵਿਰੋਧੀ ਧਿਰਾਂ ਕਾਰਨ ਨਰੇਂਦਰ ਮੋਦੀ ਨੇ ਦੇਸ਼ ਵਿੱਚ ਦੂਜੀ ਵੇਰ ਚੋਣ ਜਿੱਤਣ 'ਚ ਕਾਮਯਾਬੀ ਹਾਸਲ ਕੀਤੀ, ਪਰ ਦੇਸ਼ ਦੇ ਲੋਕਾਂ ਦਾ ਦਿਲ ਜਿੱਤਣ ਅਤੇ ਦੇਸ਼ ਦੀ ਆਰਥਿਕਤਾ ਨੂੰ ਥਾਂ ਸਿਰ ਕਰਨ ਲਈ ਉਸ ਵਲੋਂ ਕੀਤੇ ਯਤਨ ਸਰਾਹੁਣਯੋਗ ਨਹੀਂ ਰਹੇ। ਕੁਝ ਵਿਵਾਦਿਤ ਕਾਨੂੰਨ ਬਨਾਉਣ ਉਪਰੰਤ ਉਸਦੀ ਸਰਕਾਰ ਘੱਟ ਗਿਣਤੀ ਲੋਕਾਂ ਤੋਂ ਆਪਣਾ ਵਿਸ਼ਵਾਸ਼ ਗੁਆ ਬੈਠੀ ਹੈ। ਕਿਸਾਨ ਵਿਰੋਧੀ ਤਿੰਨ ਆਰਡੀਨੈਂਸ ਜਾਰੀ ਕਰਕੇ, ਉਹ ਕਿਸਾਨਾਂ ਤੋਂ ਵੀ ਟੁੱਟ ਚੁੱਕੀ ਹੈ। ਕੋਲੇ ਦੀਆਂ ਖਾਣਾਂ ਨੂੰ ਪ੍ਰਾਈਵੇਟ ਹੱਥਾਂ 'ਚ ਦੇਣ ਦੀ ਸ਼ੁਰੂਆਤ ਇਸ ਸਰਕਾਰ ਨੂੰ ਮਜ਼ਦੂਰਾਂ ਤੋਂ ਦੂਰ ਕਰ ਰਹੀ ਹੈ। ਕਾਰਪੋਰੇਟ ਸੈਕਟਰ ਨੂੰ ਦੇਸ਼ ਦਾ ਧੰਨ ਲੁਟਾ ਕੇ ਪਹਿਲਾਂ ਹੀ ਇਸ ਸਰਕਾਰ ਨੇ ਗਰੀਬ ਵਿਰੋਧੀ ਹੋਣ ਦਾ ਕਾਲਾ ਟਿੱਕਾ ਆਪਣੇ ਸਿਰ ਲੁਆ ਲਿਆ ਹੈ। ਦੇਸ਼ ਵਿੱਚ 6 ਲੱਖ ਤੋਂ ਜ਼ਿਆਦਾ ਪਿੰਡ ਹਨ। ਇਸਦੀ ਦੋ ਤਿਹਾਈ ਅਬਾਦੀ ਲਗਭਗ 80-85 ਕਰੋੜ ਲੋਕ ਪਿੰਡਾਂ ਵਿੱਚ ਰਹਿੰਦੇ ਹਨ। ਪ੍ਰਧਾਨ ਮੰਤਰੀ ਨੇ "ਘਰ ਦੇ ਨਜ਼ਦੀਕ ਰੁਜ਼ਗਾਰ" ਦੀ ਯੋਜਨਾ ਬਾਰੇ ਬੋਲਦਿਆਂ ਜਦੋਂ ਕਿਹਾ ਕਿ ਮਜ਼ਦੂਰ ਪਹਿਲਾਂ ਸ਼ਹਿਰਾਂ ਦਾ ਵਿਕਾਸ ਕਰ ਰਹੇ ਸਨ, ਹੁਣ ਉਹ ਪਿੰਡਾਂ ਦਾ ਵਿਕਾਸ ਕਰਨਗੇ, ਬਾਰੇ ਹੈਰਾਨੀ ਨਹੀਂ ਹੋਈ, ਕਿਉਂਕਿ ਹਾਕਮਾਂ ਦਾ ਅਜੰਡਾ ਕਦੇ ਵੀ ਦੇਸ਼ ਦੇ ਪਿੰਡ, ਪਿੰਡਾਂ 'ਚ ਰਹਿਣ ਵਾਲੇ ਗਰੀਬ ਲੋਕ, ਪਿੰਡਾਂ ਦੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਅਤੇ ਪਿੰਡਾਂ ਲਈ ਸਿਹਤ, ਸਿੱਖਿਆ ਸਹੂਲਤਾਂ ਨਹੀਂ ਰਹੇ ਸਗੋਂ ਪਿੰਡ ਤੇ ਪਿੰਡ ਦੇ ਲੋਕ ਤਾਂ ਸਿਰਫ਼ ਉਹਨਾਂ ਲਈ "ਇੱਕ ਵੋਟ" ਹਨ, ਜਿਹਨਾਂ ਨੂੰ 5 ਵਰ੍ਹਿਆਂ ਬਾਅਦ ਦਿਲ ਖਿੱਚਵੇਂ ਨਾਹਰਿਆਂ ਨਾਲ ਭਰਮਿਤ ਕਰ ਲਿਆ ਜਾਂਦਾ ਹੈ। ਉਂਜ ਵੀ ਇਹ ਪ੍ਰਵਾਸੀ ਮਜ਼ਦੂਰ, ਜਿਹਨਾਂ ਬਾਰੇ ਕੇਂਦਰੀ ਸਰਕਾਰ ਹੇਜ ਦਿਖਾਉਂਦੀ ਨਜ਼ਰ ਆ ਰਹੀ ਹੈ, ਸ਼ਹਿਰਾਂ ਵਿੱਚ ਸਦਾ ਪਰਾਏ ਅਤੇ ਬੇਗਾਨੇ ਬਣਾਕੇ 6 ਜਾਂ 8 ਫੁਟ ਦੇ ਕੋਠੜਿਆਂ ਵਿੱਚ ਰਹੇ, ਜਿਹਨਾ ਨੂੰ ਸ਼ਹਿਰਾਂ 'ਚ ਘੱਟ ਉਜਰਤ ਤੇ ਅਣਮਨੁੱਖੀ ਹਾਲਾਤਾਂ ਵਿੱਚ ਕੰਮ ਕਰਨਾ ਪੈਂਦਾ ਹੈ। ਕੀ ਸਰਕਾਰ ਨੇ ਕਦੇ ਉਹਨਾਂ ਦੀਆਂ ਸਮੱਸਿਆਵਾਂ ਜਾਣੀਆਂ ਖ਼ਾਸ ਕਰਕੇ ਹੁਣ, ਜਦੋਂ ਸ਼ਹਿਰਾਂ ਤੋਂ ਉਪਰਾਮ ਹੋਕੇ ਪੈਦਲ ਹੀ ਘਰਾਂ ਨੂੰ ਤੁਰੇ, ਕਈ ਰਸਤਿਆਂ 'ਚ ਜ਼ਿੰਦਗੀ ਗੁਆ ਬੈਠੇ, ਜਿਹੜੇ ਆਪਣੇ ਪਿੰਡੀਂ ਪਹੁੰਚੇ, ਉਥੇ ਉਹ ਆਪਣਿਆਂ 'ਚ ਵੀ ਬੇਗਾਨੇ ਬਣ ਕੇ ਰਹਿ ਰਹੇ ਹਨ ਕਿਉਂਕਿ ਇਕ ਪਾਸੇ ਤਾਂ ਉਹਨਾਂ ਨੂੰ ਸ਼ਹਿਰ ਦੀ ਚਮਕ-ਦਮਕ ਦਿਸਦੀ ਸੀ, ਹੁਣ ਦੂਜੇ ਪਾਸੇ ਉਜਾੜੇ, ਮਾੜੀਆਂ-ਮੋਟੀਆਂ ਸਹੂਲਤਾਂ ਤੋਂ ਵੀ ਸੱਖਣੇ ਪਿੰਡ ਦਿਸਦੇ ਹਨ। ਅੱਜ ਜਦ ਸਨਅਤਾਂ ਅਤੇ ਕਾਰੋਬਾਰ ਡੁੱਬ ਰਹੇ ਹਨ, ਕਿਰਤੀ ਤਬਾਹ ਹੋ ਰਹੇ ਹਨ। ਦੇਸ਼ ਦੀ ਆਰਥਿਕਤਾ ਨੂੰ ਥੰਮੀ ਦੇਣ ਲਈ ਕੋਈ ਯੋਜਨਾ ਕਾਰਜਸ਼ੀਲ ਨਹੀਂ ਹੋ ਰਹੀ। ਉਸ ਵੇਲੇ ਦੇਸ਼ ਦੇ ਹਾਕਮ ਜੇਕਰ ਹਰ ਗੱਲ ਨੂੰ ਵੋਟਾਂ ਦੀ ਰਾਜਨੀਤੀ ਲਈ ਹੀ ਵਰਤਣ ਤਾਂ ਇਹੋ ਜਿਹੀ ਸਰਕਾਰ ਨੂੰ ਕਿਹੋ ਜਿਹੀ ਸਰਕਾਰ ਮੰਨਿਆ ਜਾਏਗਾ? ਦਿੱਲੀ 'ਚ ਕੋਰੋਨਾ ਨਾਲ ਤਬਾਹੀ ਅੰਤਾਂ ਦੀ ਹੈ, ਲੋਕ ਮਰ ਰਹੇ ਹਨ, ਮਰਿਆਂ ਲਈ ਸ਼ਮਸ਼ਾਨਘਾਟ ਨਹੀਂ ਮਿਲ ਰਹੇ। ਉਥੇ ਵੀ ਹੇਠਲੀ, ਉਪਰਲੀ ਸਰਕਾਰ ਵਿਚਕਾਰ ਸਿਆਸਤ ਹੋ ਰਹੀ ਹੈ। ਉਪਰਲੀ ਸਰਕਾਰ ਵੱਲੋਂ ਕੋਰੋਨਾ ਪੀੜ੍ਹਤ ਸੂਬਿਆਂ ਨੂੰ ਗ੍ਰਾਂਟਾਂ ਅਤੇ ਸਕੀਮਾਂ ਇਹ ਵੇਖਕੇ ਦਿੱਤੀਆਂ ਜਾ ਰਹੀਆਂ ਹਨ ਕਿ ਉਥੇ ਸਰਕਾਰ ਭਾਜਪਾ ਦੀ ਹੈ ਕਿ ਵਿਰੋਧੀ ਧਿਰ ਦੀ। ਸਿਆਸਤ ਕਰਨ ਵਾਲੇ ਲੋਕ ਭੁੱਲ ਹੀ ਗਏ ਹਨ ਕਿ ਜੇਕਰ ਭੁੱਖਿਆਂ ਦਾ ਢਿੱਡ ਨਾ ਭਰਿਆ, ਜੇਕਰ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਉਹਨਾਂ ਨਾ ਕੀਤਾ ਤਾਂ ਲੋਕ ਉਪਰਲੀ-ਹੇਠਾਂ ਲਿਆਉਣ 'ਚ ਸਮਾਂ ਨਹੀਂ ਲਾਉਂਦੇ।



# ਖਾਲਸਾ ਰਾਜ ਦਾ ਬਾਨੀ ਬਾਬਾ ਬੰਦਾ ਸਿੰਘ ਬਹਾਦਰ

**ਬਾਬਾ ਬੰਦਾ ਸਿੰਘ ਬਹਾਦੁਰ ਸ਼ਾਹੀ ਫੋਜ਼ਾਂ ਤੋਂ ਬੱਚ ਕੇ ਨਿਕਲਣ ਵਿੱਚ ਕਾਮਯਾਬ ਹੋ ਗਿਆ। ਬੱਚਦਾ-ਬਚਾਉਂਦਾ ਉਹ ਚੰਬਾ ਪਹੁੰਚਿਆ।ਚੰਬਾ ਪਹੁੰਚ ਕੇ ਉਸਨੇ ਫਰਵਰੀ 1711 ਵਿੱਚ ਚੰਬੇ ਦੀ ਰਾਜਕੁਮਾਰੀ ਨਾਲ ਗੁਰੂ ਮਰਿਆਦਾ ਅਨੁਸਾਰ ਵਿਆਹ ਕੀਤਾ। ਇਸੇ ਹੀ ਸਾਲ ਦੇ ਅਖੀਰ ਵਿੱਚ ਉਸ ਦੇ ਘਰ ਇੱਕ ਬੇਟੇ ਦਾ ਜਨਮ ਹੋਇਆ, ਜਿਸਦਾ ਨਾਮ ਅਜੈ ਸਿੰਘ ਰੱਖਿਆ ਗਿਆ।**

ਸਿੱਖ ਕੌਮ ਦੇ ਇਤਹਾਸ ਵਿੱਚ ਕਈ ਮਹਾਨ ਸ਼ਹਾਦਤਾਂ ਹੋਈਆਂ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਵੀ ਸਿੱਖ ਕੌਮ ਵਿੱਚ ਅਹਿਮ ਸਥਾਨ ਰੱਖਦੀ ਹੈ। ਉਹ ਇੱਕ ਬਹਾਦਰ ਯੋਧਾ ਤੇ ਪਵਿੱਤਰ ਜੀਵਨ ਬਤੀਤ ਕਰਨ ਵਾਲਾ ਮਨੁੱਖ ਸੀ। ਬੰਦਾ *ਸਿੰਘ ਦਾ ਜਨਮ ਕੱਤਕ ਸੁਦੀ 13 ਸੰਮਤ 1727 ਬਿ: 27 ਅਕਤੂਬਰ 1670 ਰਾਜਪੂਤ ਘਰਾਣੇ ਵਿੱਚ ਪਿਤਾ ਰਾਮ ਦੇਵ ਰਾਜਪੂਤ ਦੇ ਘਰ ਪਿੰਡ ਰਜੌਰੀ* ਪੁਣਛ ਕਸ਼ਮੀਰ ਵਿੱਚ ਹੋਇਆ। ਬਚਪਨ ਦਾ ਨਾਂ ਲਛਮਣ ਦੇਵ ਸੀ। ਲਛਮਣ ਦੇਵ ਬਚਪਨ ਸਮੇਂ ਖੁੱਲੇ-ਡੁੱਲੇ ਸਰੀਰ ਦੇ ਮਾਲਿਕ ਤੇ ਰੱਜ ਕੇ ਮਿਹਨਤੀ ਸਨ। ਘੋੜ ਸਵਾਰੀ ਤੇ ਤੀਰ ਅੰਦਾਜ਼ੀ ਦਾ ਸ਼ੌਕ ਵੀ ਰੱਖਦੇ ਸਨ। ਜੰਗਲ ਵਿੱਚ ਸ਼ਿਕਾਰ ਖੇਡਣ ਵੀ ਜਾਇਆ ਕਰਦੇ ਸਨ।

**ਘਟਨਾ**-ਇਹਨੀਂ ਦਿਨੀਂ ਹੀ ਆਪ ਨਾਲ ਇੱਕ ਘਟਨਾ ਘਟੀ, ਜਿਸ ਨੇ ਆਪ ਦੀ ਸਾਰੀ ਜ਼ਿੰਦਗੀ ਹੀ ਬਦਲ ਕੇ ਰੱਖ ਦਿੱਤੀ। ਇੱਕ ਦਿਨ ਆਪ ਸ਼ਿਕਾਰ ਖੇਡਣ ਜੰਗਲ ਵਿੱਚ ਗਏ। ਉੱਥੇ ਇੱਕ ਹਿਰਨੀ ਦਾ ਸ਼ਿਕਾਰ ਕੀਤਾ। ਉਸ ਹਿਰਨੀ ਦੇ ਪੇਟ ਵਿੱਚੋਂ ਦੋ ਬੱਚੇ ਨਿਕਲ ਕੇ ਤੜਫ-ਤੜਫ ਕੇ ਮਰ ਗਏ। ਆਪ ਵੇਖ ਕੇ ਬਹੁਤ ਮਯੂਸ ਹੋਏ ਤੇ ਅੱਗੋਂ ਤੋਂ ਸ਼ਿਕਾਰ ਨਾ ਖੇਡਣ ਦਾ ਤਹੱਈਆ ਕਰ ਲਿਆ। ਆਪ ਵੈਰਾਗੀ ਬਣ ਗਏ ਤੇ ਵੈਸ਼ਨਵ 'ਜਾਨਕੀ ਪ੍ਰਸਾਦ' ਸਾਧੂ ਦੇ ਚੇਲੇ ਬਣ ਗਏ। ਨਾਮ 'ਮਾਧੋ ਦਾਸ' ਹੋ ਗਿਆ। ਮਾਧੋ ਦਾਸ ਫਿਰਦੇ-ਫਿਰਦੇ ਇੱਕ ਦਿਨ ਗੋਦਾਵਰੀ ਦੇ ਕੰਢੇ ਨਾਸਿਕ ਪੁੱਜ ਗਏ। ਇੱਥੇ ਆਪ ਦਾ ਮੇਲ 'ਅੱਘੜ ਨਾਥ' ਜੋਗੀ ਨਾਲ ਹੋਇਆ। ਅੱਘੜ ਨਾਥ ਨੇ ਸੇਵਾ ਤੋਂ ਖੁਸ਼ ਹੋ ਕੇ ਆਪ ਨੂੰ ਰਿੱਧੀਆਂ ਸਿੱਧੀਆਂ ਦੀ ਬਖਸ਼ਿਸ਼ ਕਰ ਦਿੱਤੀ। ਕੁੱਝ ਚਿਰ ਮਗਰੋਂ 'ਅੱਘੜ ਨਾਥ' ਇਸ ਜਹਾਨੋਂ ਕੂਚ ਕਰ ਗਿਆ। ਅੱਘੜ ਨਾਥ ਦੀ ਮੌਤ ਮਗਰੋਂ ਮਾਧੋਦਾਸ ਨਾਂਦੇੜ ਚਲੇ ਗਏ। ਉੱਥੇ ਜਾ ਕੇ ਆਪਣਾ ਮੱਠ ਸਥਾਪਿਤ ਕਰ ਲਿਆ। ਜੋ ਵੀ ਆਪ ਦੇ ਡੇਰੇ 'ਤੇ ਆ ਜਾਂਦਾ ਤਾਂ ਆਪ ਆਪਣੀ ਕਰਾਮਾਤੀ ਸ਼ਕਤੀ ਨਾਲ ਉਸਦਾ ਨਿਰਾਦਰ, ਬੇਇੱਜ਼ਤੀ ਕਰ ਖੁਸ਼ੀ ਮਹਿਸੂਸ ਕਰਦੇ।

**ਗੁਰੂ ਗੋਬਿੰਦ ਸਿੰਘ ਜੀ ਨਾਲ ਮੇਲ**- ਉਸਨੂੰ ਸਿੱਧੇ ਰਾਹੇ ਪਾਉਣ ਲਈ ਇੱਕ ਸਵੇਰ ਗੁਰੂ ਗੋਬਿੰਦ ਸਿੰਘ ਜੀ ਮਾਧੋ ਦਾਸ ਦੇ ਡੇਰੇ ਪਹੁੰਚ ਗਏ। ਉਸਦੇ ਪਲੰਘ 'ਤੇ ਬਿਰਾਜਮਾਨ ਹੋ ਗਏ। ਸ੍ਰੀ ਗੁਰ ਪੰਥ ਪ੍ਰਕਾਸ਼ ਵਿੱਚ 'ਰਤਨ ਸਿੰਘ ਭੰਗੂ' ਇਸ ਸਮੇਂ ਦੀ ਗਵਾਹੀ ਭਰਦੇ ਲਿੱਖਦੇ ਹਨ ਕਿ: ਪਹੁੰਚਯੋ ਸਤਿਗੁਰ ਜਿਹ ਸਮੈਂ, ਗਯੋ ਬੰਦੋ ਕਹੂੰ ਔਰ। ਪਲੰਘ ਸ਼ਿੰਗਾਰਯੋ ਦੇਖਿ ਕੈ ਗੁਰ ਚੜ੍ਹ ਬੈਠੇ ਦੌਰ। ਮਾਧੋ ਦਾਸ ਉਸ ਵਕਤ ਡੇਰੇ ਵਿੱਚ ਨਹੀ ਸੀ। ਮਾਧੋ ਦਾਸ ਦੇ ਪੰਜ ਬੀਰ ਆਪਣੀ ਕਰਾਮਾਤੀ ਸ਼ਕਤੀ ਫੇਲ੍ਹ ਹੁੰਦੀ ਵੇਖ ਕੇ ਮਾਧੋ ਦਾਸ ਕੋਲ ਪਹੁੰਚ ਗਏ ਤੇ ਸਾਰੀ ਕਹਾਣੀ ਦੱਸੀ। ਮਾਧੋ ਦਾਸ ਅੱਗ ਬਬੂਲਾ ਹੋ ਉੱਠਿਆ ਤੇ ਡੇਰੇ ਪਹੁੰਚ ਕੇ ਆਪਣੀਆਂ ਰਿੱਧੀਆਂ-ਸਿੱਧੀਆਂ ਦੀ ਵਰਤੋਂ ਕੀਤੀ, ਪਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੱਗੇ ਸਭ ਫੇਲ੍ਹ ਹੋ ਗਈਆਂ। ਅੰਤ ਢਹਿ ਕੇ ਪੈਰੀਂ ਪੈ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਉਸੇ ਥਾਂ ਅੰਮ੍ਰਿਤ ਛਕਾ ਕੇ, ਸਿੰਘ ਸਜਾ ਕੇ ਮਾਧੋ ਦਾਸ ਤੋਂ ਬੰਦਾ ਸਿੰਘ ਬਣਾ ਦਿੱਤਾ। ਬੰਦਾ ਸਿੰਘ ਨੂੰ ਗੁਰੂ ਨਾਨਕ ਦੇਵ ਜੀ ਤੋਂ ਸਿੰਘਾਂ ਸਿੰਘਣੀਆਂ ਤੱਕ ਸ਼ਹੀਦੀਆਂ ਦਾ ਇਤਹਾਸ ਸੁਣਾਇਆ ਗਿਆ।

**ਪੰਜਾਬ ਆਉਣਾ**-ਗੁਰੂ ਗੋਬਿੰਦ ਜੀ ਤੋਂ ਸਾਰਾ ਸਿੱਖ ਇਤਿਹਾਸ ਸੁਣ ਕੇ ਬੰਦਾ ਸਿੰਘ ਦੀਆਂ ਅੱਖਾਂ ਲਾਲ ਹੋ ਗਈਆਂ ਤੇ ਡੌਲੇ ਫੜਕ ਉੱਠੇ। ਬੰਦਾ ਸਿੰਘ ਨੂੰ ਗੁਰੂ ਸਾਹਿਬ ਜੀ ਨੇ ਆਪਣੇ ਭੱਥੇ ਵਿੱਚੋਂ ਪੰਜ ਤੀਰ, ਇੱਕ ਨਗਾਰਾ, ਇੱਕ ਨਿਸ਼ਾਨ ਸਹਿਬ, ਪੰਜ ਪ੍ਰਮੁੱਖ ਸਿੰਘ, ਹੁਕਮਨਾਮਾ, ਪੱਚੀ ਸਿੰਘਾਂ ਦਾ ਜਥਾ ਤੇ ਥਾਪੜਾ ਦੇ ਕੇ ਸਿੱਖ ਜਰਨੈਲ ਥਾਪ ਕੇ ਪੰਜਾਬ ਦੀ ਧਰਤੀ ਵੱਲ ਤੋਰਿਆ ਤੇ ਨਾਲ ਨਸੀਹਤਾਂ ਦਿੱਤੀਆਂ ਕਿ ਆਪਾ ਨਹੀ ਭੁੱਲਣਾ, ਜਤ-ਸਤ ਦੇ ਪੱਕੇ ਰਹਿਣਾ ਖਾਲਸੇ ਨੂੰ ਹਮੇਸ਼ਾ ਖੁਸ਼ ਰੱਖਣਾ ਤੇ ਗਰੀਬ ਮਾਰ ਨਹੀ ਕਰਨੀ। ਆਪ ਦੀ ਸਦਾ ਚੜ੍ਹਦੀ ਕਲਾ ਹੋਵੇਗੀ। ਨਾਂਦੇੜ ਤੋਂ ਚੱਲਣ ਸਮੇਂ ਬੰਦਾ ਸਿੰਘ ਨੇ ਖਾਲਸੇ ਦੀ ਖਿੰਡਰੀ-ਪੁੰਡਰੀ ਸ਼ਕਤੀ ਨੂੰ ਦੁਬਾਰਾ ਤੋਂ ਇੱਕ ਝੰਡੇ ਥੱਲੇ ਇੱਕਠੀ ਕਰਨ ਦੀ ਸ਼ੁਰੂਆਤ ਕੀਤੀ। ਸਿੱਖ ਕੌਮ ਨੂੰ ਜਥੇਬੰਦ ਕਰਕੇ ਉਨਾਂ ਵਿੱਚ ਹੌਂਸਲਾ ਭਰਿਆ। ਮਾਰੋ-ਮਾਰ ਕਰਦਾ ਹੋਇਆ ਬਾਬਾ ਬੰਦਾ ਸਿੰਘ ਖਰਖੌਡੇ ਦੇ ਪਰਗਣੇ ਜਾ ਪੁੱਜਾ ਤੇ ਖੰਡਾਂ ਪਿੰਡਾਂ ਵਿੱਚ ਜਾ ਡੇਰੇ ਲਾਏ। ਇੱਥੋਂ ਉਸਨੇ ਮਾਝੇ, ਮਾਲਵੇ ਤੇ ਦੁਆਬੇ ਦੇ ਸਿੰਘਾਂ ਦੇ ਨਾਂ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਭੇਜੇ। ਹੁਕਮਨਾਮੇ ਮਿਲਦੇ ਸਾਰ ਹੀ ਸਿੰਘ ਤਿਆਰੀਆਂ ਵਿੱਚ ਜੁੱਟ ਗਏ।

**ਬਾਬਾ ਬੰਦਾ ਸਿੰਘ ਦੇ ਹਮਲੇ**- ਬਾਬਾ ਬੰਦਾ ਸਿੰਘ ਵੱਲੋਂ 26 ਨਵੰਬਰ 1709 ਨੂੰ ਸਮਾਣੇ ਤੇ ਹਮਲਾ ਕੀਤਾ ਗਿਆ, ਕਿਉਂਕਿ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਵਾਲਾ ਜੱਲਾਦ ਜਲਾਲ-ਉਦ-ਦੀਨ ਸਮਾਣੇ ਦਾ ਰਹਿਣ ਵਾਲਾ ਸੀ। ਇਸ ਤੋਂ ਬਾਅਦ ਸਢੌਰਾ ਨੂੰ ਮਲੀਆਮੇਟ ਕੀਤਾ ਗਿਆ, ਕਿਉਂਕਿ ਗੁਰੂ ਘਰ ਦੇ ਅਨਿਨ ਸੇਵਕ ਪੀਰ ਬੁੱਧੂ ਸ਼ਾਹ ਨੂੰ ਸਢੌਰੇ ਦੇ ਹਾਕਮ ਉਸਮਾਨ ਖਾਂ ਨੇ ਸ਼ਹੀਦ ਕੀਤਾ ਸੀ। ਫਿਰ ਮਈ 1710 ਨੂੰ ਚੱਪੜਚਿੜੀ ਦੇ ਮੈਦਾਨ ਵਿੱਚ ਬੜੀ ਭਿਅੰਕਰ ਲੜਾਈ ਹੋਈ। ਮੁਗਲ ਸੈਨਾ ਵਿੱਚ ਭਾਜੜਾਂ ਪੈ ਗਈਆਂ। ਫਿਰ ਵਾਰੀ ਆਈ ਸਰਹਿੰਦ ਸ਼ਹਿਰ ਦੀ ਜਿੱਥੇ ਛੋਟੇ ਸਾਹਿਬਜ਼ਾਦਿਆਂ ਨੂੰ ਬੜੀ ਬੇਰਹਿਮੀ ਨਾਲ ਨੀਹਾਂ ਵਿੱਚ ਚਿਣਵਾਂ ਕੇ ਸ਼ਹੀਦ ਕੀਤਾ ਗਿਆ ਸੀ। 24 ਮਈ ਨੂੰ ਸਿੱਖ ਸੈਨਾਵਾਂ ਸਰਹਿੰਦ ਪਹੁੰਚੀਆਂ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ।

**ਧਰਮਿੰਦਰ ਸਿੰਘ( ਚੱਬਾ )**
**9781751690**



**ਖਾਲਸਾ ਰਾਜ ਦੀ ਕਾਇਮੀ**-ਬੰਦਾ ਸਿੰਘ ਨੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਅ ਤੇ ਸਿੱਕਾ ਜਾਰੀ ਕੀਤਾ। ਮੋਹਰ ਵੀ ਜਾਰੀ ਕੀਤੀ। ਮੋਹਰ ਉੱਤੇ ਇਹ ਉੱਕਰਿਆ ਹੋਇਆ ਸੀ:
ਦੇਗ਼ੋ ਤੇਗ਼ੋ ਫ਼ਤਹਿ ਨੁਸਰਤ ਬੇਦਰੰਗ।
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ: ਬੰਦਾ ਸਿੰਘ ਬਹਾਦਰ ਨੇ ਆਪਣੇ ਜਿੱਤੇ ਹੋਏ ਪ੍ਰਦੇਸ਼ਾ ਵਿੱਚ ਖਾਲਸਾਈ ਸ਼ਾਨ ਦੇ ਅਨੁਸਾਰ ਸ਼ਾਸਨ ਪ੍ਰਬੰਧ ਕਾਇਮ ਕੀਤਾ। ਉਸਨੇ ਸਦੀਆਂ ਤੋਂ ਲਿਤਾੜੇ ਜਾ ਰਹੇ ਗਰੀਬਾਂ ਨੂੰ ਪਹਿਲੀ ਵਾਰ ਉੱਚ ਅਹੁਦਿਆਂ ਤੇ ਨਿਯੁਕਤ ਕੀਤਾ। ਉਹ ਨਿਆਂ ਕਰਨ ਸਮੇਂ ਕਿਸੇ ਊਚ-ਨੀਚ ਦਾ ਵਿਤਕਰਾ ਨਹੀਂ ਕਰਦਾ ਸੀ। ਉਸਨੇ ਕਿਸਾਨਾਂ ਦਾ ਖੂਨ ਨਿਚੋੜਨ ਵਾਲੀ ਜ਼ਿਮੀਦਾਰੀ ਪ੍ਰਥਾ ਦਾ ਅੰਤ ਕਰ ਕੇ ਇੱਕ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ ਵਿੱਚ ਸਾਰੇ ਧਰਮਾਂ ਦਾ ਪੂਰਾ ਸਤਿਕਾਰ ਕੀਤਾ ਜਾਂਦਾ ਸੀ। ਉਸਨੇ ਕਿਸਾਨਾਂ ਨੂੰ ਉਹਨਾਂ ਦੇ ਮਾਲਕਾਨਾ ਹੱਕ ਦਿਵਾਏ। ਹਰ ਗਰੀਬ ਦੀ ਖੁੱਲ ਕੇ ਮਦਦ ਕੀਤੀ।

**ਬਾਬਾ ਬੰਦਾ ਸਿੰਘ ਬਹਾਦਰ ਦਾ ਬੱਚ ਕੇ ਨਿਕਲਣਾ**- ਬੰਦਾ ਸਿੰਘ ਦੀ ਵੱਧਦੀ ਹੋਈ ਸ਼ਕਤੀ ਨੂੰ ਕੁੱਚਲਣ ਲਈ ਬਹਾਦਰ ਸ਼ਾਹ ਨੇ ਪੂਰੀ ਤਿਆਰੀ ਆਰੰਭ ਕਰ ਦਿੱਤੀ। ਬਹਾਦਰ ਸ਼ਾਹ ਨੇ 60,000 ਹਜ਼ਾਰ ਦੀ ਭਾਰੀ ਭਰਕਮ ਫੌਜ ਨੂੰ ਪੰਜਾਬ ਵੱਲ ਤੋਰ ਦਿੱਤਾ। ਫੌਜ ਨੇ ਸਿੱਧਾ ਲੋਹਗੜ੍ਹ ਦੇ ਕਿਲੇ ਨੂੰ ਘੇਰਾ ਪਾ ਲਿਆ। ਲੋਹਗੜ੍ਹ ਬੰਦਾ ਸਿੰਘ ਦੀ ਰਾਜਧਾਨੀ ਸੀ। ਸਿੱਖਾਂ ਕਿਲੇ ਅੰਦਰੋਂ ਡੱਟ ਕੇ ਮੁਕਾਬਲਾ ਕੀਤਾ। ਘੇਰਾ ਪੈ ਜਾਣ ਕਾਰਨ 30 ਨਵੰਬਰ 1710 ਤੱਕ ਖਾਲਸਾ ਫੌਜਾਂ ਪੂਰੀ ਤਰ੍ਹਾਂ ਮੁਕਾਬਲਾ ਕਰਦੀਆਂ ਰਹੀਆਂ, ਪਰ ਸ਼ਾਹੀ ਫੌਜ਼ਾਂ ਦਾ ਲਸ਼ਕਰ ਜ਼ਿਆਦਾ ਹੋਣ ਕਾਰਨ ਜ਼ਿਆਦਾ ਦੇਰ ਤੱਕ ਮੁਕਾਬਲਾ ਕਰਨਾ ਕਠਿਨ ਹੀ ਨਹੀ ਨਾ ਮੁਮਕਿਨ ਸੀ, ਇਸ ਲਈ ਪਹਿਲੀ ਦਸੰਬਰ 1710 ਨੂੰ ਖਾਲਸਾ, ਸ਼ਾਹੀ ਫੌਜਾਂ ਨੂੰ ਝਕਾਨੀ ਦੇ ਕੇ ਨਿਕਲਣ ਵਿੱਚ ਕਾਮਯਾਬ ਹੋ ਗਈਆਂ ਤੇ ਬੰਦਾ ਸਿੰਘ ਪਹਾੜਾਂ ਵੱਲ ਨਿਕਲ ਗਿਆ।

**ਵਿਆਹ**- ਬਾਬਾ ਬੰਦਾ ਸਿੰਘ ਬਹਾਦੁਰ ਸ਼ਾਹੀ ਫੋਜ਼ਾਂ ਤੋਂ ਬੱਚ ਕੇ ਨਿਕਲਣ ਵਿੱਚ ਕਾਮਯਾਬ ਹੋ ਗਿਆ। ਬੱਚਦਾ-ਬਚਾਉਂਦਾ ਉਹ ਚੰਬਾ ਪਹੁੰਚਿਆ।ਚੰਬਾ ਪਹੁੰਚ ਕੇ ਉਸਨੇ ਫਰਵਰੀ 1711 ਵਿੱਚ ਚੰਬੇ ਦੀ ਰਾਜਕੁਮਾਰੀ ਨਾਲ ਗੁਰੂ ਮਰਿਆਦਾ ਅਨੁਸਾਰ ਵਿਆਹ ਕੀਤਾ। ਇਸੇ ਹੀ ਸਾਲ ਦੇ ਅਖੀਰ ਵਿੱਚ ਉਸ ਦੇ ਘਰ ਇੱਕ ਬੇਟੇ ਦਾ ਜਨਮ ਹੋਇਆ, ਜਿਸਦਾ ਨਾਮ ਅਜੈ ਸਿੰਘ ਰੱਖਿਆ ਗਿਆ।

**ਪੰਜਾਬ ਵਾਪਸੀ**- ਬਹਾਦਰ ਸ਼ਾਹ ਦੀ 1712 ਵਿੱਚ ਮੌਤ ਤੋਂ ਬਾਅਦ ਜਹਾਂਦਾਰ ਸ਼ਾਹ ਗੱਦੀ 'ਤੇ ਬੈਠਾ। ਇਸੇ ਹੀ ਸਾਲ ਇਸ ਦੇ ਭਤੀਜੇ ਫਰੁੱਖਸੀਅਰ ਨੇ ਇਸ ਨੂੰ ਮੌਤ ਦੇ ਘਾਟ ਉਤਾਰ ਕੇ ਗੱਦੀ ਸੰਭਾਲ ਲਈ। ਉਧਰ ਬਾਬਾ ਬੰਦਾ ਸਿੰਘ ਨੇ ਇੱਕ ਵਾਰ ਫਿਰ ਪੰਜਾਬ ਵੱਲ ਮੁਹਾਰਾਂ ਮੋੜੀਆਂ। ਉਸਨੇ ਆਪਣੀ ਪੂਰੀ ਤਾਕਤ ਨਾਲ ਬਹਿਰਾਮਪੁਰ, ਕਲਾਨੌਰ ਅਤੇ ਬਟਾਲਾ 'ਤੇ ਕਬਜ਼ਾ ਕਰ ਲਿਆ। ਸਿੰਘਾਂ ਦੀ ਵੱਧਦੀ ਹੋਈ ਤਾਕਤ ਨੂੰ ਵੇਖ ਕੇ ਬਾਦਸ਼ਾਹ ਨੇ ਬੰਦਾ ਸਿੰਘ ਬਹਾਦਰ ਨੂੰ ਗ੍ਰਿਫਤਾਰ ਕਰਨ ਦੀ ਵਿਉਂਤ ਬਣਾਈ।

**ਬੰਦੇ ਵਾਲੀ ਥੇਹ**-ਅਬਦੁਸ ਸੱਮਦ ਖਾਂ ਨੂੰ ਲਾਹੌਰ ਦਾ ਸੂਬੇਦਾਰ ਨਿਯੁਕਤ ਕਰਕੇ ਸਿੱਖਾਂ ਵਿਰੁੱਧ ਸਖਤ ਕਾਰਵਾਈ ਦਾ ਹੁਕਮ ਦੇ ਦਿੱਤਾ। ਇਸ ਵਿਸ਼ਾਲ ਸੈਨਾ ਨੇ ਗੁਰਦਾਸ ਨੰਗਲ ਦੇ ਕਿਲੇ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਘੇਰਾ ਪਾ ਲਿਆ। ਪ੍ਰਿੰ. ਗੰਗਾ ਸਿੰਘ ਤੇ ਪ੍ਰੋ. ਗੰਡਾ ਸਿੰਘ ਲਿੱਖਦੇ ਹਨ ਕਿ: ਗੁਰਦਾਸ ਨੰਗਲ ਇਹ ਡੇਰਾ ਦਰਿਆ ਚਨਾਬ ਦੇ ਕੰਢੇ ਤੇ ਸਥਿੱਤ ਹੈ। ਇਹ ਜੰਮੂ ਤੋਂ ਉੱਤਰ ਪੱਛਮ ਵੱਲ 28 ਮੀਲਾਂ ਦੀ ਵਿੱਥ 'ਤੇ ਹੈ। ਇਹ ਕੱਟੜਾ ਤੋਂ ਦੱਖਣ ਪੱਛਮ ਵੱਲ 14 ਮੀਲਾਂ 'ਤੇ ਅਤੇ ਰਿਆਸੀ ਤੋਂ ਦੱਖਣ ਵੱਲ 7 ਮੀਲਾਂ ਦੇ ਫਾਸਲੇ 'ਤੇ ਹੈ। ਇੱਥੇ ਬੰਦਾ ਸਿੰਘ ਬਹਾਦਰ ਇੱਕ ਸਾਲ ਤੋਂ ਜ਼ਿਆਦਾ ਸਮਾਂ ਰਹੇ। ਇਸਨੂੰ ਦੁਨੀਚੰਦ ਦੀ ਹਵੇਲੀ ਵੀ ਕਹਿੰਦੇ ਹਨ। ਇੱਥੇ ਹੀ ਬੰਦਾ ਸਿੰਘ ਨੇ ਵਜ਼ੀਰਾਬਾਦ ਦੇ ਇੱਕ ਖੱਤਰੀ ਦੀ ਧੀ ਨਾਲ ਦੂਜਾ ਵਿਆਹ ਕੀਤਾ ਸੀ। ਉਸ ਤੋਂ ਇੱਕ ਪੁੱਤਰ ਪੈਦਾ ਹੋਇਆ, ਜਿਸਦਾ ਨਾਮ ਰਣਜੀਤ ਸਿੰਘ ਰੱਖਿਆ ਗਿਆ, ਜੋ ਬੰਦਾ ਸਿੰਘ ਦੇ ਖਾਨਦਾਨ ਦੇ ਉੱਤਰਾਧਿਕਾਰੀ ਦਾ ਵੱਡਾ ਵਡੇਰਾ ਸੀ। ਇਸ ਪਿੰਡ ਦਾ ਅਸਲ ਥਾਂ ਉਜਾੜ ਹੋਏ ਢੇਰ ਦੀ ਸ਼ਕਲ ਵਿੱਚ ਦਿੱਸਦਾ ਹੈ, ਜਿਸਨੂੰ 'ਬੰਦੇ ਵਾਲੀ ਥੇਹ' ਕਹਿੰਦੇ ਹਨ। ਇਹ ਅਜੋਕੇ ਗੁਰਦਾਸ ਨੰਗਲ ਪਿੰਡ ਤੋਂ ਇੱਕ ਮੀਲ ਦੀ ਵਿੱਥ ਤੇ ਹੈ।

**ਗ੍ਰਿਫਤਾਰੀ ਤੇ ਜਲੂਸ**- ਬੰਦਾ ਸਿੰਘ ਬਹਾਦਰ ਨੇ ਦੁਨੀ ਚੰਦ ਦੀ ਹਵੇਲੀ ਤੋਂ ਮੁਕਾਬਲਾ ਜਾਰੀ ਰੱਖਿਆ। ਸਿੰਘ ਜਾਨ ਹੀਲ ਕੇ ਲੜੇ। ਸ਼ਾਹੀ ਫੌਜਾਂ ਘੇਰਾ ਤੰਗ ਕਰਦੀਆਂ ਗਈਆਂ ਤੇ ਕਿਲੇ ਦੀਆਂ ਕੰਧਾਂ ਤੱਕ ਪਹੁੰਚ ਕੇ ਬਾਹਰੀ ਮਦਦ ਬੰਦ ਕੀਤੀ ਗਈ। ਸਿੰਘ 8 ਮਹੀਨੇ ਤੱਕ ਭੁੱਖੇ ਲੜਦੇ ਰਹੇ। ਬਾਹਰੋਂ ਰਸਦ ਪਾਣੀ ਆਉਣਾ ਬੰਦ ਹੋ ਗਿਆ। ਕਹਿੰਦੇ ਹਨ ਕਿ ਮੌਤੋਂ ਭੁੱਖ ਬੁਰੀ। ਅੰਤ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਤਜ਼ਾਕਿਰਾਤੁਸ ਸਲਾਤੀਨ ਦੇ ਪੰਨਾ 178 ਏ, 179 ਬੀ ਤੇ ਲਿਖਿਆ ਹੈ ਕਿ ਜਦੋ ਸਿੱਖ ਗ੍ਰਿਫਤਾਰ ਕੀਤੇ ਗਏ ਤੇ ਸ਼ਹੀਦ ਹੋਏ ਸਿੰਘਾਂ ਦੇ ਸਰੀਰਾਂ ਨੂੰ ਸੋਨੇ ਦੇ ਸਿੱਕਿਆਂ ਦੇ ਲਾਲਚ ਵਿੱਚ ਚੀਰ ਫਾੜ ਦਿੱਤਾ ਗਿਆ, ਕਿਉਂਕਿ ਇਹ ਸਮਝਿਆ ਜਾਂਦਾ ਸੀ ਕਿ ਸਿੱਖਾਂ ਨੇ ਸੋਨੇ ਦੇ ਸਿੱਕੇ ਨਿਗਲ ਲਏ ਹਨ। ਸਿੱਖਾਂ ਦੇ ਸਿਰਾਂ ਵਿੱਚ ਤੂੜੀ ਭਰ ਕੇ ਨੇਜ਼ਿਆਂ ਉੱਪਰ ਟੰਗਿਆ ਗਿਆ। ਗ੍ਰਿਫਤਾਰ ਕਰਕੇ ਇੱਕ ਵਿਸ਼ਾਲ ਜਲੂਸ ਦੀ ਸ਼ਕਲ ਵਿੱਚ ਸਿੰਘਾਂ ਨੂੰ ਦਿੱਲੀ ਲਿਜਾਣ ਦੀ ਤਿਆਰੀ ਸ਼ੁਰੂ ਕੀਤੀ। ਬੰਦਾ ਸਿੰਘ ਨੂੰ ਹਾਥੀ ਉੱਪਰ ਰੱਖੇ ਪਿੰਜਰੇ ਵਿੱਚ ਬੰਦ ਕਰਕੇ ਸਾਰੇ ਸ਼ਹਿਰ 'ਚੋਂ ਲੰਘਾਇਆ ਗਿਆ। ਲੋਕਾਂ ਨੇ ਰਸਤੇ ਵਿੱਚ ਸਿੰਘਾਂ ਦਾ ਮਾਖੌਲ ਵੀ ਉਡਾਇਆ, ਪਰ ਸਿੰਘ ਸ਼ਾਤ ਚਿੱਤ ਬਾਣੀ ਪੜ੍ਹਦੇ ਜਾ ਰਹੇ ਸਨ।

**ਬਾਬਾ ਬੰਦਾ ਸਿੰਘ ਬਹਾਦਰ ਤੇ ਉਸਦੇ ਪੁੱਤਰ ਅਜੈ ਸਿੰਘ ਦੀ ਸ਼ਹੀਦੀ**- ਜਾਨ ਸਰਮਨ ਅਤੇ ਐਡਵਰਡ ਸਟੀਫਨਸਨ ਜੋ ਫਰੁੱਖਸੀਅਰ ਦੇ ਦਰਬਾਰ ਵਿੱਚ ਐਮਰਜੈਂਸੀ ਸਿਫਾਰਤਖਾਨੇ ਦੇ ਮੈਂਬਰ ਸਨ ਨੇ ਫੋਰਟ ਵਿਲੀਅਮ ਦੇ ਗਵਰਨਰ ਅਤੇ ਪ੍ਰੈਜ਼ੀਡੈਂਟ ਨੂੰ 10 ਮਾਰਚ 1716 ਨੂੰ ਪੱਤਰ ਲਿਖਿਆ ਸੀ ਕਿ 'ਸਿੰਘਾਂ ਨੂੰ ਇਸਲਾਮ ਕਬੂਲ ਕਰਨ ਲਈ ਪੇਸ਼ਕਸ਼ ਕੀਤੀ ਗਈ। ਕਿਸੇ ਇੱਕ ਵੀ ਸਿੰਘ ਨੇ ਹਾਮੀ ਨਾ ਭਰੀ।' 'ਅਖਬਰਾਤਿ ਦਰਬਾਰਿ ਮੁਅਲਾ' ਵਿੱਚ ਦਰਜ ਹੈ ਕਿ ਦਰਗਾਹ ਖਵਾਜ਼ਾ ਬਖਤਿਆਰ ਕਾਕੀ ਨੇੜੇ ਬਹਾਦਰ ਸ਼ਾਹ ਦੇ ਮਕਬਰੇ, ਜਿਸਨੂੰ ਖੁਲਦ ਮੰਜ਼ਿਲ ਕਹਿੰਦੇ ਹਨ, ਲਿਆਂਦਾ ਅਤੇ ਉਸਦੀ ਜ਼ੁਬਾਨ, ਅੱਖਾਂ ਕੱਢਣ, ਖੱਲੜੀ ਨਾਲੋਂ ਹੱਡੀਆਂ ਦਾ ਮਾਸ ਉਤਾਰਨ ਅਤੇ ਉਸਦੇ ਬੇਟੇ ਨੂੰ ਕਤਲ ਕਰਨ ਦਾ ਹੁਕਮ ਦਿੱਤਾ ਗਿਆ। ਡਾ: ਗੰਡਾ ਸਿੰਘ ਅਨੁਸਾਰ ਕੁੱਝ ਸਿੰਘਾਂ ਨੂੰ ਪਹਿਲਾਂ ਸ਼ਹੀਦ ਕੀਤਾ ਜਾਂਦਾ ਰਿਹਾ ਤੇ ਬੰਦਾ ਸਿੰਘ ਬਹਾਦਰ ਨੂੰ 9 ਜੂਨ 1716 ਨੂੰ 26 ਸਿੰਘਾਂ ਸਮੇਤ ਜਲੂਸ ਦੀ ਸ਼ਕਲ ਵਿੱਚ ਬਾਹਰ ਲਿਜਾਇਆ ਗਿਆ। ਕੁਤਬ ਮੀਨਾਰ ਦੇ ਨੇੜੇ ਬਹਾਦਰ ਸ਼ਾਹ ਦੀ ਕਬਰ 'ਤੇ ਪ੍ਰਕਰਮਾ ਕਰਵਾਈ ਗਈ ਤੇ ਬੰਦਾ ਸਿੰਘ ਨੂੰ ਮੁਸਲਮਾਨ ਹੋ ਜਾਣ ਲਈ ਪੇਸ਼ਕਸ਼ ਕੀਤੀ ਜੋ ਉਹਨਾਂ ਨੇ ਠੁਕਰਾ ਦਿੱਤੀ। ਫਿਰ ਉਸਦੇ ਪੁੱਤਰ ਅਜੈ ਸਿੰਘ ਨੂੰ ਉਸ ਦੀ ਗੋਦੀ ਵਿੱਚ ਬੈਠਾ ਕੇ ਕਤਲ ਕਰਨ ਲਈ ਕਿਹਾ ਗਿਆ, ਪਰ ਉਸਨੇ ਇਨਕਾਰ ਕਰ ਦਿੱਤਾ ਤਾਂ ਜੱਲਾਦ ਨੇ ਬੱਚੇ ਦੇ ਟੁੱਕੜੇ-ਟੁੱਕੜੇ ਕਰ ਕੇ ਤੜਫਦਾ ਕਲੇਜਾ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿੱਚ ਤੁੰਨਿਆ, ਪਰ ਬੰਦਾ ਸਿੰਘ ਅਡੋਲ ਸ਼ਾਂਤ ਚਿੱਤ ਰਹੇ। ਫਿਰ ਬਾਬਾ ਬੰਦਾ ਸਿੰਘ ਬਹਾਦਰ ਦੀ ਪਹਿਲਾਂ ਸੱਜੀ ਅੱਖ ਕੱਢੀ ਗਈ, ਫਿਰ ਖੱਬੀ ਅੱਖ ਕੱਢੀ ਗਈ। ਇਸ ਤੋਂ ਬਾਅਦ ਹੱਥ ਕੱਟੇ ਗਏ, ਫਿਰ ਪੈਰ ਕੱਟੇ ਗਏ, ਫਿਰ ਗਰਮ ਜਮੂਰਾਂ ਨਾਲ ਮਾਸ ਨੋਚਿਆ ਗਿਆ ਤੇ ਅੰਤ ਸੀਸ ਧੜ ਤੋਂ ਅਲੱਗ ਕਰਕੇ ਬਾਬਾ ਬੰਦਾ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਬਾਬਾ ਜੀ ਡੋਲੇ ਨਹੀਂ। ਉਸ ਅਕਾਲ ਪੁਰਖ ਦਾ ਭਾਣਾ ਸੱਤ ਕਰਕੇ ਮੰਨਿਆ ਤੇ ਆਪਣੇ ਗੁਰੂ ਦੀ ਪਰਖ 'ਤੇ ਖਰੇ ਉੱਤਰੇ। ਗੁਰੂ ਰਜ਼ਾ ਵਿੱਚ ਰਹਿ ਕੇ ਸ਼ਹੀਦੀ ਪ੍ਰਾਪਤ ਕੀਤੀ। ਗਿਆਨੀ ਸੋਹਣ ਸਿੰਘ ਸੀਤਲ ਲਿੱਖਦੇ ਹਨ ਕਿ ਰਹਿਤ ਮਰਿਯਾਦਾ ਅਨੁਸਾਰ ਬੰਦਾ ਸਿੰਘ ਪੂਰਨ ਸਿੱਖ ਸੀ। ਉਹ ਅੰਮ੍ਰਿਤਧਾਰੀ, ਬਾਣੀ ਦਾ ਨਿਤਨੇਮੀ ਤੇ ਰਹਿਤ ਵਿੱਚ ਪੂਰਾ ਸੀ। ਗੁਰੂ ਮਹਾਰਾਜ ਉੱਤੇ ਉਸਦਾ ਪੂਰਾ ਭਰੋਸਾ ਸੀ। ਗੁਰੂ ਗੋਬਿੰਦ ਸਿੰਘ ਜੀ ਨੂੰ ਉਹ 'ਮਹਾਂਪੁਰਖ' ਜਾਂ 'ਸੱਚਾ ਸਾਹਿਬ' ਕਹਿੰਦਾ ਸੀ। ਹਰ ਕੰਮ ਉਹ ਅਰਦਾਸਾ ਕਰਕੇ ਕਰਦਾ ਸੀ, ਜੋ ਤਾਕਤ ਉਸਨੇ ਹਾਸਲ ਕੀਤੀ, ਉਹ ਸਭ ਗੁਰੂ ਗੋਬਿੰਦ ਸਿੰਘ ਜੀ ਦੀ ਮੇਹਰ ਕਰਕੇ ਸਮਝਦਾ ਸੀ। ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ ਨੂੰ ਪ੍ਰਣਾਮ।

Nlight Financial

# Insurance



**Are you paying too much for Auto, Home, Business, Workman Compensation, Contractors, General Liability, E&O ?**

**Call us today for complimentary analysis of your policy.**

# NLight Financial LLC



**Sharanjit Singh Thind**
Licensed Insurance Broker/ Notary Public
(Service with Honesty & Smile, Since 2012)

1900, Hempstead Tpke., Suite 306
East Meadow, New York 11554
Cell: 917 612 3158 Tel Fax: 516 246 9022
Email: info@nlightfin.com
www.nlightfin.com

# ਪੰਜਾਬ ਸਬੰਧੀ ਕਾਂਗਰਸ ਹਾਈਕਮਾਨ ਕੁੰਭਕਰਨੀ ਨੀਂਦ ਤੋੜੇ

ਦਰਬਾਰਾ ਸਿੰਘ ਕਾਹਲੋਂ
94170-940344

ਕਦੇ ਦੇਸ਼ ਦੇ ਪ੍ਰਤੀ ਜੀਅ ਆਮਦਨ, ਵਿਕਾਸ ਅਤੇ ਖੁਸ਼ਹਾਲੀ ਖੇਤਰਾਂ ਵਿਚ ਨੰਬਰ ਇੱਕ ਰਾਜ ਵਜੋਂ ਜਾਣਿਆ ਜਾਂਦਾ ਪੰਜਾਬ ਅੱਜ ਅਤਿ ਦੀ ਰਾਜਨੀਤਕ, ਆਰਥਿਕ, ਸਮਾਜਿਕ, ਧਾਰਮਿਕ ਅਤੇ ਸਭਿਆਚਾਰਕ ਬਦਹਾਲੀ ਦਾ ਸ਼ਿਕਾਰ ਬਣਿਆ ਪਿਆ ਹੈ। ਕਿਸੇ ਵੀ ਪਰਿਵਾਰ, ਸਮਾਜ ਜਾਂ ਰਾਜ ਦੇ ਭਵਿੱਖ ਨੂੰ ਮੁੜ ਤੋਂ ਉਸਾਰਨ ਦੀ ਹਿੰਮਤ ਰਖਣ ਵੱਜੋਂ ਜਾਣੀ ਜਾਂਦੀ ਨੌਜਵਾਨ ਸ਼ਕਤੀ, ਪੰਜਾਬ ਵਿਚ ਬਿਲਕੁਲ ਮਲੀਆਮੇਟ ਹੋ ਚੁੱਕੀ ਹੈ। ਪੰਜਾਬ ਅੰਦਰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਦੀ ਸਰਕਾਰ ਅਤੇ ਪ੍ਰਸ਼ਾਸਨ ਦੀ ਹਾਲਤ ਬਿਗੜੈਲ ਅਤੇ ਆਪ ਮੁਹਾਰੇ ਬੇਲਗਾਮ ਘੋੜੇ ਵਰਗੀ ਹੋ ਚੁੱਕੀ ਹੈ। ਕਾਂਗਰਸ ਹਾਈ ਕਮਾਨ ਦੀ ਪੰਜਾਬ ਬਾਰੇ ਮੌਜੂਦਾ ਸਥਿਤੀ ਵਿਚ ਹਾਲਤ ਰੋਮ ਦੇ ਬਾਦਸ਼ਾਹ ਨੀਰੂ ਵਰਗੀ ਬਣੀ ਪਈ ਹੈ ਜੋ ਰੋਮ ਜਲ ਰਿਹਾ ਸੀ ਤੇ ਆਪ ਮੌਜ-ਮਸਤੀ ਵਿਚ ਮਸਰੂਫ ਦਰਿਆ ਕਿਨਾਰੇ ਬੰਸਰੀ ਵਜਾ ਰਿਹਾ ਸੀ। ਹੈਰਾਨਗੀ ਦੀ ਗੱਲ ਤਾਂ ਇਹ ਹੈ ਕਿ ਮੱਧ ਪ੍ਰਦੇਸ਼ ਅੰਦਰ ਕਮਲ ਨਾਥ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਗਵਾਉਣ ਬਾਅਦ ਵੀ ਕਾਂਗਰਸ ਹਾਈਕਮਾਨ ਕੁੰਭਕਰਨੀ ਨੀਂਦ ਵਿਚੋਂ ਜਾਗ ਨਹੀਂ ਰਹੀ। ਅੱਜ ਜੇਕਰ ਕਾਂਗਰਸ ਹਾਈਕਮਾਨ ਦੀ ਵਾਗਡੋਰ ਪੰਡਤ ਜਵਾਹਰ ਲਾਲ ਨਹਿਰੂ, ਕੇ. ਕਾਮਰਾਜ, ਲਾਲ ਬਹਾਦਰ ਸਾਸ਼ਤਰੀ ਜਾਂ ਸ਼੍ਰੀਮਤੀ ਇੰਦਰਾ ਗਾਂਧੀ ਵਰਗੀ ਸੁਚੇਤ ਅਗਵਾਈ ਹੇਠ ਹੁੰਦੀ ਤਾਂ ਪੰਜਾਬ ਅੰਦਰ ਪਿੱਛਲੇ ਕਰੀਬ ਸਾਢੇ ਤਿੰਨ ਸਾਲ ਤੋਂ ਬੁਰੀ ਤਰ੍ਹਾਂ ਅਸਫਲ ਸਰਕਾਰ ਚਲਾ ਰਹੇ ਕੈਪਟਨ ਅਮਰਿੰਦਰ ਸਿੰਘ ਦਾ ਕਦੇ ਦਾ ਬਿਸਤਰਾ ਗੋਲ ਕਰ ਦਿੱਤਾ ਗਿਆ ਹੁੰਦਾ ਅਤੇ ਉਨ੍ਹਾਂ ਦੀ ਥਾਂ ਕਿਸੇ ਕਾਬਲ, ਟੇਲੈਂਟਿਡ ਅਤੇ ਗਤੀਸ਼ੀਲ ਕਾਂਗਰਸ ਆਗੂ ਨੂੰ ਸਰਕਾਰ ਦੀ ਕਮਾਨ ਸੰਭਾਲ ਦਿਤੀ ਹੁੰਦੀ। ਅਜੋਕੇ ਪੰਜਾਬ ਦੀ ਬਰਬਾਦੀ ਦੀ ਦਾਸਤਾਨ ਲਈ ਪ੍ਰਮੁੱਖ ਤੌਰ 'ਤੇ ਚਾਰ ਰਾਜਨੀਤਕ ਅਤੇ ਪ੍ਰਸ਼ਾਸਨਿਕ ਸ਼ਕਤੀਆਂ ਜ਼ੁੰਮੇਵਾਰ ਹਨ। ਇਹ ਹਨ ਕੇਂਦਰ ਸਰਕਾਰਾਂ, ਪੰਜਾਬ ਅੰਦਰ ਕਾਂਗਰਸ ਅਤੇ ਅਕਾਲੀ-ਭਾਜਪਾ ਗਠਜੋੜ ਸਰਕਾਰਾਂ, ਆਪਹੁੱਦਰੀ, ਭ੍ਰਿਸ਼ਟ ਅਤੇ ਤਾਕਤਵਰ ਅਫਸਰਸ਼ਾਹੀ। ਪੰਜਾਬ ਅੰਦਰ 10-12 ਸਾਲਾ ਰਾਜਕੀ ਅਤੇ ਗੈਰ-ਰਾਜਕੀ ਅੱਤਵਾਦੀ ਤ੍ਰਾਸਦੀ, ਪੰਜਾਬ ਦੀਆਂ ਸੰਵਿਧਾਨਿਕ, ਰਾਜਨੀਤਕ, ਆਰਥਿਕ ਅਤੇ ਧਾਰਮਿਕ ਸੰਸਥਾਵਾਂ ਦੀ ਬਰਬਾਦੀ, ਪੰਜਾਬ ਦੇ ਅਮੀਰ ਵਿਰਸੇ ਦਾ ਘਾਣ ਅਤੇ ਨੌਜਵਾਨੀ ਦੇ ਮਲੀਆਮੇਟ ਲਈ ਇਹੋ ਸ਼ਕਤੀਆਂ ਕਸੂਰਵਾਰ ਹਨ। ਪੰਜਾਬ ਦੇ ਵਿਕਾਸ ਫੰਡ, ਰੇਤਾ-ਬੱਜਰੀ, ਕੇਬਲ, ਟਰਾਂਸਪੋਰਟ, ਸ਼ਰਾਬ, ਕਸਟਮ, ਲੈਂਡ ਉਪਜ ਅਤੇ ਵਿੱਕਰੀ, ਸਨਅਤ, ਵਪਾਰ ਆਦਿ ਤੋਂ ਹੋਣ ਵਾਲੀ ਆਮਦਨ ਇਹੋ ਸ਼ਕਤੀਆਂ ਸਬੰਧੀ ਆਗੂ ਆਪਣੀਆਂ ਜੇਬਾਂ ਵਿਚ ਪਾ ਗਈਆਂ। ਇਸ ਲੁੱਟੇ ਧੰਨ ਨਾਲ ਦੇਸ਼-ਵਿਦੇਸ਼ ਅੰਦਰ ਜਾਇਦਾਦਾਂ ਖਰੀਦ ਲਈਆਂ, ਕਾਰੋਬਾਰ ਸਥਾਪਿਤ ਕਰ ਲਏ। ਇੱਥੇ ਬਸ ਨਹੀਂ ਪੰਜਾਬ ਨੂੰ ਢਾਈ ਲੱਖ ਕਰੋੜ ਦਾ ਕਰਜ਼ਾਈ ਕਰ ਦਿੱਤਾ, ਜਿਸ ਦੇ ਵਿਆਜ ਦੀਆਂ ਕਿਸ਼ਤਾਂ ਵੀ ਬਜ਼ਾਰ ਵਿਚੋਂ ਵਿਆਜ 'ਤੇ ਕਰਜ਼ਾ ਚੁੱਕ ਕੇ ਅਦਾ ਕੀਤੀਆਂ ਜਾਂਦੀਆਂ ਹਨ। ਜੇਕਰ ਕੋਈ ਕੇਂਦਰ ਸਰਕਾਰ ਜਾਂ ਭਵਿੱਖੀ ਪੰਜਾਬ ਸਰਕਾਰ ਇੱਕ 'ਟਰੁੱਥ ਅਤੇ ਵਸੂਲੀ' ਕਮਿਸ਼ਨ ਸੁਪਰੀਮ ਕੋਰਟ ਦੀ ਦੇਖ-ਰੇਖ ਹੇਠ ਸੁਪਰੀਮ ਕੋਰਟ ਜਾਂ ਹਾਈਕੋਰਟ ਦੇ ਸਿਟਿੰਗ ਜੱਜ ਦੀ ਅਗਵਾਈ ਹੇਠ ਗਠਤ ਕਰਕੇ ਸਮਾਬੱਧਤਾ ਨਾਲ ਰਿਪੋਰਟ ਦੇਣ ਅਤੇ ਅਮਲ ਦੀ ਪ੍ਰਕ੍ਰਿਆ ਇਮਾਨਦਾਰੀ, ਜ਼ੁੰਮੇਵਾਰੀ ਅਤੇ ਜਵਾਬਦੇਹੀ ਨਾਲ ਸਿਰੇ ਲਗਾਏ ਤਾਂ ਪੰਜਾਬ ਸਿਰ ਚੜ੍ਹੇ ਕਰਜ਼ੇ ਸਮੇਤ ਇਸ ਨੂੰ ਮੁੜ ਸੋਨ-ਚਿੜੀ ਉਸਾਰਨ ਵਾਲਾ ਲੱਖਾਂ ਕਰੋੜ ਰੁਪਇਆ ਇਨ੍ਹਾਂ ਭ੍ਰਿਸ਼ਟਾਚਾਰੀ ਸ਼ਕਤੀਆਂ ਤੋਂ ਵਸੂਲਿਆ ਜਾ ਸਕਦਾ ਹੈ। ਲੇਕਿਨ ਹਿੰਦੂਸਤਾਨ ਅੰਦਰ ਰਾਜਨੀਤਕ ਅਤੇ ਸੰਵਿਧਾਨਿਕ ਤੌਰ 'ਤੇ ਐਸਾ ਵਰਤਾਰਾ ਅਜੇ ਤੱਕ ਮਨਫੀ ਰਿਹਾ। ਪੰਜਾਬ ਦੇ ਵਿਧਾਇਕਾਂ ਦੀ ਗਿਰੀ ਹੋਈ ਮਾਨਸਿਕਤਾ ਵੇਖੋ! ਵਿਧਾਨ ਸਭਾ ਸੰਸਥਾ ਦਾ ਨਜਾਇਜ਼ ਫਾਇਦਾ ਉਠਾਉਂਦੇ ਉਹ ਜਿੰਨੀ ਵਾਰ ਵਿਧਾਇਕ ਉਨੀ ਵਾਰ ਪੈਨਸ਼ਨ ਆਪਣੇ ਨਾਂਅ ਕਰ ਲਈ ਹੈ। ਅਜੋਕੀ ਕਾਂਗਰਸ ਹਾਈਕਮਾਨ ਸ਼੍ਰੀਮਤੀ ਸੋਨੀਆ ਮਾਇਨੋ ਗਾਂਧੀ, ਉਸਦੇ ਪੁੱਤਰ ਰਾਹੁਲ ਗਾਂਧੀ, ਪੁੱਤਰੀ ਸ਼੍ਰੀਮਤੀ ਪ੍ਰਿਅੰਕਾ ਵਾਡਰਾ ਗਾਂਧੀ ਤ੍ਰੈਮੂਰਤੀ ਪਰਿਵਾਰ 'ਤੇ ਅਧਾਰਤ ਹੈ। ਬਾਕੀ ਸਮੂਹ ਕਾਂਗਰਸ ਪਾਰਟੀ ਸਬੰਧਤ ਪਦ-ਅਧਿਕਾਰੀ ਉਨ੍ਹਾਂ ਦੇ ਇੱਕ ਤੋਂ ਇੱਕ ਵੱਧ ਚਾਪਲੂਸ ਵਿਅਕਤੀਆਂ ਤੋਂ ਵੱਧ ਕੁਝ ਨਹੀਂ। ਰਾਹੁਲ ਗਾਂਧੀ ਵੱਲੋਂ ਸੰਨ 2019 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਸ਼ਰਮਨਾਕ ਹਾਰ ਕਰਕੇ ਪ੍ਰਧਾਨਗੀ ਪਦ ਤੋਂ ਅਸਤੀਫਾ ਦੇਣ ਬਾਅਦ ਇਹ ਪਦ ਮੁੜ ਸ਼੍ਰੀਮਤੀ ਸੋਨੀਆ ਗਾਂਧੀ ਨੂੰ ਸੌਂਪ ਦਿੱਤਾ ਕਿਉਂਕਿ ਪਾਰਟੀ ਅਤੇ ਇਸਦੇ ਦਿੱਗਜ਼ ਆਗੂ ਉਸ ਅੱਗੇ ਆਪਣੇ ਆਪ ਨੂੰ ਬੌਣੇ ਸਮਝਦੇ ਇਸ ਪਦ ਦੇ ਯੋਗ ਹੀ ਨਹੀਂ ਸਮਝਦੇ। ਅੱਜ ਪਾਰਟੀ ਦੇ ਸਾਰੇ ਨਿਰਣੇ ਏਕਾਧਿਕਾਰਵਾਦ ਤੌਰ 'ਤੇ ਬੀਮਾਰੀ ਨਾਲ ਲੰਬੇ ਸਮੇਂ ਤੋਂ ਜੂਝ ਰਹੀ ਸ੍ਰੀਮਤੀ ਸੋਨੀਆ ਗਾਂਧੀ ਆਪਣੇ ਪ੍ਰਮੁੱਖ ਪਰਿਵਾਰਕ ਮੈਂਬਰ ਪੁੱਤਰ ਅਤੇ ਧੀ ਦੀ ਸਲਾਹ ਨਾਲ ਹੀ ਲੈਂਦੀ ਹੈ। ਪੂਰਾ ਰਾਸ਼ਟਰ ਅਤੇ ਪੰਜਾਬ ਦੇ ਲੋਕ ਇਸ ਗੱਲੋਂ ਹੈਰਾਨ ਹਨ ਕਿ ਪੰਜਾਬ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਸ: ਪ੍ਰਤਾਪ ਸਿੰਘ ਬਾਜਵਾ, ਸਮਸ਼ੇਰ ਸਿੰਘ ਦੂਲੋ, ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ, ਕੈਬਨਿਟ ਮੰਤਰੀ, ਬਹੁ-ਗਿਣਤੀ ਵਿਧਾਇਕ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਸ਼ਾਸਨਿਕ ਕਾਰਜਸ਼ੈਲੀ, ਰਾਜਾਸ਼ਾਹ ਏਕਾਧਿਕਾਰ ਅਤੇ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੋਣਾ, ਕੈਬਨਿਟ-ਅਫਸਰਸ਼ਾਹ ਟਕਰਾਅ ਸਥਿਤੀ ਵਿਚ ਮੁੱਖ ਮੰਤਰੀ ਵਲੋਂ ਅਫਸਰਸ਼ਾਹੀ ਦੀ ਡੱਟ ਕੇ ਪਿੱਠ ਠੋਕਣਾ, ਸਰਕਾਰ ਦੀਆਂ ਨੀਤੀਆਂ ਦੇ ਨਿਰਧਾਰਨ ਅਤੇ ਅਮਲ ਵਿਚੋਂ ਕੈਬਨਿਟ, ਵਿਧਾਇਕ ਦਲ ਅਤੇ ਕਾਂਗਰਸ ਪਾਰਟੀ ਨੂੰ ਮਨਫ਼ੀ ਕਰਨਾ, ਥਾਣੇਦਾਰ, ਤਹਿਸੀਲਦਾਰ, ਬੀ.ਡੀ.ਪੀ.ਓ ਵਰਗੇ ਹੇਠਲੇ ਦਰਜੇ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਵਿਧਾਇਕਾਂ ਦੇ ਜਨਤਕ ਕੰਮਾਂ ਨੂੰ ਨਕਾਰਨਾ ਨਹੀਂ ਬਲਕਿ ਰਿਸ਼ਵਤ ਦੀ ਡਾਕੂਆਂ ਵਾਂਗ ਮੰਗ ਕਰਨੀ (ਸ਼ੁਤਰਾਣਾ ਦੇ ਵਿਧਾਇਕ ਨਿਰਮਲ ਸਿੰਘ ਤੋਂ ਤਹਿਸੀਲਦਾਰ ਵੱਲੋਂ ਮੰਗ ਕਰਨਾ), ਨਵਜੋਤ ਸਿੰਘ ਸਿੱਧੂ ਵੱਲੋਂ ਕਾਂਗਰਸ ਹਾਈਕਮਾਨ ਕੋਲ ਸ਼ਿਕਾਇਤਾਂ ਕਰਨਾ, ਤਿੰਨ ਦਿਨ ਪ੍ਰਮੁੱਖ ਅਫਸਰਸ਼ਾਹ ਸੁਰੇਸ਼ ਕੁਮਾਰ ਵੱਲੋਂ ਕਾਂਗਰਸ ਪ੍ਰਦੇਸ਼ ਪ੍ਰਧਾਨ ਸੁਨੀਲ ਜਾਖੜ ਨੂੰ ਮੁੱਖ ਮੰਤਰੀ ਨਾਲ ਨਾ ਮਿਲਣ ਦੇਣਾ, ਉਨ੍ਹਾਂ ਵੱਲੋਂ ਨਰਾਜ਼ ਹੋ ਕੇ ਦਿੱਲੀ ਹਾਈਕਮਾਨ ਕੋਲ ਰੋਣਾ, 40 ਵਿਧਾਇਕਾਂ ਸਮੇਤ ਕੁਝ ਮੰਤਰੀਆਂ ਦੇ ਸਾਬਕਾ ਸ਼੍ਰੋਮਣੀ ਅਕਾਲੀ ਦਲ ਮੰਤਰੀ ਵਿਰੁੱਧ ਚਿੱਟੇ ਜਿਹੇ ਨਸ਼ੀਲੇ ਪਦਾਰਥ ਦੀ ਤਸਕਰੀ ਦੇ ਦੋਸ਼ਾਂ ਵਿਰੁੱਧ ਮੁੱਖ ਮੰਤਰੀ ਵੱਲੋਂ ਉਸ ਨੂੰ ਕਲੀਨ ਚਿੱਟ ਦੇਣਾ, ਵਿਧਾਇਕ ਪ੍ਰਗਟ ਸਿੰਘ ਵੱਲੋਂ ਕੈਪਟਨ ਸਰਕਾਰ ਦੀ ਨਿਕੰਮੀ ਕਾਰਜਸ਼ੈਲੀ, ਚੋਣਾਂ ਵੇਲੇ ਲੋਕਾਂ ਨਾਲ ਚੋਣ ਮੈਨੀਫੈਸਟੋ ਰਾਹੀਂ ਕੀਤੇ ਵਾਅਦੇ ਪੂਰੇ ਨਾ ਕਰਨ 'ਤੇ ਅਫਸਰਸ਼ਾਹੀ ਗਲਬੇ ਸਬੰਧੀ ਹਾਈਕਮਾਨ ਨੂੰ ਪੱਤਰ ਲਿਖਣਾ ਆਦਿ ਯਤਨਾਂ ਨੂੰ ਕਾਂਗਰਸ ਹਾਈ ਕਮਾਨ ਦੇ ਦਰਬਾਰ ਵਿਚ ਕੋਈ ਬੂਰ ਨਹੀਂ ਪਿਆ। ਇਸ ਵਾਰ ਸੰਨ 2017 ਦੀਆਂ ਚੋਣਾਂ ਕਾਂਗਰਸ ਪਾਰਟੀ ਦੀ ਅਗਵਾਈ ਕਰਦੇ ਕੈਪਟਨ ਅਮਰਿੰਦਰ ਸਿੰਘ ਨੇ ਰਾਸ਼ਟਰ ਅਤੇ ਲੋਕ ਵਿਰੋਧੀ ਚੋਣ ਸਲਾਹਕਾਰ ਪ੍ਰਸ਼ਾਂਤ ਕਿਸ਼ੋਰ ਦੀ ਅਬਾਰਤ ਅਨੁਸਾਰ ਪੰਜਾਬੀਆਂ ਨੂੰ ਗੁੰਮਰਾਹ ਕਰਕੇ ਜਿੱਤੀਆਂ ਸਨ। ਪੰਜਾਬ ਦੇ ਲੋਕ ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸ ਪਾਰਟੀ ਦੇ ਕੁਸਾਸ਼ਨ, ਭ੍ਰਿਸ਼ਟਾਚਾਰ, ਦਮਨਕਾਰੀ ਨੀਤੀਆਂ, ਕੁੱਟ ਅਤੇ ਲੁੱਟ ਦੇ ਅਮਲ ਤੋਂ ਨੱਕੋ-ਨੱਕ ਆਏ ਆਮ ਆਦਮੀ ਪਾਰਟੀ ਨੂੰ ਮੌਕਾ ਦੇਣਾ ਚਾਹੁੰਦੇ ਹਨ। ਪਰ ਐਨ ਮੌਕੇ ਅਕਾਲੀ-ਕਾਂਗਰਸ ਅੰਦਰਖਾਤੇ ਗਠਜੋੜ ਅਤੇ ਅਕਾਲੀ ਵੋਟਾਂ ਦਾ ਕਾਂਗਰਸ ਦੇ ਹੱਕ ਵਿਚ ਭੁਗਤਾਨ, ਆਮ ਆਦਮੀ ਪਾਰਟੀ ਦੇ ਦਿੱਲੀਓਂ ਆਏ ਆਗੂਆਂ ਵੱਲੋਂ ਬਦਮਾਸ਼ੀ ਅਤੇ ਧੋਖਾਧੜੀ ਕਰਕੇ ਪੰਜਾਬ ਦੇ ਲੋਕ ਬੁਰੀ ਤਰ੍ਹਾਂ ਠੱਗੇ ਗਏ। ਇਸ ਵਾਰ ਕੈਪਟਨ ਸਾਹਿਬ ਨੇ ਹੂੰਝਾਫੇਰੂ ਜਿੱਤ ਬਾਅਦ ਸਰਕਾਰ ਅਤੇ ਸਾਸ਼ਨ ਪਾਰਲੀਮੈਂਟਰੀ ਆਗੂ ਵਜੋਂ ਨਹੀਂ ਪ੍ਰਧਾਨਵਾਦੀ ਆਗੂ ਵਜੋਂ ਅਮਰੀਕੀ ਪ੍ਰਧਾਨ ਦੀ ਤਰਜ਼ 'ਤੇ ਚਲਾਉਣਾ ਸ਼ੁਰੂ ਕੀਤਾ। ਆਪਣੀ 20-22 ਸਲਾਹਕਾਰਾਂ ਦੀ ਨਿੱਜੀ ਟੀਮ 'ਤੇ ਅਧਾਰਤ ਸਰਕਾਰ ਨੂੰ ਮਹਿਕਮੇ ਵੰਡ ਦਿਤੇ। ਕੈਬਨਿਟ ਤਾਂ ਮਹਿਜ਼ ਮੁਹਰੇ ਬਣਾਏ ਪੂਰੀਆਂ ਸ਼ਕਤੀਆਂ ਚੀਫ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਅਤੇ ਦੂਸਰੇ ਸਲਾਹਕਾਰਾਂ ਨੂੰ ਦਿੱਤੀਆਂ ਗਈਆਂ। ਇਹ ਤਜਰਬਾ ਭਾਰਤੀ ਲੋਕ ਰਾਜ ਵਿਵਸਥਾ ਵਿਚ ਬੁਰੀ ਤਰ੍ਹਾਂ ਮੂਧੇ ਮੂੰਹ ਡਿਗਾ ਵਿਖਾਈ ਦਿੱਤਾ। ਲੋਕਤੰਤਰੀ ਵਿਵਸਥਾ ਦਾ ਸੰਕਟ ਉਦੋਂ ਸਿਰ ਚੜ੍ਹ ਕੇ ਭੜਥੂ ਪਾਉਣ ਲਗਾ ਜਦੋਂ ਲੋਕ ਕਾਂਗਰਸ ਵਿਧਾਇਕਾਂ ਅਤੇ ਮੰਤਰੀਆਂ ਨੂੰ ਚੋਣ ਮੈਨੀਫੈਸਟੋ ਅਨੁਸਾਰ ਵਾਅਦਿਆਂ ਅਤੇ ਡੇਅ-ਟੂਡੇਅ ਜਨਤਕ ਕੰਮਾਂਕਾਰਾਂ ਤੋਂ ਭੱਜਦੇ ਵੇਖ ਜਾਣ ਲੱਗੇ। ਸਥਿੱਤੀ ਕੋਵਿਡ-19 ਮਹਾਂਮਾਰੀ ਕਰਕੇ ਹੋਰ ਵੀ ਬਦਤਰ ਹੋ ਗਈ। ਪਿੱਛਲੇ ਸਾਢੇ ਤਿੰਨ ਮਹੀਨੇ ਤੋਂ ਸੀਸਵਾਂ ਮਹੱਲ ਵਿਚ ਸਵੈਇਕਾਂਤਵਾਸ ਵਿਚ ਪੁਲਿਸ ਛਾਉਣੀ ਸੁਰੱਖਿਆ ਛੱਤਰੀ ਕਾਇਮ ਕਰਕੇ ਆਮ ਆਦਮੀ ਤਾਂ ਦੂਰੀ ਦੀ ਗੱਲ ਮੰਤਰੀਆਂ ਅਤੇ ਵਿਧਾਇਕਾਂ ਦੀ ਪਹੁੰਚ ਤੋਂ ਦੂਰ ਮੁੱਖ ਮੰਤਰੀ ਵੱਲੋਂ ਵੀਡੀਓਗ੍ਰਾਫੀ ਜਾਂ ਟੈਲੀਫੋਨਿਕ ਤੌਰ 'ਤੇ ਸਰਕਾਰ ਚਲਾਉਣ ਦੇ ਯਤਨ ਸਰਕਾਰ ਤੇ ਪ੍ਰਸ਼ਾਸਨ ਅੱਥਰੇ ਬੇਲਗਾਮ ਘੋੜੇ ਵਾਂਗ ਬਿਲਕੁਲ ਬੇਕਾਬੂ ਹੋਣ ਕਰਕੇ ਅਸਫਲ ਹੁੰਦੇ ਚਲੇ ਗਏ।

ਐਸੀ ਸਰਕਾਰੀ ਪ੍ਰਸ਼ਾਸਨਿਕ ਅਸਫਲਤਾ ਦੇ ਚਲਦੇ ਵਿਧਾਇਕ ਲੋਕਾਂ ਦਾ ਸਾਹਮਣਾ ਕਰਨੋਂ ਲੁੱਕਦੇ ਨਜ਼ਰ ਆ ਰਹੇ ਹਨ। ਉਹ ਅੰਦਰ ਵੜ ਕੇ ਵਿਰਲਾਪ ਕਰ ਰਹੇ ਹਨ ਕਿ ਚਾਲੂ ਸਾਲ ਕੋਰੋਨਾ-ਮਹਾਂਮਾਰੀ ਸਿਰ ਚੜ੍ਹ ਜਾਏਗਾ। ਅਗਲੇ ਸਾਲ ਚੋਣ ਸਰਗਰਮੀਆਂ ਸ਼ੁਰੂ ਹੋ ਜਾਣਗੀਆਂ। ਐਸੀ ਸਥਿਤੀ ਵਿਚ ਉਹ ਕਿਸ ਮੂੰਹ ਨਾਲ ਆਪਣੇ ਹਲਕਿਆਂ ਵਿਚ ਲੋਕਾਂ ਤੋਂ ਵੋਟਾਂ ਮੰਗਣ ਜਾਣਗੇ? ਨਤੀਜੇ ਵਜੋਂ ਕਾਂਗਰਸ ਦੀ ਅਕਾਲੀ-ਭਾਜਪਾ ਤੋਂ ਵੀ ਸੰਨ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਸ਼ਰਮਨਾਕ ਹਾਰ ਹੋਵੇਗੀ। ਜੇਕਰ ਕਾਂਗਰਸ ਹਾਈਕਮਾਨ ਸਾਬਕਾ ਹਾਕੀ ਕੈਪਟਨ ਅਤੇ ਸਾਰਥਕ ਜਨਤਕ ਆਗੂ ਪ੍ਰਗਟ ਸਿੰਘ ਵਰਗੇ ਕਿਸੇ ਤਰਕਸ਼ੀਲ ਆਗੂ ਨੂੰ ਤਾਕਤਵਰ ਪਰ ਅਸਫਲ ਸਥਾਪਿਤ ਕੈਪਟਨ ਅਮਰਿੰਦਰ ਸਿੰਘ ਦੀ ਥਾਂ ਪੰਜਾਬ ਵਿਚ ਸੱਤਾ ਨਹੀਂ ਸੰਭਾਲਦੀ ਤਾਂ ਆਉਣ ਵਾਲੇ ਲੰਬੇ ਸਮੇਂ ਲਈ ਕਾਂਗਰਸ ਮੁੱਕਤ ਪੰਜਾਬ ਲਈ ਇਹੋ ਜ਼ੁੰਮੇਵਾਰ ਠਹਿਰਾਈ ਜਾਵੇਗੀ।

**ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ।**

# ਸੋਸ਼ਲ ਮੀਡੀਆ ਅਤੇ ਸਮਾਜਿਕ ਸਰੋਕਾਰ



ਅੱਜ ਦੇ ਸਮੇਂ ਵਿੱਚ ਜਦੋਂ ਮੇਨ ਸਟਰੀਮ ਮੀਡੀਆ ਦਾ ਸਾਰਾ ਜ਼ੋਰ ਗਲੈਮਰ , ਸਰਕਾਰ ਪੱਖੀ ਅਤੇ ਕਾਰਪੋਰੇਟ ਏਜੰਡੇ ਨੂੰ ਪ੍ਰਮੋਟ ਕਰਨ 'ਤੇ ਲੱਗਾ ਹੋਵੇ , ਓਦੋਂ ਆਮ ਜਨ ਸਧਾਰਨ ਦੇ ਮਸਲੇ ਕੌਣ ਉਠਾਵੇ ? ਤਾਂ ਆਸ ਦੀ ਕਿਰਨ ਵਜੋਂ ਸ਼ੋਸਲ ਮੀਡੀਆ ਕੁੱਝ ਹੱਦ ਤੱਕ ਇੱਕ ਜ਼ਬਰਦਸਤ ਪਲੇਟਫ਼ਾਰਮ ਦੇ ਰੂਪ ਵਿੱਚ ਸਾਹਮਣੇ ਆ ਰਿਹਾ । ਜੋ ਲੋਕ ਅਵਾਜ਼ ਬਣ ਕੇ ਅਣਗੌਲ਼ੇ ਮਸਲਿਆਂ ਨੂੰ ਉਠਾਉਣ ਦਾ ਕੰਮ ਕਰ ਰਿਹਾ ਹੈ । ਹੁਣ ਰਹੀ ਗੱਲ ਸੋਸ਼ਲ ਮੀਡੀਆ ਦੀ ਸਾਰਥਿਕ ਵਰਤੋਂ ਦੀ , ਲਾਕਡਾਊਨ ਦੌਰਾਨ ਸੋਸ਼ਲ ਮੀਡੀਆ ਦੇ ਵੱਖ-ਵੱਖ ਮੰਚ ਜਿਵੇਂ ਵਟਸਐਪ , ਯੂ ਟਿਊਬ, ਟਵਿੱਟਰ, ਫੇਸਬੁੱਕ, ਗੂਗਲ ਮੀਟ ਅਤੇ ਜ਼ੂਮਐਪ ਆਦਿ ਦੀ ਵਰਤੋਂ ਬੇਹੱਦ ਵਧਣਾ ਇਸ ਗੱਲ ਦਾ ਸਬੂਤ ਹੈ ਕਿ ਲੋਕਾਂ ਲਈ ਇੱਕ ਦੂਜੇ ਦੇ ਸੰਪਰਕ ਵਿੱਚ ਰਹਿਣਾ ਕਿੰਨਾ ਸੌਖਾ ਸੀ ਤੇ ਵਿਹਲੇ ਸਮੇਂ ਦੀ ਸੁਯੋਗ ਵਰਤੋਂ ਲਈ ਉਪਯੋਗੀ ਵੀ । ਅਜਿਹੇ ਸਮੇਂ ਵਿੱਚ ਸੋਸ਼ਲ ਮੀਡੀਆ ਮੰਚਾਂ ਦੀ ਵਰਤੋਂ ਨਾਲ ਬਹੁਤ ਸਾਰੇ ਮਸਲੇ ਲੋਕਾਂ ਦੀ ਨਜ਼ਰ ਵਿੱਚ ਆਏ , ਜਿਹਨਾਂ ਨੂੰ ਮੇਨ ਸਟਰੀਮ ਮੀਡੀਆ ਅੱਖੋਂ-ਪਰੋਖੇ ਕਰ ਰਿਹਾ ਸੀ । ਇਹ ਸੋਸ਼ਲ ਮੀਡੀਆ ਦੀ ਤਾਕਤ ਹੀ ਹੈ ਕਿ ਆਮ ਬੰਦੇ ਵੀ ਯੂ ਟਿਊਬ 'ਤੇ ਨਿਊਜ਼ ਚੈੱਨਲਾਂ ਦੁਆਰਾ ਸਰਗਰਮ ਭੂਮਿਕਾ ਨਿਭਾ ਰਹੇ ਹਨ । ਬਹੁਤ ਸਾਰੇ ਸਮਾਜਿਕ ਤੇ ਸਥਾਨਕ ਮੁੱਦਿਆਂ ਨੂੰ ਉਠਾਉਣ ਵਿੱਚ ਜ਼ਬਰਦਸਤ ਤੇ ਮੋਹਰੀ ਰੋਲ ਅਦਾ ਕਰ ਰਹੇ ਹਨ । ਸੋਸ਼ਲ ਮੀਡੀਆ ਨੇ ਹਰੇਕ ਨੂੰ ਆਪਣੀ ਗੱਲ ਰੱਖਣ ਦੀ ਅਜ਼ਾਦੀ ਦਿੱਤੀ ਹੈ, ਪਰ ਕਈ ਵਾਰ ਇਹ ਅਜ਼ਾਦੀ ਹੋਰਨਾਂ ਲਈ ਪ੍ਰੇਸ਼ਾਨੀ ਦਾ ਸਬੱਬ ਵੀ ਬਣ ਜਾਂਦੀ ਹੈ । ਸਾਡੀ ਅਜ਼ਾਦੀ ਦੀ ਹੱਦ ਤੋਂ ਅੱਗੇ ਕਿਸੇ ਹੋਰ ਦੀ ਅਜ਼ਾਦੀ ਵੀ ਆਉਂਦੀ ਹੈ । ਦੇਖਿਆ ਗਿਆ ਕਿ ਬਹੁਤੇ ਮਸਲੇ ਕਦੇ ਕਿਸੇ ਦੇ ਧਿਆਨ ਵਿੱਚ ਨਹੀਂ ਸੀ ਆਉਂਦੇ , ਪਰ ਸੋਸ਼ਲ ਮੀਡੀਆ 'ਤੇ ਵਾਇਰਲ ਹੁੰਦਿਆਂ ਹੀ ਚੰਦ ਮਿੰਟਾਂ ਵਿੱਚ ਹੀ ਵੱਡੇ ਖੇਤਰ ਵਿੱਚ ਫੈਲ ਜਾਂਦੇ ਹਨ । ਸ਼ਾਸਨ ਪ੍ਰਸ਼ਾਸਨ ਲਈ ਅਜਿਹੇ ਮਾਮਲਿਆਂ ਦਾ ਨੋਟਿਸ ਲੈਣਾ ਮਜਬੂਰੀ ਬਣ ਜਾਂਦਾ ਹੈ । ਸੋਸ਼ਲ ਮੀਡੀਆ ਨੇ ਆਪਣੀ ਤਾਕਤ ਦਾ ਅਹਿਸਾਸ ਵੱਡੇ ਪੱਧਰ 'ਤੇ ਕਰਵਾਇਆ ਹੈ, ਸ਼ਾਇਦ ਇਸੇ ਕਾਰਨ ਸਰਕਾਰਾਂ ਵੱਲੋਂ ਇਸ ਨੂੰ ਕਾਬੂ ਹੇਠ ਰੱਖਣ ਲਈ ਸਕੀਮਾਂ ਵੀ ਬਣਾਈਆਂ ਜਾਂਦੀਆਂ ਹਨ । ਸੋਸ਼ਲ ਮੀਡੀਆ ਨੇ ਬਹੁਤ ਸਾਰੇ ਨਵੇਂ ਪ੍ਰਤਿਭਾਸ਼ਾਲੀ ਸਟਾਰ ਵੀ ਪੈਦਾ ਕੀਤੇ ਹਨ , ਇਹ ਦੇਖਿਆ ਜਾਂਦਾ ਹੈ ਕਿ ਪਾਈ ਪੋਸਟ ਨੂੰ ਕਿੰਨੇ ਲਾਈਕ ਤੇ ਕੁਮੈਂਟ ਮਿਲੇ ਹਨ । ਜੇਕਰ ਇਹ ਮੰਚ ਇੰਨਾ ਪਾਵਰਫੁੱਲ ਹੈ ਤਾਂ ਫਿਰ ਇਸ ਦੀ ਵਰਤੋਂ ਸਹੀ ਤੇ ਚੰਗਾ ਪੇਸ਼ ਕਰਨ ਵਾਲੀ ਹੋਣੀ ਚਾਹੀਦੀ ਹੈ । ਕਈ ਵਾਰ ਇਹ ਵੀ ਦੇਖਣ ਵਿੱਚ ਆਇਆ ਕਿ ਨਾ-ਸਮਝੀ ਕਰਕੇ ਜਾਂ ਜਾਣਬੁੱਝ ਕੇ ਕੁੱਝ ਲੋਕ ਅਫ਼ਵਾਹਾਂ ਫੈਲਾਉਣ ਲਈ ਸੋਸ਼ਲ ਮੀਡੀਆ ਦੀ ਵਰਤੋਂ ਵੀ ਕਰਦੇ ਨਜ਼ਰ ਆ ਰਹੇ ਹਨ । ਮੈਂ ਹੁਣ ਗੱਲ ਕਰਾਂ, ਕਿ ਲੋਕ ਕਿੰਨੇ ਕੁ ਸੁਚੇਤ ਨੇ ਸੋਸ਼ਲ ਮੀਡੀਆ ਨੂੰ ਵਰਤਣ ਲਈ । ਵਟਸਐਪ ਗਰੁੱਪਾਂ ਵਿੱਚ ਬਹੁਤੀ ਵਾਰ ਲੋਕ ਤਰਕਹੀਣ, ਅੰਧ ਵਿਸ਼ਵਾਸੀ, ਵਿਵਾਦਪੂਰਨ ਤੇ ਇਤਰਾਜ਼ਯੋਗ ਸਮੱਗਰੀ ਨੂੰ ਬਿਨਾਂ ਵਜ੍ਹਾ ਹੀ ਪ੍ਰਮੋਟ ਕਰੀ ਜਾਂਦੇ ਹਨ , ਉਹ ਭੁੱਲ ਜਾਂਦੇ ਨੇ ਕਿ ਮੀਡੀਆ ਦੀ ਭਰੋਸੇਯੋਗਤਾ ਨੂੰ ਕਿੰਨਾ ਨੁਕਸਾਨ ਪਹੁੰਚਾ ਰਹੇ ਹਨ ? ਮੀਡੀਆ ਦੀ ਪਰਖ ਲਈ ਸਚਾਈ ਤੇ ਭਰੋਸੇਯੋਗਤਾ ਹੀ ਉਸ ਦੀ ਕਸਵੱਟੀ ਹੈ । ਲੋਕ ਅਵਾਜ਼ ਬਣੇ ਸੋਸ਼ਲ ਮੀਡੀਆ ਦਾ ਕੋਈ ਵੀ ਮੰਚ ਹੋਵੇ , ਉਸ ਨੂੰ ਸੱਚੀ ਤੇ ਸਟੀਕ ਜਾਣਕਾਰੀ ਦੇਣ ਵਾਲਾ ਬਣਾਉਣ ਲਈ ਸਾਡੀ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ । ਝੂਠੀਆਂ, ਮਨ-ਘੜਤ, ਉਲਾਰ ਤੇ ਇਕਪਾਸੜ ਪੋਸਟਾਂ ਕਦੇ ਵੀ ਸਾਰਥਿਕ ਸੁਨੇਹਾ ਨਹੀਂ ਦੇ ਸਕਦੀਆਂ । ਕਿਸੇ ਵੀ ਗਰੁੱਪ ਜਾਂ ਸੰਗਠਨ ਦੀਆਂ ਕੁੱਝ ਮਾਨਤਾਵਾਂ ਤੇ ਹੱਦਾਂ ਹੁੰਦੀਆਂ ਹਨ , ਜਿਹਨਾਂ ਅੰਦਰ ਰਹਿ ਕੇ ਵਿਚਰਨਾ ਹੀ ਅਨੁਸ਼ਾਸਨ ਅਖਵਾਉਂਦਾ ਹੈ । ਸੋਸ਼ਲ ਮੀਡੀਆ ਨੇ ਸਾਨੂੰ ਵਿਚਾਰਾਂ ਦਾ ਅਦਾਨ-ਪ੍ਰਦਾਨ ਲਈ ਮੰਚ ਪ੍ਰਦਾਨ ਕੀਤਾ ਹੈ , ਇਸ ਮੰਚ ਦੀ ਮਰਿਆਦਾ ਤੇ ਮਾਣ ਬਣਿਆ ਰਹਿਣਾ ਚਾਹੀਦਾ ਹੈ ।



# ਚੀਨ ਨਾਲ ਤਜਾਰਤ ਭਾਰਤ ਦਾ ਦੁਖਾਂਤ

1962 ਦੀ ਚੀਨ ਨਾਲ ਲੜਾਈ ਤੋਂ ਬਾਅਦ ਇੱਕ ਪੰਜਾਬੀ ਗੀਤ ਆਇਆ ਸੀ "ਭਾਬੀ ਦੇਦੇ ਨੀ ਕਲਿੱਪ ਕਾਂਟੇ ਡੰਡੀਆਂ, ਮੈਂ ਚੀਨੀਆਂ ਤੋਂ ਜੰਗ ਜਿੱਤਣਾ"। ਕਿਉਂਕਿ ਉਸ ਵੇਲੇ ਅਸੀਂ ਚੀਨ ਦਾ ਮੁਕਾਬਲਾ ਨਹੀਂ ਕਰ ਸਕੇ ਤੇ ਸਾਡੇ ਦੇਸ਼ ਕੋਲ ਪੈਸੇ ਤੇ ਹਥਿਆਰ ਵੀ ਨਹੀਂ ਸਨ। ਜਵਾਹਰ ਲਾਲ ਨਹਿਰੂ ਨੇ ਲੋਕਾਂ ਨੂੰ ਵਾਸਤਾ ਪਾਇਆ ਸੀ ਕਿ ਜੋ ਕੁੱਝ ਤੁਸੀਂ ਸਰਕਾਰ ਨੂੰ ਦੇ ਸਕਦੇ ਹੋ ਦੇਵੋ। ਪੰਜਾਬੀ ਤੇ ਖਾਸ ਕਰਕੇ ਸਿੱਖ ਦੇਸ਼ ਭਗਤੀ ਤੇ ਸੰਕਟ ਦੇ ਸਮੇਂ ਮੂਹਰਲੀਆਂ ਕਤਾਰਾਂ 'ਚ ਰਹਿੰਦੇ ਰਹੇ ਹਨ। ਉਨ੍ਹਾਂ ਨੇ ਦੇਸ਼ ਦੀ ਮਾਲੀ ਸਹਾਇਤਾ 'ਚ ਦੇਸ਼ ਦੀ ਸ਼ਾਨ ਲਈ ਵੱਧ ਚੜ੍ਹ ਕੇ ਹਿੱਸਾ ਪਾਇਆ ਤੇ ਸਰਹੱਦਾਂ 'ਤੇ ਜਾਨਾਂ ਵੀ ਵਾਰੀਆਂ। ਮੈਂ 1989 'ਚ ਇੱਕ ਫਰਾਂਸੀਸੀ ਬਹੁਕੌਮੀ ਕੰਪਨੀ ਵਾਸਤੇ ਪੈਰਿਸ ਤੋਂ ਬੰਬਈ ਮਾਰਕਿਟ ਸਰਵੇ ਕਰਨ ਲਈ ਆਇਆ ਹੋਇਆ ਸੀ। ਮੇਰਾ ਸਾਰਾ ਖਰਚਾ ਕੰਪਨੀ ਕਰਦੀ ਸੀ ਤੇ ਰਹਿਣਾ-ਖਾਣਾ ਬਾਹਰ ਹੀ ਹੁੰਦਾ ਸੀ। ਉਸ ਵੇਲੇ ਬੰਬਈ ਵਿੱਚ ਜ਼ਿਆਦਾਤਰ ਰੇਸਤੋਰਾਂ ਵਿੱਚ ਚੀਨੀ ਖਾਣਾ ਪਰਚੱਲਤ ਹੋ ਰਿਹਾ ਸੀ। ਭਾਰਤੀ ਲੋਕ ਬਹੁਤ ਖੁਸ਼ ਹੋ ਕੇ ਖਾਂਦੇ ਸਨ। ਉਸ ਵੇਲੇ ਚੀਨ ਭਾਰਤੀ ਮੰਡੀ 'ਚ ਪਰਵੇਸ਼ ਕਰ ਰਿਹਾ ਸੀ। 1994 ਤੋਂ 96 ਦੇ ਵਿਚਕਾਰ ਮੈਂ ਦਿੱਲੀ ਤੋਂ ਯੂਰਪ ਨੂੰ ਆਪਣੀ ਕੰਪਨੀ ਬਣਾ ਕੇ ਐਕਸਪੋਰਟ ਕਰਨ ਲੱਗਾ। ਤਦ ਚੀਨ ਦਾ ਭਾਰਤ ਨਾਲ ਵਪਾਰ ਕਾਫੀ ਵਧ ਚੁੱਕਾ ਸੀ। ਮੈਨੂੰ ਦਿੱਲੀ 'ਚ ਕਈ ਸੰਸਥਾਵਾਂ ਨੂੰ ਐਕਸਪੋਰਟ ਤੇ ਅੰਤਰਰਾਸ਼ਟਰੀ ਵਪਾਰ ਦੇ ਸਬੰਧ 'ਚ ਸੰਬੋਧਨ ਕਰਨ ਦਾ ਮੌਕਾ ਮਿਲਿਆ। ਮੈਂ ਕੁਆਲਿਟੀ ਮੈਨੂਫੈਕਚਰਿੰਗ ਤੇ ਨਾਲ-ਨਾਲ Solid currency 'ਤੇ ਜੋਰ ਦਿੰਦਾ ਸੀ। ਕਿਉਂਕਿ ਸਾਡੇ ਕੋਲ ਹੀ ਚੀਨ ਦੇ ਮੁਕਾਬਲੇ ਮੈਨਪਾਵਰ ਹੈ। ਅਸੀਂ ਅੰਤਰਰਾਸ਼ਟਰੀ ਮੰਡੀ 'ਚ ਚੀਨ ਨੂੰ ਟੱਕਰ ਦੇਣ ਦੇ ਸਮਰੱਥ ਸਾਂ ਤੇ ਹਾਂ। ਪਰ ਸਾਡਾ ਬੇਕਾਰ ਪਰਸ਼ਾਸ਼ਨ, ਸਰਕਾਰ , ਸਰਕਾਰੀ ਤੰਤਰ ਚੰਗੇ ਸਿੱਟੇ ਕੱਢਣ 'ਚ ਨਾਕਾਮ ਸਿੱਧ ਹੋਇਆ ਹੈ। 2000 'ਚ ਮੈਂ ਵਾਪਸ ਭਾਰਤ ਆਇਆ ਤਾਂ ਚੀਨ ਭਾਰਤੀ ਮੰਡੀ 'ਚ ਪੂਰੇ ਪੈਰ ਪਸਾਰ ਰਿਹਾ ਸੀ। ਮੈਂ ਜਦੋਂ ਸਾਮਾਨ ਖਰੀਦਣ ਲਈ ਬਾਜ਼ਾਰ ਜਾਂਦਾ ਤਾਂ ਮੈਂ ਚੀਨ ਦਾ ਬਣਿਆ ਸਾਮਾਨ ਖਰੀਦਣ ਤੋਂ ਨਾਂਹ ਕਰ ਦਿੰਦਾ। ਦੁਕਾਨਦਾਰ ਤੇ ਬਹੁਤੇ ਵਪਾਰੀਆਂ ਦਾ ਕੰਮ ਸਾਮਾਨ ਵੇਚ ਕੇ ਪੈਸੇ ਕਮਾਉਣਾ ਹੁੰਦਾ ਹੈ। ਉਨ੍ਹਾਂ ਦਾ ਦੇਸ਼, ਰਾਸ਼ਟਰੀ ਸੰਪਤੀ ਤੇ ਰੁਜ਼ਗਾਰ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਦੁਕਾਨਦਾਰ ਮੈਨੂੰ ਨਾ ਖਰੀਦਣ ਦਾ ਕਾਰਨ ਪੁੱਛਦੇ ਤਾਂ ਮੈਂ ਕਹਿੰਦਾ ਕਿ ਇੱਕ ਦਿਨ ਚੀਨ ਸਾਡੇ ਪੈਸਿਆਂ ਦੇ ਸਾਡੇ ਤੇ ਹੀ ਬੰਬ ਸੁੱਟੇਗਾ। ਚੀਨ ਸਾਡਾ ਮਿੱਤਰ ਦੇਸ਼ ਨਹੀਂ ਕਿਉਂਕਿ ਯੂ.ਐਨ.ਓ. 'ਚ ਹਮੇਸ਼ਾ ਭਾਰਤ ਦੇ ਖਿਲਾਫ ਭੁਗਤਦਾ ਹੈ ਤੇ ਸਾਡਾ ਉਸ ਨਾਲ ਸਰਹੱਦੀ ਵਿਵਾਦ ਵੀ ਹੈ। ਪਰਿਵਾਰ ਦੀ ਨਾਰਾਜ਼ਗੀ ਵੀ ਝੱਲਣੀ ਪੈਂਦੀ ਸੀ ਤੇ ਸੁਣਨਾ ਪੈਂਦਾ ਵੱਡਾ ਦੇਸ਼ ਭਗਤ। ਬਹੁਤ ਦੁੱਖ ਹੁੰਦਾ ਸੀ ਕਿ ਸਾਡੇ ਕੋਲ ਜਿੰਨੇ ਕੁਦਰਤੀ ਸਾਧਨ ਹਨ ਤੇ ਕਿਰਤ ਸ਼ਕਤੀ ਹੈ ਉਸਦਾ ਉਪਯੋਗ ਸਾਡੇ ਦੇਸ਼ ਦੀਆਂ ਸਰਕਾਰਾਂ ਨੇ ਕੀਤਾ ਹੀ ਨਹੀਂ। ਸਾਡੇ ਗੁਰੂਆਂ ਦੀਆਂ, ਦੇਵੀ-ਦੇਵਤਿਆਂ ਦੀਆਂ ਤਸਵੀਰਾਂ, ਦਿਵਾਲੀ ਤੇ ਹੋਲੀ ਦਾ ਸਾਮਾਨ ਵੀ ਚੀਨ ਤੋਂ ਆਉਂਦਾ ਹੈ। ਇਸ ਲਈ ਮੋਦੀ ਤੋਂ ਲੈ ਕੇ ਪਿਛਲੇ ਕਈ ਦਹਾਕਿਆਂ ਤੱਕ ਦੀਆਂ ਕੇਂਦਰ ਦੀਆਂ ਸਰਕਾਰਾਂ ਜ਼ਿੰਮੇਵਾਰ ਹਨ। ਸਾਡੇ ਨੌਜਵਾਨ ਬੇਰੁਜ਼ਗਾਰ ਘੁੰਮ ਰਹੇ ਹਨ ਪਰ ਸਾਡੀਆਂ ਦੁਕਾਨਾਂ ਤੇ ਚੀਨ ਦਾ ਸਾਮਾਨ ਧੜਾ-ਧੜ ਵਿਕ ਰਿਹਾ ਹੈ। ਹੋਣਾ ਤਾਂ ਇਹ ਚਾਹੀਦਾ ਹੈ ਕਿ ਸਾਡੇ ਦੇਸ਼ 'ਚ ਸਾਡਾ ਬਣਾਇਆ ਸਾਮਾਨ ਤਾਂ ਵਿਕੇ ਹੀ ਸਗੋਂ ਬਾਹਰਲੇ ਦੇਸ਼ਾਂ ਦੀਆਂ ਮੰਡੀਆਂ 'ਚ ਵੀ ਅਸੀਂ ਚੀਨ ਦੇ ਬਰਾਬਰ ਖੜੇ ਹੋਈਏ। ਇਹ ਨਾਕਾਮਯਾਬੀ ਸਾਡੇ ਸਿਆਸਤਦਾਨਾਂ ਲਈ ਰਾਸ਼ਟਰੀ ਸ਼ਰਮ ਦੀ ਗੱਲ ਹੈ ਪਰ ਜੇਕਰ ਇਨ੍ਹਾਂ ਨੂੰ ਸ਼ਰਮ ਹੋਵੇ ਤਾਂ। ਇਨ੍ਹਾਂ ਦੀਆਂ ਵੋਟ ਲੁਭਾਉ ਨੀਤੀਆਂ ਨੇ ਸਾਡੇ ਦੇਸ਼ ਦਾ ਤੇ ਸਾਡੇ ਬੱਚਿਆਂ ਦਾ ਭਵਿੱਖ ਬਰਬਾਦ ਕਰ ਕੇ ਰੱਖ ਦਿੱਤਾ ਹੈ। ਕੋਈ ਵੀ ਦੇਸ਼ ਜੇ ਆਰਥਿਕ ਪੱਖੋਂ ਮਜ਼ਬੂਤ ਹੋਵੇਗਾ ਤਾਂ ਹੀ ਸਮਾਜਿਕ, ਬੌਧਿਕ ਪੱਖੋਂ ਮਜ਼ਬੂਤ ਹੋਵੇਗਾ ਤੇ ਤਾਂ ਹੀ ਵੱਡੀ ਫੌਜੀ ਤਾਕਤ ਬਣ ਸਕਦਾ ਹੈ। ਮੈਨੂਫੈਕਚਰਿੰਗ ਇੰਡਸਟਰੀ ਛੋਟੇ ਪੱਧਰ ਤੋਂ ਲੈ ਕੇ ਵੱਡੇ ਪੱਧਰ ਤੱਕ ਆਰਥਿਕਤਾ ਦੀ ਮਾਂ ਹੁੰਦੀ ਹੈ। ਪਰ ਸਾਡੇ ਨੇਤਾਗਨ ਸਰਵਿਸ ਸੈਕਟਰ ਦੇ ਸੋਹਲੇ ਗਾਉਂਦੇ ਰਹਿ ਗਏ ਕਿਉਂਕਿ ਭਾਰਤ ਦੇ ਤੁੱਛ ਕੁੰ ਇੰਜੀਨੀਅਰਾਂ ਨੂੰ ਕੰਪਿਊਟਰ ਸੈਕਟਰ 'ਚ ਅਮਰੀਕਾ 'ਚ ਕੰਮ ਮਿਲ ਗਿਆ ਸੀ ਜਿਨ੍ਹਾਂ ਵਿੱਚੋਂ ਬਹੁਤਿਆਂ ਨੂੰ ਅਜੇ ਗ੍ਰੀਨ ਕਾਰਡ ਵੀ ਨਹੀਂ ਮਿਲੇ। ਬਹੁਤ ਸਾਰੇ ਨੌਜਵਾਨ ਕਾਲ ਸੈਂਟਰਾਂ 'ਚ ਕੰਮ ਕਰਦੇ ਰਹੇ। ਇਹ ਸੈਕਟਰ ਸਥਾਈ ਨਹੀਂ ਹੈ ਤੇ ਇਹ ਦੂਜੇ ਦੇਸ਼ਾਂ ਦੀਆਂ ਨੀਤੀਆਂ 'ਤੇ ਨਿਰਭਰ ਕਰਦਾ ਹੈ। ਜੇਕਰ ਸਾਡੇ ਇੰਜੀਨੀਅਰ ਵਿਦੇਸ਼ੀ ਕੰਪਨੀਆਂ ਲਈ ਕਾਰਗਰ ਹਨ ਤਾਂ ਉਨ੍ਹਾਂ ਨੂੰ ਸਾਡੇ ਦੇਸ਼ ਦੀ ਤਰੱਕੀ ਲਈ ਕਿਉਂ ਨਹੀਂ ਵਰਤਿਆ ਗਿਆ ? ਅੰਤਰਰਾਸ਼ਟਰੀ ਤਜਾਰਤ ਦੇ ਮਸਲੇ 'ਚ ਸਾਡਾ ਬੈਲੇਂਸ ਆਫ ਪੇਮੈਂਟ ਨੈਗਟੀਵਿਟੀ ਹੀ ਰਿਹਾ ਹੈ ਭਾਵੇਂ ਚੀਨ ਹੋਵੇ ਜਾਂ ਹੋਰ ਵੱਡੇ ਦੇਸ਼ ਹੋਣ। ਇਹਦਾ ਮਤਲਬ ਹੁੰਦਾ ਹੈ ਕਿ ਅਸੀਂ ਉਨ੍ਹਾਂ ਦੇਸ਼ਾਂ ਨੂੰ ਵੇਚਿਆ ਘੱਟ ਪਰ ਉਨ੍ਹਾਂ ਤੋਂ ਖਰੀਦਿਆ ਜ਼ਿਆਦਾ ਹੈ। ਇਹੋ ਜਿਹੇ ਹੋਰ ਵੀ ਬਹੁਤ ਕਾਰਨ ਹਨ ਜਿਨ੍ਹਾਂ ਲਈ ਸਾਡੇ ਦੇਸ਼ ਦੇ ਬਾਬੂਆਂ ਤੇ ਸਰਕਾਰਾਂ ਦੀਆਂ ਘੜੀਆਂ ਬੇਤੁਕੀਆਂ ਨੀਤੀਆਂ, ਦਿਸ਼ਾਹੀਣਤਾ, ਭ੍ਰਿਸ਼ਟ ਸੋਚ ਤੇ ਭ੍ਰਿਸ਼ਟ ਤੰਤਰ ਜ਼ਿੰਮੇਵਾਰ ਹਨ। 1995 'ਚ ਲੁਧਿਆਣੇ ਅਤੇ ਰਾਜਪੁਰੇ ਤੋਂ ਅਫਰੀਕਨ ਦੇਸ਼ਾਂ ਨੂੰ ਸਾਇਕਲ ਐਕਸਪੋਰਟ ਹੁੰਦੇ ਸੀ ਜਿਨ੍ਹਾਂ ਦੀ ਕੀਮਤ 38 ਤੋਂ 40 ਅਮਰੀਕਨ ਡਾਲਰ ਤੱਕ ਹੁੰਦੀ ਸੀ ਤੇ ਇਹੀ ਕੀਮਤ ਚੀਨ ਦੇ ਬਣੇ ਸਾਇਕਲਾਂ ਦੀ ਸੀ। ਹੈਂਡ ਟੂਲ ਵੀ ਐਕਸਪੋਰਟ ਹੁੰਦੇ ਸੀ। ਭਾਰਤ ਚੀਨ ਨੂੰ ਇਸ ਖੇਤਰ ਵਿੱਚ ਟੱਕਰ ਦਿੰਦਾ ਸੀ। ਹੌਲੀ-ਹੌਲੀ ਸਭ ਖਤਮ ਹੋ ਰਿਹਾ ਹੈ ਤੇ ਸਾਡਾ ਦੇਸ਼ ਆਰਥਿਕ ਕੰਗਾਲੀ ਦੇ ਕੰਢੇ 'ਤੇ ਖੜਾ ਹੈ। ਮੇਕ ਇਨ ਇੰਡੀਆ ਦੀ ਰਾਗਨੀ ਗਾਉਣ ਵਾਲਿਆਂ ਨੇ ਪਟੇਲ ਦੀ ਮੂਰਤੀ ਵੀ ਚੀਨ ਤੋਂ ਹਜ਼ਾਰਾਂ ਕਰੋੜਾਂ ਰੁਪਏ 'ਚ ਬਣਵਾਈ। ਅੱਜ ਵੀ ਬਹੁਤ ਸਾਰੀਆਂ ਚੀਨੀ ਕੰਪਨੀਆਂ ਨੂੰ ਵੱਖ-ਵੱਖ ਖੇਤਰਾਂ ਵਿੱਚ ਅਰਬਾਂ ਰੁਪਏ ਦੇ ਕੰਟਰੈਕਟ ਮਿਲ ਰਹੇ ਹਨ। ਸਾਡੇ ਹੀ ਪੈਸਿਆਂ ਦੇ ਹਥਿਆਰਾਂ ਨਾਲ ਸਾਡੇ ਹੀ ਸੂਰਬੀਰ ਜਵਾਨਾਂ ਦੀਆਂ ਅਰਥੀਆਂ ਨੂੰ ਉਨ੍ਹਾਂ ਦੀਆਂ ਮਾਵਾਂ, ਧੀਆਂ, ਬਾਪਾਂ, ਪੁੱਤਾਂ ਤੇ ਪਤਨੀਆਂ ਨੂੰ ਮੋਢੇ ਦੇਣੇ ਪੈ ਰਹੇ ਹਨ। ਇਸ ਤਰਾਸ਼ਦੀ ਲਈ ਸਾਡੇ ਦੇਸ਼ ਦਾ ਰਾਜਨੀਤਿਕ ਤੰਤਰ ਜ਼ਿੰਮੇਵਾਰ ਹੈ। ਚੀਨ ਨੇ ਆਰਥਿਕ ਖੇਤਰ ਵਿੱਚ ਤਰੱਕੀ ਕਰ ਕੇ ਆਪਣੇ ਦੇਸ਼ ਨੂੰ ਹਰ ਖੇਤਰ ਵਿੱਚ ਮਜਬੂਤ ਬਣਾ ਲਿਆ ਹੈ ਤੇ ਸਾਡੇ ਤੋਂ ਅੱਗੇ ਲੰਘ ਗਿਆ ਹੈ। ਪਰ ਸਾਡਾ ਪਰਨਾਲਾ ਅਜੇ ਵੀ ਉੱਥੇ ਹੀ ਹੈ। 1962 ਦੀ ਜੰਗ ਤੋਂ ਬਾਅਦ ਦੇ ਗਾਏ ਪੰਜਾਬੀ ਗੀਤ ਦੇ ਬੋਲ ਅੱਜ ਵੀ ਪੂਰੇ ਅਰਥ ਪੂਰਵਕ ਤੇ ਸਮੇਂ ਮੁਤਾਬਿਕ ਢੁਕਵੇਂ ਹਨ ਕਿਉਂਕਿ ਅਸੀਂ ਆਪਣੇ ਦੇਸ਼ ਦਾ ਸੁਧਾਰ ਨਹੀਂ ਕਰ ਸਕੇ। ਸਾਡੀ ਜਵਾਨੀ ਜਾਂ ਤਾਂ ਬੇਰੁਜ਼ਗਾਰਾਂ ਦੀ ਕਤਾਰ ਵਿੱਚ ਖੜੀ ਝੂਰ ਰਹੀ ਹੈ ਤੇ ਜਾਂ ਫਿਰ ਵਿਦੇਸ਼ਾਂ 'ਚ ਰੁਲ ਰਹੀ ਹੈ। ਅੱਜ ਮੈਨੂੰ ਮੇਰਾ ਪਰਿਵਾਰ ਕਹਿ ਰਿਹਾ ਹੈ ਕਿ ਇੰਨੇ ਸਾਲ ਸਾਨੂੰ ਸੁਣਾਦਿਆਂ ਲੰਘਾ ਦਿੱਤੇ ਕਿਸੇ ਅਖਬਾਰ ਵਿੱਚ ਵੀ ਲਿਖ ਦੇਣਾ ਸੀ ਹੋਰਨਾਂ ਨੂੰ ਵੀ ਪਤਾ ਚੱਲਦਾ। ਪਰ ਮੈਂ 2002 ਤੋਂ ਲੈ ਕੇ ਆਪਣੇ ਵਿਦਿਆਰਥੀਆਂ ਨੂੰ ਇਹ ਸਭ ਕੁੱਝ ਲਿਖਵਾਉਂਦਾ ਆ ਰਿਹਾ ਜੋ ਬਹੁਗਿਣਤੀ 'ਚ ਇੰਜੀਨੀਅਰ, ਮੈਨੇਜਮੈਂਟ, ਸਿੱਖਿਆ ਤੇ ਸਿਹਤ ਨਾਲ ਸਬੰਧਤ ਪਰੋਫੈਸ਼ਨਲ ਹਨ ਤੇ ਬੱਚਿਆਂ ਵਾਲੇ ਹਨ। ਜਿਨ੍ਹਾਂ ਵਿੱਚੋਂ ਅੱਜ ਕੱਲ ਬਹੁਤੇ ਕੈਨੇਡਾ 'ਚ ਰਹਿ ਰਹੇ ਹਨ। ਉਨ੍ਹਾਂ ਦਾ ਵੀ ਸ਼ਿਕਵਾ ਹੈ ਕਿ ਮੈਂ ਆਪਣੀ ਗੱਲ ਲੋਕਾਂ ਤੱਕ ਸਮੇਂ ਸਿਰ ਨਹੀਂ ਪਹੁੰਚਾਉਂਦਾ।

# ਰੱਬ ਵਿੱਚ ਵਿਸ਼ਵਾਸ ਕਰਦੇ ਹਾਂ; ਸਵੈ-ਵਿਸ਼ਵਾਸ ਖੋ ਬੈਠੇ ਹਾਂ

ਸਾਡੇ ਮੁਲਕ ਦੇ ਲੋਕਾਂ ਦਾ ਸਾਰੇ ਦਾ ਸਾਰਾ ਮਿਥਿਹਾਸ ਵਾਚਿਆ ਜਾ ਸਕਦਾ ਹੈ ਅਤੇ ਇਕੋ ਗੱਲ ਪਲੇ ਪੈਂਦੀ ਹੈ ਕਿ ਅਸੀਂ ਰੱਬ ਵਿੱਚ ਵਿਸ਼ਵਾਸ ਰਖਦੇ ਹਾਂ। ਸਾਨੂੰ ਪੱਕਾ ਯਕੀਨ ਹੋ ਗਿਆ ਹੈ ਕਿ ਇਹ ਆਦਮੀ ਰੱਬ ਦਾ ਪੈਦਾ ਕੀਤਾ ਹੋਇਆ ਜੀਵ ਹੈ ਅਤੇ ਇਸ ਆਦਮੀ ਦੀ ਰਖਵਾਲੀ ਕਰਨਾ ਰੱਬ ਨੇ ਮਾਤਾ ਪਿਤਾ ਵਾਂਗ ਆਪਣੇ ਪਾਸ ਹੀ ਰਖੀ ਹੋਈ ਹੈ। ਅਸੀਂ ਰੱਬ ਦੇਖਿਆ ਤਾਂ ਨਹੀਂ ਹੈ ਪਰ ਅਸਾਂ ਰੱਬ ਦੀਆਂ ਸ਼ਕਤੀਆਂ ਵਾਲੇ ਦੇਵਤੇ ਥਾਪ ਰਖੇ ਹਨ ਅਤੇ ਜਿਹੋ ਜਿਹੀ ਸਾਡੀ ਮੰਗ ਹੁੰਦੀ ਹੈ, ਜਿਹੋ ਜਿਹੀ ਸਾਡੀ ਜ਼ਰੂਰਤ ਹੁੰਦੀ ਹੈ ਅਸੀਂ ਉਸ ਦੇਵਤਾ ਨੂੰ ਧਿਆਉਂਦੇ ਹਾਂ ਅਤੇ ਸਾਡਾ ਇਹ ਵਿਸ਼ਵਾਸ ਬਣ ਆਇਆ ਹੈ ਕਿ ਇਹ ਦੇਵਤੇ ਸਦਾ ਹੀ ਸਾਡੇ ਨਾਲ ਰਹਿੰਦੇ ਹਨ ਅਤੇ ਸਾਡੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਆ ਰਹੇ ਹਨ। ਸਾਡੇ ਮਿਥਿਹਾਸ ਵਿੱਚ ਖੜ੍ਹੀਆਂ ਕੀਤੀਆਂ ਹਸਤੀਆਂ ਅੱਜ ਤਕ ਕਾਇਮ ਹਨ ਅਤੇ ਅਸੀਂ ਬਹੁਤ ਹੀ ਸੰਭਾਲਕੇ ਰਖੀਆਂ ਹੋਈਆਂ ਹਨ। ਸਾਡੇ ਮਿਥਿਹਾਸ ਵਿੱਚ ਕਿਸੇ ਨੂੰ ਤਬਦੀਲੀ ਕਰਨ ਦੀ ਆਗਿਆ ਨਹੀਂ ਹੈ। ਅੱਜ ਤਕ ਕੋਈ ਤਬਦੀਲੀ ਨਾ ਕਿਸੇ ਸੋਚੀ ਹੈ ਅਤੇ ਨਾ ਹੀ ਕੀਤੀ ਹੈ। ਅਸੀਂ ਜਦ ਇਤਿਹਾਸ ਵਿੱਚ ਦਾਖਲ ਹੋਏ ਸਾਂ ਤਾਂ ਵੀ ਸਾਡੇ ਅੰਦਰ ਇਹ ਰੱਬ ਵਿੱਚ ਵਿਸ਼ਵਾਸ ਵਾਲੀ ਗੱਲ ਕੰਮ ਕਰ ਰਹੀ ਸੀ ਅਤੇ ਉਦੋਂ ਵੀ ਧਾਰਮਿਕ ਹਸਤੀਆਂ ਸਾਨੂੰ ਇਹੀ ਸਮਝਾ ਰਹੀਆਂ ਸਨ ਕਿ ਇਹ ਜਿਹੜੇ ਰਾਜੇ ਹਨ, ਮਹਾਰਾਜੇ ਹਨ, ਬਾਦਸ਼ਾਹ ਹਨ ਇਹ ਸਾਰਾ ਕੁੱਝ ਪਿਛਲੇ ਜਨਮਾਂ ਵਿੱਚ ਕੀਤੇ ਪੁੰਨਾਂ ਦਾ ਫਲ ਹੈ ਅਤੇ ਸਾਨੂੰ ਇਹ ਵੀ ਸਮਝਾ ਦਿੱਤਾ ਗਿਆ ਸੀ ਕਿ ਅਗਰ ਅਸੀਂ ਗਰੀਬ ਹਾਂ, ਥੁੜ੍ਹਾਂ ਮਾਰੇ ਹਾਂ, ਤਕਲੀਫ਼ਾਂ ਭੋਗ ਰਹੇ ਹਾਂ, ਭੁਖੇ ਨੰਗੇ ਹਾਂ ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਇਸ ਦੁਨੀਆਂ ਦਾ ਕੋਈ ਆਦਮੀ ਸਾਡਾ ਹੱਕ ਖੋਹ ਰਿਹਾ ਹੈ। ਇਸਦੇ ਉਲਟ ਸਾਨੂੰ ਧਾਰਮਿਕ ਹਸਤੀਆਂ ਇਹ ਸਮਝਾ ਰਹੀਆਂ ਸਨ ਕਿ ਅਸਾਂ ਪਿਛਲੇ ਜਨਮ ਵਿੱਚ ਘੋਰ ਪਾਪ ਕੀਤੇ ਹਨ, ਮਾੜੇ ਕਰਮ ਕੀਤੇ ਹਨ ਅਤੇ ਰੱਬ ਨੇ ਸਾਡੀ ਇਹ ਵਾਲੀ ਹਾਲਤ ਸਜ਼ਾ ਵਜੋਂ ਬਣਾ ਰਖੀ ਹੈ। ਅਰਥਾਤ ਸਾਡੇ ਹੀ ਪਾਪਾਂ ਅਤੇ ਦੁਰਾਚਾਰਾਂ ਦੀ ਇਹ ਸਜ਼ਾ ਹੈ ਅਤੇ ਇਹ ਸਜ਼ਾ ਇੱਕ ਵਾਰੀ ਜਿਸ ਕਿਸੇ ਨੂੰ ਦਿੱਤੀ ਜਾ ਚੁੱਕੀ ਹੈ ਉਸਨੂੰ ਇਹ ਸਜ਼ਾ ਕਟਣੀ ਹੀ ਪਵੇਗੀ ਅਤੇ ਅਗਰ ਕੋਈ ਇਹ ਚਾਹੁੰਦਾ ਹੈ ਕਿ ਸਜ਼ਾ ਤੋਂ ਛੁਟਕਾਰਾ ਮਿਲ ਜਾਵੇ ਤਾਂ ਉਸਨੂੰ ਧਾਰਮਿਕ ਹਸਤੀਆਂ ਨੇ ਸਲਾਹ ਦੇ ਮਾਰੀ ਸੀ ਕਿ ਭਗਤੀ ਕਰੋ, ਪਾਠ ਪੂਜਾ ਕਰੋ ਅਤੇ ਰੱਬ ਅੱਗੇ ਅਰਦਾਸਾਂ ਕਰੀ ਜਾਓ, ਰੱਬ ਮਾਫ ਅਗਰ ਨਹੀਂ ਵੀ ਕਰਦਾ ਤਾਂ ਅਗਲਾ ਜਨਮ ਤਾਂ ਸੰਵਰ ਸਕਦਾ ਹੈ ਅਤੇ ਇਹ ਗੱਲਾਂ ਸਦੀਆਂ ਪਹਿਲਾਂ ਹੀ ਸਾਨੂੰ ਧਾਰਮਿਕ ਹਸਤੀਆਂ ਨੇ ਸਮਝਾ ਦਿੱਤੀਆਂ ਸਨ ਅਤੇ ਇਹ ਗੱਲਾਂ ਸਾਡੇ ਬਹੁਤ ਹੀ ਕੰਮ ਆਈਆਂ ਹਨ। ਅਸੀਂ ਹਰ ਦੁੱਖ, ਹਰ ਮੁਸੀਬਤ ਅਤੇ ਹਰ ਤਰ੍ਹਾਂ ਦੀ ਗੁਰਬਤ ਰੱਬ ਦਾ ਭਾਣਾ ਮੰਨਕੇ ਬਰਦਾਸ਼ਤ ਕਰਦੇ ਆ ਰਹੇ ਹਾਂ ਅਤੇ ਸਾਡੇ ਇਤਿਹਾਸ ਵਿੱਚ ਕਿਧਰੇ ਵੀ ਕੋਈ ਵਕਤ ਨਹੀਂ ਆਇਆ ਦਿਸਦਾ ਜਿਥੇ ਲੋਕਾਂ ਨੇ ਕਦੀ ਕੋਈ ਵਿਦਰੋਹ ਕੀਤਾ ਹੋਵੇ ਅਤੇ ਇਹ ਆਖਿਆ ਹੋਵੇ ਕਿ ਇਸ ਦੁਨੀਆਂ ਦੇ ਲੋਕਾਂ ਨੇ ਹੀ ਜ਼ਬਰ ਨਾਲ ਉਨ੍ਹਾਂ ਦਾ ਹਿੱਸਾ ਮਾਰ ਲਿਆ ਹੈ ਅਤੇ ਇਸ ਕਰਕੇ ਉਹ ਗਰੀਬ ਹੋ ਗਏ ਹਨ ਅਤੇ ਉਨ੍ਹਾਂ ਕਦੀ ਕੋਸ਼ਿਸ਼ ਹੀ ਕੀਤੀ ਹੋਵੇ ਕਿ ਜ਼ਬਰ ਨਾਲ ਇਕੱਠੇ ਹੋਕੇ ਆਪਣਾ ਹੱਕ ਵਾਪਸ ਲੈ ਲੈਣ। ਭਗਤੀ ਕਰਨ, ਪਾਠ ਪੂਜਾ ਕਰਨ ਅਤੇ ਅਰਦਾਸਾਂ ਦਾ ਸਿਲਸਿਲਾ ਪੱਕਾ ਹੋ ਗਿਆ ਅਤੇ ਸਦੀਆਂ ਤਕ ਦਾ ਮਿਥਿਹਾਸ ਅਤੇ ਸਾਡਾ ਇਤਿਹਾਸ ਇਹੀ ਦਰਸਾ ਰਿਹਾ ਹੈ ਕਿ ਅਸੀਂ ਰੱਬ ਦੀਆਂ ਗੱਲਾਂ ਹੀ ਕਰਦੇ ਆ ਰਹੇ ਹਾਂ। ਅਸੀਂ ਇਹ ਵੀ ਦੇਖਿਆ ਹੈ ਕਿ ਸਾਡੀ ਇਹ ਆਦਤ ਦੇਖਕੇ ਕਿਤਨੇ ਹੀ ਲੋਕਾਂ ਨੇ ਇਹ ਰੱਬ ਵਾਲਾ ਰਸਤਾ ਆਪਣਾ ਕਿੱਤਾ ਹੀ ਬਣਾ ਲਿਆ ਹੈ ਅਤੇ ਧਾਰਮਿਕ ਅਸਥਾਨ ਖੋਲ੍ਹਕੇ ਬੈਠ ਗਏ ਹਨ ਅਤੇ ਰੱਬ ਦੀਆਂ ਗਲਾਂ ਕਰ ਕਰ ਕੇ ਅਤੇ ਸਾਡੇ ਲਈ ਅਰਦਾਸਾਂ ਕਰਕੇ ਆਪਣਾ ਪੇਟ ਹੀ ਨਹੀਂ ਪਾਲਦੇ ਰਹੇ ਬਲਕਿ ਕਿਤਨੇ ਹੀ ਲੋਕਾਂ ਨੂੰ ਇਨ੍ਹਾਂ ਡੇਰਿਆਂ, ਇੰਨ੍ਹਾਂ ਮੱਠਾਂ, ਇਨ੍ਹਾਂ ਆਸ਼ਰਮਾਂ ਵਿੱਚ ਰੋਟੀ ਮਿਲ ਰਹੀ ਹੈ ਅਤੇ ਅਸੀਂ ਇਹ ਵੀ ਦੇਖਦੇ ਆ ਰਹੇ ਹਾਂ ਕਿ ਇਹ ਆਮਦਨ ਇਤਨੀ ਜ਼ਿਆਦਾ ਸੀ ਕਿ ਇਹ ਅਸਥਾਨ ਸੋਨੇ ਤਕ ਦੇ ਬਣਾ ਦਿੱਤੇ ਗਏ ਸਨ। ਅਸੀਂ ਆਪਣੇ ਹੀ ਵਕਤਾਂ ਵਿੱਚ ਇਹ ਵੀ ਦੇਖਿਆ ਹੈ ਕਿ ਬਾਹਰ ਜਦ ਲੁਟੇਰਿਆਂ ਨੂੰ ਪਤਾ ਲਗਾ ਸੀ ਕਿ ਧਾਰਮਿਕ ਅਸਥਾਨਾਂ ਵਿੱਚ ਸੋਨਾ ਪਿਆ ਹੈ ਤਾਂ ਉਹ ਸਾਡੇ ਧਾਰਮਿਕ ਅਸਥਾਨ ਲੁੱਟਣ ਲਈ ਵੀ ਹਮਲੇ ਕਰਦੇ ਰਹੇ ਹਨ ਅਤੇ ਅਗਰ ਇਕ ਵਾਰੀਂ ਨਹੀਂ ਜਿੱਤੇ ਤਾਂ 18-18 ਹਮਲੇ ਵੀ ਕੀਤੇ ਹਨ ਅਤੇ ਸਾਡੇ ਧਾਰਮਿਕ ਅਸਥਾਨਾਂ ਦੀ ਸਾਡੇ ਸਾਹਮਣੇ ਹੀ ਲੁੱਟ ਵੀ ਹੁੰਦੀ ਰਹੀ ਹੈ। ਸਾਡੇ ਮਿਥਿਹਾਸ ਵਿੱਚ ਜਿਹੜੇ ਵੀ ਰਾਜੇ ਸਨ ਸਾਡੇ ਲਈ ਉਹ ਰੱਬ ਸਨ ਅਤੇ ਅਸਾਂ ਰੱਬ ਦਾ ਦਰਜਾ ਹੀ ਦੇ ਰਖਿਆ ਸੀ। ਅਸੀਂ ਰਾਜਿਆਂ ਦਾ ਰਾਜ ਹੀ ਨਹੀਂ ਸਾਂ ਮੰਨਦੇ ਬਲਕਿ ਅਸੀਂ ਤਾਂ ਰੱਬ ਮੰਨਕੇ ਰਾਜਿਆਂ ਦੀ ਪੂਜਾ ਵੀ ਕਰਦੇ ਸਾਂ। ਅਤੇ ਬਾਅਦ ਦੇ ਇਤਿਹਾਸ ਦੇ ਵਕਤਾਂ ਵਿੱਚ ਵੀ ਅਸੀਂ ਰਾਜਿਆਂ ਵੱਲ ਕਦੀ ਅੱਖ ਉਠਾਕੇ ਨਹੀਂ ਸੀ ਦੇਖਿਆ ਅਤੇ ਉਹ ਸਾਡੀ ਲੁੱਟ ਕਰਕੇ ਆਪ ਮੌਜਾਂ ਕਰੀ ਜਾਂਦੇ ਸਨ। ਇਤਿਹਾਸ ਗਵਾਹ ਹੈ ਕਿ ਇਹ ਰਾਜੇ ਕਈ ਕਈ ਔਰਤਾਂ ਰੱਖਦੇ ਸਨ, ਨਾਚੀਆਂ ਰੱਖਦੇ ਸਨ, ਗਾਉਣ ਵਾਲੀਆਂ ਰੱਖਦੇ ਸਨ, ਦਾਸੀਆਂ ਰੱਖਦੇ ਸਨ ਅਤੇ ਇਆਸ਼ੀ ਕਰੀ ਜਾਂਦੇ ਸਨ

# ਆਤਮ-ਨਿਰਭਰਤਾ ਦੇ ਨਾਅਰੇ ਹੇਠ ਗੁਲਾਮੀ ਦੀ ਸਾਜ਼ਿਸ਼

ਮਈ ਮਹੀਨੇ ਟੀ.ਵੀ. ਉਪਰ ਦੇਸ਼ ਨੂੰ ਸੰਬੋਧਨ ਕਰਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਫਿਤਰਤ ਮੁਤਾਬਕ ਗੱਲਾਂ ਦੇ ਮਹਿਲ ਬਣਾਉਂਦਿਆਂ ਨਵਾਂ ਸ਼ੁਗੂਫਾ ਛੱਡਿਆ: 'ਆਤਮ-ਨਿਰਭਰ ਭਾਰਤ'। ਦੁਨੀਆਂ ਭਰ ਦੇ ਜਾਗੂਰਕ ਹਲਕੇ ਉਸ ਦੇ ਭਾਸ਼ਣ ਵਿਚੋਂ ਆਮ ਲੋਕਾਂ ਲਈ ਭਾਸ਼ਣ ਤੋਂ ਇਲਾਵਾ ਕੁਝ ਰੋਸ, ਕੁਝ ਸੱਚੀ-ਮੁੱਚੀ ਦਾ ਭਾਲਣ ਦੀ ਨਾਕਾਮ ਕੋਸ਼ਿਸ਼ ਕਰਦੇ ਰਹੇ। ਪ੍ਰਧਾਨ ਮੰਤਰੀ ਦੇ ਐਲਾਨੇ 20 ਲੱਖ ਕਰੋੜ ਰੁਪਏ ਦੇ 'ਮਹਾਂ ਪੈਕਜ' ਵਿਚੋਂ ਦੇਸ਼ ਦੇ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ, ਕਰਮਚਾਰੀਆਂ ਅਤੇ ਮਿਹਨਤਕਸ਼ ਲੋਕਾਂ ਹਿੱਸੇ ਇਕ ਵਾਰ ਫਿਰ ਉਪਦੇਸ਼, ਲਾਰੇ ਅਤੇ ਗੱਲਾਂ ਹੀ ਆਈਆਂ। ਮੋਦੀ ਦਾ ਆਤਮ-ਨਿਰਭਰ ਭਾਰਤ ਕਿਹੋ ਜਿਹਾ ਹੋਵੇਗਾ, ਇਸ ਬਾਰੇ ਕੁਝ ਕੁਝ ਝਲਕਾਰੇ ਉਨ੍ਹਾਂ ਦੇ 12 ਮਈ ਦੇ ਇਸ ਭਾਸ਼ਣ ਵਿਚੋਂ, ਬਹੁਤ ਕੁਝ ਮੋਦੀ ਸਰਕਾਰ ਵਲੋਂ ਧਾਰਨ ਕੀਤੀਆਂ ਨੀਤੀਆਂ ਵਿਚੋਂ ਅਤੇ ਬਾਕੀ ਸਭ ਕੁਝ ਵਿਤ ਮੰਤਰੀ ਨਿਰਮਲਾ ਸੀਤਾਰਮਨ ਵਲੋਂ ਲਗਾਤਾਰ ਪੰਜ ਦਿਨ ਕੀਤੀਆਂ ਪ੍ਰੈਸ ਕਾਨਫਰੰਸਾਂ ਵਿਚੋਂ ਸਾਹਮਣੇ ਨਜ਼ਰ ਆ ਗਿਆ। ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਆਪਣੇ ਦੇਸ਼ ਦੇ ਮਜਦੂਰਾਂ ਦੀ ਸੁਰੱਖਿਆ ਲਈ ਬਣੇ ਕਿਰਤ ਕਾਨੂੰਨ ਖਤਮ ਕਰ ਕੇ ਜਾਂ ਸਸਪੈਂਡ ਕਰ ਕੇ ਕਰੋੜਾਂ ਮਜ਼ਦੂਰਾਂ ਨੂੰ ਉਦਯੋਗਪਤੀਆਂ ਦੇ ਰਹਿਮੋ-ਕਰਮ ਉਪਰ ਛੱਡ ਕੇ ਕਿਹੋ ਜਿਹਾ 'ਆਤਮ-ਨਿਰਭਰ ਭਾਰਤ' ਬਣੇਗਾ? ਆਪਣੇ ਦੇਸ਼ ਦੇ ਵਸੀਲਿਆਂ, ਕੁਦਰਤੀ ਸਰੋਤਾਂ, ਆਪਣੇ ਦੇਸ਼ ਦੀ ਪੂੰਜੀ ਲੁਟਾ ਕੇ ਕਿਹੜੇ 'ਆਤਮ-ਨਿਰਭਰ ਭਾਰਤ' ਦੇ ਸੁਪਨੇ ਦੇਖੇ ਜਾ ਰਹੇ ਹਨ? ਜਿਸ ਤਰ੍ਹਾਂ ਕਿਰਤ ਕਾਨੂੰਨਾਂ ਵਿਚ ਸੋਧ ਦੇ ਨਾਮ ਉਪਰ ਨਿਗੂਣੇ ਮਜ਼ਦੂਰ ਹੱਕਾਂ ਉਪਰ ਡਾਕਾ ਮਾਰਿਆ ਜਾ ਰਿਹਾ ਹੈ; ਉਦਯੋਗਪਤੀਆਂ ਨੂੰ ਮਜ਼ਦੂਰਾਂ ਦਾ ਖੂਨ ਪਸੀਨਾ ਨਿਚੋੜਨ ਦੀਆਂ ਖੁੱਲ੍ਹਾਂ ਦਿਤੀਆਂ ਜਾ ਰਹੀਆਂ ਹਨ; ਜਿਵੇਂ ਦੁਨੀਆਂ ਭਰ ਦੀਆਂ ਕਾਰਪੋਰੇਸ਼ਨਾਂ ਨੂੰ ਟੈਕਸ ਛੋਟਾਂ, ਕਾਨੂੰਨਾਂ ਦੀ ਪਾਲਣਾ ਤੋਂ ਛੋਟਾਂ, ਕੁਦਰਤ ਨਾਲ ਖਿਲਵਾੜ ਕਰਨ ਦੀਆਂ ਖੁੱਲ੍ਹਾਂ ਦਿੱਤੀਆਂ ਜਾ ਰਹੀਆਂ ਹਨ; ਜਿਸ ਤਰ੍ਹਾਂ ਮੋਦੀ ਸਰਕਾਰ ਨੇ ਭੂਮੀ ਅਧਿਗ੍ਰਹਿਣ ਕਾਨੂੰਨ ਛਿੱਕੇ ਟੰਗ ਕਿਸਾਨਾਂ ਦੀਆਂ ਜ਼ਮੀਨਾਂ ਜਬਰਨ ਖੋਹੀਆਂ, ਭਵਿਖ ਵਿਚ ਹੋਰ ਵੀ ਵੱਡੇ ਪੱਧਰ 'ਤੇ ਖੋਹੇ ਜਾਣ ਦਾ ਖਦਸ਼ਾ ਹੈ; ਜਿਸ ਤਰ੍ਹਾਂ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਖਤਮ ਕਰ ਕੇ, ਭਾਰਤੀ ਖਾਦ ਨਿਗਮ (ਐਫਸੀ.ਆਈ.) ਨੂੰ ਫਸਲਾਂ ਦੀ ਖਰੀਦ ਵਿਚੋਂ ਬਾਹਰ ਕਰ ਕੇ , ਦੇਸ਼ ਦੇ ਕਿਸਾਨਾਂ ਨੂੰ ਖੁੱਲ੍ਹੀ ਮੰਡੀ ਦੇ ਨਾਮ ਹੇਠ ਵੱਡੇ ਵੱਡੇ ਦੇਸੀ ਵਿਦੇਸ਼ੀ ਪੂੰਜੀਪਤੀਆਂ ਦੇ ਰਹਿਮੋ-ਕਰਮ 'ਤੇ ਛੱਡਿਆ ਜਾ ਰਿਹਾ ਹੈ, ਉਸ ਤੋਂ ਮੋਦੀ ਸਰਕਾਰ ਵਲੋਂ ਆਤਮ-ਨਿਰਭਰ ਭਾਰਤ ਦੇ ਨਾਂ ਹੇਠ ਲੁਕਾਈ ਗੁਲਾਮੀ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਕਰੋਨਾ ਸੰਕਟ ਦੀ ਆੜ ਵਿਚ ਵੋਕਲ ਫਾਰ ਲੋਕਲ, ਮੇਕ ਇਨ ਇੰਡੀਆ ਅਤੇ ਸਵਦੇਸ਼ੀ ਵਰਗੇ ਲਾਰਿਆਂ ਅਤੇ ਨਾਅਰਿਆਂ ਦੇ ਨਾਲ-ਨਾਲ, ਵਿਦੇਸ਼ੀ ਕਾਰਪੋਰੇਸ਼ਨਾਂ, ਵਿਦੇਸ਼ੀ ਤਕਨੀਕ, ਵਿਦੇਸੀ ਪੂੰਜੀ (ਐਫਡੀ.ਆਈ.) ਲਈ ਲਾਲ ਕਲੀਨ ਵਿਛਾਉਣ ਦੇ ਵਾਅਦੇ 'ਆਤਮ-ਨਿਰਭਰ ਭਾਰਤ' ਦੇ ਨਾਲ ਇਸ ਤੋਂ ਵੱਡਾ ਮਜ਼ਾਕ ਹੋਰ ਭਲਾ ਕੀ ਹੋ ਸਕਦਾ ਹੈ? ਦੇਸ਼ ਦੀ ਸੁਰੱਖਿਆ ਨੂੰ ਤਾਕ ਉਪਰ ਰੱਖ ਦੇਸ਼ ਦੀਆਂ ਅਸਲ੍ਹਾ ਫੈਕਟਰੀਆਂ ਨੂੰ ਨਾ ਸਿਰਫ ਨਿੱਜੀ ਹੱਥਾਂ ਵਿਚ ਦਿੱਤਾ ਜਾ ਰਿਹਾ ਹੈ ਬਲਕਿ ਸਿੱਧੇ ਵਿਦੇਸ਼ੀ ਨਿਵੇਸ਼ ਦੀ ਹੱਦ ਨੂੰ 74 ਫੀਸਦੀ ਤੱਕ ਵਧਾ ਕੇ, ਦੇਸ਼ ਅਤੇ ਦੇਸ਼ ਦੀਆਂ ਸੁਰੱਖਿਆ ਫੋਰਸਾਂ (ਜੋ ਗਰੀਬ ਤੇ ਆਮ ਲੋਕਾਂ ਦੇ ਬੱਚੇ ਹੁੰਦੇ ਹਨ) ਨੂੰ ਮੌਤ ਦੇ ਮੂੰਹ ਧੱਕਿਆ ਜਾ ਰਿਹਾ ਹੈ। ਦੇਸ਼ ਦੀ ਦੂਜੀ ਸੁਰੱਖਿਆ ਪੰਕਤੀ, ਸਭ ਤੋਂ ਵੱਡੀ ਰੁਜ਼ਗਾਰਦਾਤਾ, ਭਾਰਤੀ ਰੇਲਵੇ ਵਿਚ 100 ਫੀਸਦੀ ਸਿੱਧੇ ਵਿਦੇਸ਼ੀ ਨਿਵੇਸ਼ ਦੀ ਮਨਜ਼ੂਰੀ ਦੇ ਕੇ ਦੁਨੀਆਂ ਭਰ ਦੀਆਂ ਦਿਓ ਕੱਦ ਕਾਰਪੋਰੇਸ਼ਨਾਂ ਹਵਾਲੇ ਕਰ ਦੇਣ ਦੀ ਸਾਜ਼ਿਸ਼ ਰਚੀ ਜਾ ਚੁੱਕੀ ਹੈ। ਦੇਸ਼ ਦੇ ਜਨਤਕ ਅਦਾਰਿਆਂ ਜਿਨ੍ਹਾਂ ਨੂੰ ਦੇਸ਼ ਦੇ ਲੋਕਾਂ ਦੁਆਰਾ ਢਿੱਡ ਬੰਨ੍ਹ ਕੇ ਕੀਤੀਆਂ ਬੱਚਤਾਂ ਅਤੇ ਕਰਮਚਾਰੀਆਂ ਦੇ ਖੂਨ ਪਸੀਨੇ ਨਾਲ ਉਸਾਰਿਆ ਗਿਆ ਸੀ ਤੇ ਜਿਸ ਨੇ ਦੇਸ਼ ਦੇ ਵਿਕਾਸ ਦੀ ਗੱਡੀ ਲੀਹ ਤੇ ਪਾਈ ਸੀ ਅਤੇ ਮੌਜੂਦਾ ਕਰੋਨਾ ਸੰਕਟ ਦੌਰਾਨ ਜਨਤਕ ਅਦਾਰਿਆਂ ਦੇ ਕਰਮਚਾਰੀ ਚਾਹੇ ਉਹ ਡਾਕਟਰ, ਨਰਸਾਂ, ਪੈਰਾ ਮੈਡੀਕਲ ਸਟਾਫ, ਪੁਲਿਸ, ਸਫਾਈ, ਰੇਲਵੇ, ਬਿਜਲੀ ਆਦਿ ਦੇ ਕਰਮਚਾਰੀ ਹੋਣ (ਜਿਨ੍ਹਾਂ ਨੂੰ ਦੇਸ਼ ਦਾ ਮੌਜੂਦਾ ਪ੍ਰਧਾਨ ਮੰਤਰੀ ਦੁਨੀਆਂ ਭਰ ਵਿਚ ਬਦਨਾਮ ਕਰਦਾ ਰਿਹਾ ਹੈ) ਨੇ ਸੀਮਤ ਸਾਧਨਾਂ ਦੇ ਬਾਵਜੂਦ ਕਰੋਨਾ ਮਹਾਮਾਰੀ ਦਾ ਚਟਾਨ ਵਾਂਗੂ ਟਾਕਰਾ ਕੀਤਾ। ਮੋਦੀ ਸਰਕਾਰ ਉਸ ਜਨਤਕ ਖੇਤਰ ਦਾ ਨਿਜੀਕਰਨ ਕਰਕੇ ਤੇ ਉਸ ਨੂੰ ਦੇਸੀ ਵਿਦੇਸ਼ੀ ਕਾਰਪੋਰੇਸ਼ਨਾਂ ਹਵਾਲੇ ਕਰ ਕੇ ਕੈਸਾ 'ਆਤਮ-ਨਿਰਭਰ ਭਾਰਤ' ਬਣਾਉਣਾ ਚਾਹੁੰਦੀ ਹੈ। 'ਸਦਮਾ ਸਿਧਾਂਤ' ਨਾਂ ਦੀ ਵਿਸ਼ਵ ਪ੍ਰਸਿਧ ਕਿਤਾਬ ਵਿਚ ਲੇਖਕਾ ਨਿਓਮੀ ਕਲਾਈਨ ਇਹ ਸਾਬਤ ਕਰਦੀ ਹੈ ਵੱਡੀਆਂ-ਵੱਡੀਆਂ ਦਿਓ ਕੱਦ ਕਾਰਪੋਰੇਸ਼ਨਾਂ ਮਹਿਜ਼ ਵਪਾਰ ਨਹੀਂ ਕਰਦੀਆਂ, ਨਾ ਹੀ ਗਰੀਬ ਦੇਸ਼ਾਂ ਦੇ ਵਿਕਾਸ ਨਾਲ ਇਨ੍ਹਾਂ ਦਾ ਕੋਈ ਲੈਣਾ ਦੇਣਾ ਹੁੰਦਾ ਹੈ ਜਿਵੇਂ ਮੋਦੀ ਦਾਅਵਾ ਕਰਦਾ ਹੈ; ਸਗੋਂ ਇਨ੍ਹਾਂ ਦੀ ਭੂਮਿਕਾ ਨੀਤੀਆਂ ਵਿਚ ਵੱਡੇ ਪੱਧਰ 'ਤੇ ਰੱਦੋਬਦਲ ਕਰਵਾ ਕੇ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ ਆਦਿ ਵਿਚ ਬੇਤਹਾਸ਼ਾ ਵਾਧਾ ਕਰਵਾ ਕੇ ਆਮ ਲੋਕਾਂ ਦਾ ਜੀਵਨ ਅਸਤ-ਵਿਅਸਤ ਕਰਵਾਉਣ, ਸਗੋਂ ਰਾਜ ਪਲਟੇ ਤੱਕ ਕਰਵਾਉਣ ਵਿਚ ਵੀ ਸਾਫ ਨਜ਼ਰ ਆਉਂਦੀ ਹੈ। ਸਾਨੂੰ ਭਾਰਤ ਦੇ ਲੋਕਾਂ ਨੂੰ ਈਸਟ ਇੰਡੀਆ ਕੰਪਨੀ ਨੇ ਉਪਰੋਕਤ ਸਬਕ ਸਦੀਆਂ ਪਹਿਲਾਂ ਸਿਖਾ ਦਿੱਤਾ ਸੀ। ਇਤਿਹਾਸ ਦੱਸਦਾ ਹੈ ਕਿ ਈਸਟ ਇੰਡੀਆ ਕੰਪਨੀ ਭਾਰਤ ਵਿਚ ਵਪਾਰ ਕਰਨ ਆਈ ਸੀ ਤੇ ਉਸ ਨੇ ਸਾਜ਼ਿਸ਼ਾਂ ਰਚ ਕੇ ਪੂਰੇ ਦੇਸ਼ ਨੂੰ ਆਪਣਾ ਗੁਲਾਮ ਬਣਾ ਲਿਆ ਸੀ। ਮੁਗਲ ਬਾਦਸ਼ਾਹਾਂ ਨੇ ਈਸਟ ਇੰਡੀਆ ਕੰਪਨੀ ਨੂੰ ਵਪਾਰ ਲਈ ਦਿੱਤੀਆਂ ਖੁੱਲ੍ਹਾਂ ਅਤੇ ਹੋਰ ਰਿਆਸਤਾਂ ਵਲੋਂ ਦਿਖਾਈਆਂ ਦਰਿਆਦਿਲੀਆਂ ਅੰਤ ਦੇਸ਼ ਨੂੰ ਲੈ ਡੁੱਬੀਆ ਸਨ। ਮੁਗਲ ਬਾਦਸ਼ਾਹਾਂ ਤੇ ਹੋਰ ਰਾਜਿਆਂ ਦੀਆਂ ਨੀਤੀਆਂ ਜਾਂ ਨਾਲਾਇਕੀਆਂ ਦੀ ਬਦੌਲਤ ਦੇਸ਼ ਦੇ ਲੋਕ ਸਦੀਆਂ ਦੀ ਲੰਮੀ ਗੁਲਾਮੀ ਹੰਢਾਉਣ ਲਈ ਮਜਬੂਰ ਹੋ ਗਏ ਸਨ।

ਸੁਆਲ ਤਾਂ ਇਹ ਵੀ ਹੈ ਕਿ ਜੇ ਵਿਦੇਸ਼ੀ ਕੰਪਨੀਆਂ ਨੇ ਹੀ ਦੇਸ਼ ਨੂੰ ਆਤਮ ਨਿਰਭਰ ਬਣਾਉਣਾ ਹੁੰਦਾ ਤਾਂ ਈਸਟ ਇੰਡੀਆ ਕੰਪਨੀ ਨੇ ਭਾਰਤ ਦਾ ਵਿਕਾਸ ਕਰ ਕੇ ਇਸ ਨੂੰ ਆਤਮ ਨਿਰਭਰ ਕਿਉਂ ਨਾ ਬਣਾਇਆ? ਤੇ ਫਿਰ ਅੰਗਰੇਜ਼ੀ ਰਾਜ ਦੀ ਗੁਲਾਮੀ ਦਾ ਜੂਲਾ ਲਾਹੁਣ ਲਈ ਬ੍ਰਿਟਿਸ਼ ਰਾਜ ਦੀ ਲੁੱਟ-ਖਸੁੱਟ ਤੋਂ ਛੁਟਕਾਰਾ ਪਾਉਣ ਖਾਤਰ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਮਰ ਮਿਟਣ ਵਾਲੇ ਲੱਖਾਂ ਸੂਰਬੀਰ ਯੋਧੇ ਕੀ ਗਲਤ ਸਨ? ਨਹੀਂ; ਸਗੋਂ ਭਾਰਤ ਦੇ ਆਜ਼ਾਦੀ ਸੰਗਰਾਮੀਏ ਪੂਰੀ ਤਰ੍ਹਾਂ ਸਪਸ਼ਟ ਸਨ ਕਿ ਅੰਗਰੇਜ਼ ਸਾਡੇ ਮੁਲਕ ਅਤੇ ਮੁਲਕ ਦੇ ਲੋਕਾਂ ਦੀ ਬੇਕਿਰਕੀ ਨਾਲ ਲੁੱਟ ਕਰਦੇ ਹਨ। ਲਾਲਾ ਲਾਜਪਤ ਰਾਏ ਨੇ ਆਪਣੀ ਕਿਤਾਬ 'ਯੰਗ ਇੰਡੀਆ' ਵਿਚ ਭਾਰਤ ਅਤੇ ਭਾਰਤ ਦੇ ਲੋਕਾਂ ਦੀ ਗਰੀਬੀ ਦੀ ਗੱਲ ਕਰਦਿਆਂ ਸਾਬਤ ਕੀਤਾ ਕਿ ਸਾਡੀ ਗਰੀਬੀ ਦਾ ਅਸਲ ਕਾਰਨ ਅੰਗਰੇਜ਼ਾਂ ਦੁਆਰਾ ਕੀਤੀ ਜਾਂਦੀ ਸਾਡੀ ਅੰਨ੍ਹੇਵਾਹ ਲੁੱਟ ਹੈ। ਉਨ੍ਹਾਂ ਤੱਥਾਂ ਤੇ ਅੰਕੜਿਆਂ ਸਹਿਤ ਬ੍ਰਿਟਿਸ਼ ਸਾਮਰਾਜ ਦੀ ਲੁੱਟ ਨੂੰ ਨੰਗਿਆਂ ਕੀਤਾ ਅਤੇ ਦਾਅਵਾ ਕੀਤਾ ਸੀ ਕਿ ਆਜ਼ਾਦੀ ਤੋਂ ਬਾਅਦ ਜਦੋਂ ਇਹ ਲੁੱਟ-ਖਸੁੱਟ ਬੰਦ ਹੋ ਜਾਵੇਗੀ ਤਾਂ ਸਾਡੇ ਦੁੱਖ ਦਲਿਦਰ ਤੇ ਗਰੀਬੀ ਵੀ ਦੂਰ ਹੋ ਜਾਵੇਗੀ। ਆਜ਼ਾਦੀ ਦੇ 73 ਸਾਲਾਂ ਬਾਅਦ ਭਾਰਤੀ ਲੋਕਾਂ ਦੇ ਦੁਖ ਦਲਿਦਰ ਤੇ ਗਰੀਬੀ ਕਿਉਂ ਨਹੀਂ ਮੁੱਕੀ। ਇਹ ਵੱਖਰੀ ਬਹਿਸ ਦਾ ਮੁੱਦਾ ਹੈ ਪਰ ਵਿਦੇਸ਼ੀ ਕਾਰਪੋਰੇਸ਼ਨਾਂ ਗਰੀਬ ਮੁਲਕਾਂ ਦਾ ਵਿਕਾਸ ਨਹੀਂ ਬਲਕਿ ਅੰਨ੍ਹੇਵਾਹ ਲੁੱਟ ਕਰਦੀਆਂ ਹਨ, ਇਸ ਬਾਰੇ ਸਾਡੇ ਦੇਸ਼ ਦੇ ਆਜ਼ਾਦੀ ਸੰਗਰਾਮੀਆ ਨੂੰ ਕੋਈ ਭੁਲੇਖਾ ਨਹੀਂ ਸੀ। ਅੱਜ ਮੋਦੀ ਸਰਕਾਰ ਮੇਕ ਇਨ ਇੰਡੀਆ ਅਤੇ ਆਤਮ ਨਿਰਭਰ ਭਾਰਤ ਦੇ ਨਾਮ ਉਪਰ ਦੁਨੀਆਂ ਭਰ ਦੀਆਂ ਕਾਰਪੋਰੇਸ਼ਨਾਂ ਲਈ ਲਾਲ ਕਲੀਨ ਵਿਛਾ ਕੇ, ਈਜ ਟੂ ਬਿਜ਼ਨਸ ਦੇ ਵਾਅਦੇ ਕਰ ਦੇਸ਼ ਦੇ ਲੋਕਾਂ ਨੂੰ ਫੇਰ ਗੁਲਾਮ ਬਣਾਉਣ ਦੇ ਉਲਟੇ ਰਸਤੇ ਚੱਲ ਰਹੀ ਹੈ। ਵਿਦੇਸ਼ੀ ਕਾਰਪੋਰੇਸ਼ਨਾਂ, ਵਿਦੇਸ਼ੀ ਤਕਨੀਕ, ਵਿਦੇਸ਼ੀ ਪੂੰਜੀ ਆਦਿ ਦੇ ਸਬਜ਼ਬਾਗ ਦੇਖਣ ਤੇ ਦਿਖਾਉਣ ਵਾਲਿਆਂ ਨੂੰ ਪੁਛਣਾ ਚਾਹੀਦਾ ਹੈ ਕਿ ਕੋਕਾ ਕੋਲਾ, ਪੈਪਸੀ, ਵਾਲਮਾਰਟ ਤੇ ਹੋਰ ਹਜ਼ਾਰਾਂ ਕੰਪਨੀਆਂ ਕੋਲੋਂ ਇਨ੍ਹਾਂ ਹੁਣ ਤੱਕ ਕਿਹੜੀ ਤਕਨੀਕ ਹਾਸਲ ਕੀਤੀ ਹੈ? ਉਲਟਾ ਇਨ੍ਹਾਂ ਕੰਪਨੀਆਂ ਨੇ ਕਿੰਨੀਆਂ ਹੀ ਭਾਰਤੀ ਕੰਪਨੀਆਂ ਨੂੰ ਨਿਗਲ ਲਿਆ ਹੈ। ਦੇਸ਼ ਦੇ ਲੋਕਾਂ ਦੀ ਅੰਨ੍ਹੀ ਲੁੱਟ ਕਰਕੇ ਮਣਾਂ ਮੂੰਹੀਂ ਸਰਮਾਇਆ ਦੇਸ਼ ਤੋਂ ਬਾਹਰ ਲਿਜਾ ਕੇ ਦੇਸ਼ ਦੇ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ ਤੇ ਆਮ ਲੋਕਾਂ ਸੰਕਟ ਮੂੰਹ ਧੱਕ ਕੇ ਦੇਸ਼ ਦੀ ਆਤਮ ਨਿਰਭਰਤਾ ਨੂੰ ਰੋਲ ਕੇ ਰੱਖ ਦਿੱਤਾ ਹੈ। ਅੱਜ ਨਾ ਸਿਰਫ ਸਾਡੇ ਦੇਸ਼ ਦਾ ਨੌਜਵਾਨ ਬੇਰੁਜ਼ਗਾਰੀ ਅਤੇ ਦੇਸ਼ ਦੀ ਵਿਵਸਥਾ ਤੋਂ ਤੰਗ ਆ ਕੇ ਵਿਦੇਸ਼ੀਂ ਉਡਾਰੀ ਮਾਰਨ ਲਈ ਮਜਬੂਰ ਹੋ ਗਿਆ ਬਲਕਿ ਸਾਡੇ ਦੇਸ਼ ਦੇ 26 ਹਜ਼ਾਰ ਉਦਮੀ ਜਿਹੜੇ ਸਹੀ ਅਰਥਾਂ ਵਿਚ ਆਤਮ ਨਿਰਭਰ ਭਾਰਤ ਦਾ ਨਿਰਮਾਣ ਕਰ ਰਹੇ ਸਨ ਅਤੇ ਸੱਚੀ-ਮੁੱਚੀ ਮੇਕ ਇਨ ਇੰਡੀਆ ਵਿਚ ਆਪਣਾ ਯੋਗਦਾਨ ਪਾ ਰਹੇ ਸਨ, ਦੇਸ਼ ਛੱਡਣ ਲਈ ਮਜਬੂਰ ਹੋ ਚੁੱਕੇ ਹਨ। ਦੇਸ਼ ਵਿਚੋਂ ਪੂੰਜੀ, ਦਿਮਾਗੀ, ਹੁਨਰ ਆਦਿ ਦਾ ਨਿਕਾਸ ਮਜਬੂਰੀ ਵਿਚ ਪ੍ਰੰਤੂ ਬਹੁਤ ਤੇਜ਼ੀ ਨਾਲ ਹੋ ਰਿਹਾ ਹੈ ਤੇ ਮੋਦੀ ਸਰਕਾਰ ਵਿਦੇਸ਼ੀ ਪੂੰਜੀ ਨਿਵੇਸ਼ ਤੇ ਤਕਨੀਕ ਸਹਾਰੇ ਵਿਕਾਸ ਦੇ ਸੁਨਹਿਰੀ ਸੁਪਨੇ ਦੇਖ ਤੇ ਦਿਖਾ ਰਹੀ ਹੈ।

ਇਸ ਇਤਿਹਾਸ ਨੂੰ ਕੌਣ ਦੇਸ਼ ਵਾਸੀ ਭੁੱਲ ਸਕਦਾ ਹੈ ਕਿ ਅੰਗਰੇਜ਼ਾਂ ਨੇ ਸਾਡੀ ਖੇਤੀ, ਸਾਡੇ ਉਦਯੋਗਾਂ ਤੇ ਸਾਡੇ ਕਿਰਤੀਆਂ-ਕਿਸਾਨਾਂ ਨੂੰ ਉਜਾੜ ਕੇ ਆਪਣੇ ਉਦਯੋਗ ਧੰਦੇ ਸਥਾਪਤ ਕੀਤੇ ਸਨ। ਸਾਡੇ ਸਮਿਆਂ ਦਾ ਦੁਖਾਂਤ ਇਹ ਹੈ ਕਿ ਦੇਸ਼ ਦੇ ਸੁਨਹਿਰੀ ਇਤਿਹਾਸ ਦੀਆਂ ਬਾਤਾਂ ਪਾਉਣ ਵਾਲੇ, ਬਾਬਾ ਵਿਸ਼ਕਰਮਾ ਨੂੰ ਪੂਜਣ ਵਾਲੇ, ਦੇਸ਼ ਦੇ ਸੁਨਹਿਰੀ ਇਤਿਹਾਸ ਦਾ ਸਭ ਤੋਂ ਵੱਧ ਗੁਣਗਾਣ ਕਰਨ ਵਾਲੇ ਹਾਕਮ ਵਿਦੇਸ਼ੀ ਕੰਪਨੀਆਂ ਅੱਗੇ ਪੂਰੀ ਤਰ੍ਹਾਂ ਨਤਮਸਤਕ ਹਨ।

ਇਸ ਵਿਚ ਵੀ ਕੋਈ ਸ਼ੱਕ ਨਹੀਂ ਕਰੋਨਾ ਸੰਕਟ ਦੀ ਜੜ੍ਹ ਪੂੰਜੀਵਾਦੀ ਉਤਪਾਦਨ ਵਿਵਸਥਾ ਵਿਚ ਪਈ ਹੈ ਤੇ ਖੁੱਲ੍ਹੀ ਮੰਡੀ ਅਤੇ ਵਿਸ਼ਵੀਕਰਨ ਦੀਆਂ ਸਾਮਰਾਜੀ ਨੀਤੀਆਂ ਕਾਰਨ ਇਹ ਬਿਮਾਰੀ ਬੜੀ ਤੇਜ਼ੀ ਨਾਲ ਪੂਰੀ ਦੁਨੀਆਂ ਵਿਚ ਫੈਲ ਗਈ। ਅੱਜ ਸਮਾਂ ਪੂੰਜੀਵਾਦੀ, ਨਿਜੀਕਰਨ, ਉਦਾਰੀਕਰਨ, ਸੰਸਾਰੀਕਰਨ ਆਦਿ ਨੀਤੀਆਂ ਉਪਰ ਪੁਨਰ ਵਿਚਾਰ ਕਰਨ ਦੀ ਮੰਗ ਕਰ ਰਿਹਾ ਹੈ। ਸਚਾਈ ਤਾਂ ਇਹ ਵੀ ਹੈ ਕਿ ਆਤਮ ਨਿਰਭਰ ਆਰਥਿਕ ਵਿਵਸਥਾਵਾਂ ਉਪਰ ਸੰਕਟਾਂ ਦੀ ਮਾਰ ਹਮੇਸ਼ਾ ਘੱਟ ਪੈਂਦੀ ਹੈ। ਸਾਡੇ ਦੇਸ਼ ਦੇ ਹੁਕਮਰਾਨਾਂ ਨੇ 1991 ਵਿਚ ਜਿਵੇਂ ਦੇਸ਼ ਦੀ ਅਰਥ-ਵਿਵਸਥਾ ਨੂੰ ਸਾਮਰਾਜੀ ਮੁਲਕਾਂ ਨਾਲ ਨਰੜ ਕੇ ਦੇਸ ਦੀ ਖੇਤੀ, ਉਦਯੋਗ, ਧੰਦਿਆਂ ਅਤੇ ਲੋਕਾਂ ਨੂੰ ਉਜਾੜ ਕੇ ਦੇਸ਼ ਦੀ ਆਜ਼ਾਦੀ ਅਤੇ ਆਤਮ-ਨਿਰਭਰਤਾ ਨਾਲ ਖਿਲਵਾੜ ਕੀਤਾ ਸੀ, ਉਸ ਦੇ ਡਰਾਉਣੇ ਨਤੀਜੇ ਸਾਡੇ ਸਭ ਦੇ ਸਾਹਮਣੇ ਹਨ।

ਦੇਸ਼ ਦੇ ਲੋਕਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਆਤਮ ਨਿਰਭਰਤਾ, ਮੇਕ ਇਨ ਇੰਡੀਆ ਦਾ ਮਤਲਬ ਇਹ ਨਹੀਂ ਕਿ ਇਥੇ ਫੋਰਡ, ਜਨਰਲ ਮੋਟਰ, ਸੈਮਸੰਗ ਆਦਿ ਵਰਗੀਆਂ ਦੁਨੀਆਂ ਭਰ ਦੀਆਂ ਦਿਓ-ਕੱਦ ਕਾਰਪੋਰੇਸ਼ਨਾਂ ਇਥੇ ਉਤਪਾਦਨ ਕਰਨ ਅਤੇ ਇਥੋਂ ਦੇ ਕਿਰਤੀਆਂ, ਕਿਸਾਨਾਂ, ਨੌਜਵਾਨਾਂ, ਕੁਦਰਤੀ ਸਰੋਤਾਂ ਆਦਿ ਦੀ ਬੇਕਿਰਕੀ ਨਾਲ ਲੁੱਟ ਕਰਨ ਅਤੇ ਜਦੋਂ ਚਾਹੁਣ, ਉਹ ਉਦੋਂ ਉਤਪਾਦਨ, ਤਕਨੀਕ ਅਤੇ ਮੁਨਾਫਾ ਲੈ ਕੇ ਦੇਸ਼ ਵਿਚੋਂ ਰਫੂ ਚੱਕਰ ਹੋ ਜਾਣ। ਫੇਰ ਆਤਮ ਨਿਰਭਰ ਭਾਰਤ ਅਤੇ ਮੇਕ ਇਨ ਇੰਡੀਆ ਵਰਗੇ ਨਾਅਰਿਆਂ ਦਾ ਕੀ ਅਰਥ ਰਹਿ ਜਾਵੇਗਾ? ਮੇਕ ਇਨ ਇੰਡੀਆ ਦਾ ਮਤਲਬ ਭਾਰਤ ਦੇ ਲੋਕਾਂ ਲਈ, ਲੋਕਾਂ ਦੁਆਰਾ, ਲੋਕਾਂ ਦਾ ਹੋਣਾ ਚਾਹੀਦਾ ਹੈ। ਇਹ ਦੇਸ਼ ਦੇ ਲੋਕਾਂ, ਵਸੀਲਿਆਂ ਤੇ ਪੂੰਜੀ ਆਦਿ ਦੀ ਕੀਮਤ ਉਪਰ ਬਿਲਕੁਲ ਨਹੀਂ ਹੋਣਾ ਚਾਹੀਦਾ।

ਲੇਖਕ : ਅਮਰੀਕ ਸਿੰਘ
ਫੋਨ: +91-84373-12220

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
PUNJABI DUNIYA
ISSN No. 1554 06X
ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਸ਼ਪੈਸ਼ਲ ਕੋਰੋਸਪੌਂਡੈਂਸ : ਗਗਨਦੀਪ ਸਿੰਘ (ਇੰਡੀਆ)
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ
Published by Punjabi Duniya.com LLC
(A Division of Media Partners Capital , Inc.)
Address :
P.O Box 7005 Hicksville New York 11801
Phone: 917 612 3158 TelFax : 516 342 1076
punjabiduniya@gmail.com, thesouthasianinsider@gmail.com
www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source




# ਨੁਕਸਾਨਦੇਹ ਹੋ ਸਕਦੈ ਅਮਰੀਕਾ ਤੇ ਵਿਸ਼ਵ ਸਿਹਤ ਸੰਗਠਨ ਦੇ ਸਬੰਧਾਂ ਦਾ ਟੁੱਟ ਜਾਣਾ




*ਅਮਰੀਕਾ ਵਿਸ਼ਵ ਸਿਹਤ ਸੰਗਠਨ ਤੋਂ ਖ਼ਫ਼ਾ ਕਿਉਂ ਹੈ? ਇਹ ਵਿਸ਼ਾ ਵਿਚਾਰਨਯੋਗ ਹੈ। ਅਮਰੀਕਾ ਕਹਿ ਰਿਹਾ ਹੈ ਕਿ ਜਨਵਰੀ ਵਿਚ ਜਦੋਂ ਇਹ ਮਹਾਂਮਾਰੀ ਸੰਸਾਰ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਰਹੀ ਸੀ ਤਾਂ ਪੂਰੀ ਦੁਨੀਆ ਉਸ ਨਾਲ ਲੜਨ ਦੀ ਤਾਕਤ ਇਕੱਠੀ ਕਰ ਰਹੀ ਸੀ ਤਦ ਬਰਲਕੇ ਰਿਸਰਚ ਵਿਗਿਆਨੀ ਕਿਸਿਆਓ ਕਿਸਿਆਂਗ ਇਕ ਨਵੇਂ ਕੋਰੋਨਾ ਵਾਇਰਸ ਬਾਰੇ ਚੀਨ ਦੇ ਅਧਿਕਾਰਤ ਬਿਆਨਾਂ ਦੀ ਨਿਗਰਾਨੀ ਕਰ ਰਿਹਾ ਸੀ। ਉਸ ਨੇ ਬਹੁਤ ਕੁਝ ਹੈਰਾਨ ਅਤੇ ਪ੍ਰੇਸ਼ਾਨ ਕਰਨ ਵਾਲਾ ਵੇਖਿਆ। ਵਿਸ਼ਵ ਸਿਹਤ ਸੰਗਠਨ ਜੋ ਦੁਨੀਆ ਨੂੰ ਸਿਹਤ ਸੰਕਟ ਨਾਲ ਨਜਿੱਠਣ ਦੀ ਸਲਾਹ ਦਿੰਦਾ ਹੈ, ਆਪਣੀਆਂ ਸਲਾਹਾਂ 'ਚੋਂ ਚੀਨ ਦੀ ਬੋਲੀ ਬੋਲਦਾ ਲਗਦਾ ਸੀ।*

**ਅਸ਼ੋਕ ਭੌਰਾ**

ਝਗੜਨ ਦੀ ਮਹੱਤਤਾ ਇਸ ਗੱਲ ਵਿਚ ਹੁੰਦੀ ਹੈ ਕਿ ਝਗੜ ਕੌਣ ਰਿਹਾ ਹੈ? ਇਸੇ ਕਰਕੇ ਪੂਰਾ ਵਿਸ਼ਵ ਇਸ ਵੇਲੇ ਅਮਰੀਕਾ ਅਤੇ ਵਿਸ਼ਵ ਸਿਹਤ ਸੰਗਠਨ (ਡਬਲਊ.ਐੱਚ.ਓ.) ਆਹਮੋ-ਸਾਹਮਣੇ ਹੁੰਦੇ ਤਾਅਨੇ ਮਿਹਣਿਆਂ ਤੋਂ ਬਾਅਦ ਅੱਡ ਹੋਣ ਦੀ ਲੜਾਈ ਵੇਖ ਰਿਹਾ ਹੈ। ਇਹ ਜਾਣਦਿਆਂ ਹੋਇਆਂ ਵੀ ਕਿ ਘਸੁੰਨ ਕਿਸੇ ਹੋਰ ਨੇ ਮਾਰਿਆ ਹੈ ਅਤੇ ਸੱਟ ਕਿਸੇ ਹੋਰ ਦੇ ਲੱਗ ਰਹੀ ਹੈ। ਅਮਰੀਕਾ ਨੇ ਇਸ ਸੰਗਠਨ ਲਈ ਬੂਹੇ ਬੰਦ ਹੀ ਨਹੀਂ ਕੀਤੇ ਸਗੋਂ ਪੱਕੀ ਕੰਧ ਕਰ ਲਈ ਹੈ। ਹਾਲ ਹੀ 'ਚ ਸਥਿਤੀ ਇਹ ਬਣੀ ਹੈ ਕਿ ਇਸ ਖਿੱਚੋਤਾਣ 'ਚ ਗਲ ਲੱਗਣ ਦੀ ਆਸ ਮੁੱਕ ਗਈ ਹੈ ਅਤੇ ਘੱਟੋ-ਘੱਟ ਜੇ ਅਗਲੇ ਚਾਰ ਸਾਲ ਅਮਰੀਕਾ ਦੀ ਵਾਗਡੋਰ ਫਿਰ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹੱਥ ਆ ਜਾਂਦੀ ਹੈ ਤਾਂ ਇਹ ਲਕੀਰ ਖਿੱਚੀ ਹੀ ਰਹੇਗੀ। ਪਿਛਲੇ ਮਹੀਨੇ ਤੀਹ ਦਿਨ ਦੇ ਸਮੇਂ ਨਾਲ ਅਮਰੀਕੀ ਸਦਰ ਨੇ ਵਿਸ਼ਵ ਸਿਹਤ ਸੰਗਠਨ ਨੂੰ ਦਿੱਤੀ ਜਾਣ ਵਾਲੀ ਮਦਦ ਰੋਕੀ ਸੀ ਤੇ ਉਸ ਨੇ ਕਿਹਾ ਸੀ ਕਿ ਇਹ ਮੌਕਾ ਹੈ ਜਦੋਂ ਉਹ ਆਪਣੀ ਕਾਰਜਸ਼ੈਲੀ ਵਿਚ ਮਹੱਤਵਪੂਰਨ ਸੁਧਾਰ ਕਰੇ। ਸੰਗਠਨ ਦੇ ਮੁਖੀ ਟੈਡਰੋਸ ਐਡਨੋਮ ਨੇ ਸਮੀਖਿਆ ਕਰਨ ਦਾ ਵਾਅਦਾ ਵੀ ਕੀਤਾ ਪਰ ਇਹ ਵਾਅਦਾ ਵਫ਼ਾ ਨਹੀਂ ਹੋ ਸਕਿਆ। ਇੱਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਅਮਰੀਕਾ ਇਸ ਸਭ ਤੋਂ ਵੱਡੀ ਵਿਸ਼ਵ ਸਿਹਤ ਸੰਸਥਾ ਨੂੰ 15 ਫ਼ੀਸਦੀ ਹਿੱਸਾ (324 ਮਿਲੀਅਨ ਪੌਂਡ ਜਾਂ 360 ਮਿਲੀਅਨ ਯੂਰੋ ਦੇ ਬਰਾਬਰ 400 ਮਿਲੀਅਨ ਡਾਲਰ) ਦਿੰਦਾ ਆਇਆ ਹੈ। ਹਾਲਾਂਕਿ ਬਰਤਾਨੀਆ ਤੇ ਜਰਮਨ ਵੀ ਚੀਨ ਦੇ ਕੋਰੋਨਾ ਵਾਇਰਸ ਪ੍ਰਤੀ ਵਰਤਾਰੇ ਤੋਂ ਤਾਂ ਖ਼ਫ਼ਾ ਹਨ ਪਰ ਦੋਵਾਂ ਮੁਲਕਾਂ ਨੇ ਇਹ ਜ਼ਰੂਰ ਕਿਹਾ ਹੈ ਕਿ ਵਿਸ਼ਵ ਸਿਹਤ ਸੰਗਠਨ ਨੂੰ ਮਾਲੀ ਮਦਦ ਬੰਦ ਨਹੀਂ ਕਰਨਗੇ, ਕਿਉਂਕਿ ਇਸ ਵੇਲੇ ਕੋਵਿਡ-19 ਦਾ ਟੀਕਾ ਵਿਕਸਿਤ ਕਰਨ ਵਿਚ ਇਹ ਸੰਗਠਨ ਪਹਿਲਕਦਮੀ ਕਰਨ 'ਚ ਲੱਗਾ ਹੋਇਆ ਹੈ। ਅਸਲ ਵਿਚ ਅਮਰੀਕਾ ਅਤੇ ਵਿਸ਼ਵ ਸਿਹਤ ਸੰਗਠਨ ਦੇ ਆਹਮੋ-ਸਾਹਮਣੇ ਹੋਣ ਦੇ ਕੁਝ ਸ਼ੰਕਾਮਈ ਕਾਰਨ ਹਨ ਜਿਨ੍ਹਾਂ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਪਿਛਲੇ ਸਾਲ 31 ਦਸੰਬਰ, 2019 ਨੂੰ ਚੀਨ ਦੇ ਵੂਹਾਨ ਸ਼ਹਿਰ 'ਚ ਕੋਰੋਨਾ ਵਾਇਰਸ ਦਾ ਹਮਲਾ ਹੁੰਦਾ ਹੈ ਤੇ ਵਿਸ਼ਵ ਸਿਹਤ ਸੰਗਠਨ ਇਸ ਨੂੰ 11 ਫਰਵਰੀ ਨੂੰ ਕੋਵਿਡ-19 ਦਾ ਨਾਂਅ ਦਿੰਦਾ ਹੈ ਅਤੇ 11 ਮਾਰਚ ਨੂੰ ਆ ਕੇ ਇਸ ਨੂੰ ਆਲਮੀ ਮਹਾਂਮਾਰੀ ਐਲਾਨਦਾ ਹੈ।

ਅਮਰੀਕਾ ਵਿਸ਼ਵ ਸਿਹਤ ਸੰਗਠਨ ਤੋਂ ਖ਼ਫ਼ਾ ਕਿਉਂ ਹੈ? ਇਹ ਵਿਸ਼ਾ ਵਿਚਾਰਨਯੋਗ ਹੈ। ਅਮਰੀਕਾ ਕਹਿ ਰਿਹਾ ਹੈ ਕਿ ਜਨਵਰੀ ਵਿਚ ਜਦੋਂ ਇਹ ਮਹਾਂਮਾਰੀ ਸੰਸਾਰ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਰਹੀ ਸੀ ਤਾਂ ਪੂਰੀ ਦੁਨੀਆ ਉਸ ਨਾਲ ਲੜਨ ਦੀ ਤਾਕਤ ਇਕੱਠੀ ਕਰ ਰਹੀ ਸੀ ਤਦ ਬਰਲਕੇ ਰਿਸਰਚ ਵਿਗਿਆਨੀ ਕਿਸਿਆਓ ਕਿਸਿਆਂਗ ਇਕ ਨਵੇਂ ਕੋਰੋਨਾ ਵਾਇਰਸ ਬਾਰੇ ਚੀਨ ਦੇ ਅਧਿਕਾਰਤ ਬਿਆਨਾਂ ਦੀ ਨਿਗਰਾਨੀ ਕਰ ਰਿਹਾ ਸੀ। ਉਸ ਨੇ ਬਹੁਤ ਕੁਝ ਹੈਰਾਨ ਅਤੇ ਪ੍ਰੇਸ਼ਾਨ ਕਰਨ ਵਾਲਾ ਵੇਖਿਆ। ਵਿਸ਼ਵ ਸਿਹਤ ਸੰਗਠਨ ਜੋ ਦੁਨੀਆ ਨੂੰ ਸਿਹਤ ਸੰਕਟ ਨਾਲ ਨਜਿੱਠਣ ਦੀ ਸਲਾਹ ਦਿੰਦਾ ਹੈ, ਆਪਣੀਆਂ ਸਲਾਹਾਂ 'ਚੋਂ ਚੀਨ ਦੀ ਬੋਲੀ ਬੋਲਦਾ ਲਗਦਾ ਸੀ। ਟਰੰਪ ਨੇ ਕਿਹਾ ਕਿ ਵਿਸ਼ਵ ਸਿਹਤ ਸੰਗਠਨ ਦੇ ਡਾਇਰੈਕਟਰ ਜਨਰਲ ਨੇ ਪ੍ਰੈੱਸ ਕਾਨਫ਼ਰੰਸ ਵਿਚ ਸਿੱਧੇ ਤੌਰ 'ਤੇ ਚੀਨ ਸਰਕਾਰ ਦੇ ਬਿਆਨਾਂ ਦਾ ਹਵਾਲਾ ਦਿੱਤਾ। ਅਮਰੀਕੀ ਰਾਸ਼ਟਰਪਤੀ ਨੇ 14 ਜਨਵਰੀ ਨੂੰ ਵਿਸ਼ਵ ਸਿਹਤ ਸੰਗਠਨ ਦੇ ਖਾਤੇ ਵਿਚ ਇਕ ਟਵੀਟ ਦੇ ਰੂਪ ਵਿਚ ਆਈ ਖ਼ਬਰ ਕਿ 'ਚੀਨੀ ਅਧਿਕਾਰੀਆਂ ਦੁਆਰਾ ਤਿਆਰ ਕੀਤੀ ਗਈ ਮੁਢਲੀ ਜਾਂਚ ਵਿਚ ਨੋਵਲ ਕੋਰੋਨਾ ਵਾਇਰਸ ਦੇ ਮਨੁੱਖ ਤੋਂ ਮਨੁੱਖ ਤੱਕ ਫੈਲਣ ਦਾ ਕੋਈ ਸਪੱਸ਼ਟ ਸਬੂਤ ਨਹੀਂ ਮਿਲਿਆ।' ਇਹ ਉਹੀ ਦਿਨ ਸੀ ਜਿਸ ਦਿਨ ਵੂਹਾਨ ਦੇ ਹੈਲਥ ਕਮਿਸ਼ਨਰ ਨੇ ਆਪਣੇ ਨਿਊਜ਼ ਬੁਲੇਟਿਨ ਵਿਚ ਕਿਹਾ ਸੀ ਕਿ ਸਾਨੂੰ ਕੋਰੋਨਾ ਵਾਇਰਸ ਦੇ ਮਨੁੱਖ ਤੋਂ ਮਨੁੱਖੀ ਸੰਚਾਰ ਦੀ ਜਾਂਚ ਦੌਰਾਨ ਕੋਈ ਪ੍ਰਮਾਣ ਨਹੀਂ ਮਿਲੇ। ਡਬਲਊ.ਐੱਚ.ਓ. ਅਤੇ ਚੀਨੀ ਹੈਲਥ ਕਮਿਸ਼ਨਰ ਦੇ ਬਿਆਨਾਂ ਵਿਚ ਇਕੋ ਵੇਲੇ ਸਾਹਮਣੇ ਆਈ ਇਹ ਸਮਾਨਤਾ ਸਭ ਨੂੰ ਹੈਰਾਨ ਕਰ ਦੇਣ ਵਾਲੀ ਸੀ। ਉਧਰ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਵਿਸ਼ਵ ਸਿਹਤ ਸੰਗਠਨ ਆਹਮੋ-ਸਾਹਮਣੇ ਸਨ ਅਤੇ ਐਨ ਉਸੇ ਵਕਤ ਹੀ ਸੀ.ਐੱਨ.ਐੱਨ. ਦੀ ਇਕ ਰਿਪੋਰਟ ਵਿਚ ਖ਼ੁਲਾਸਾ ਕੀਤਾ ਗਿਆ ਸੀ ਕਿ ਅਮਰੀਕਾ ਦੇ ਖ਼ੁਫ਼ੀਆ ਅਤੇ ਰਾਸ਼ਟਰੀ ਸੁਰੱਖਿਆ ਅਧਿਕਾਰੀ ਇਸ ਸੰਭਾਵਨਾ ਵੱਲ ਧਿਆਨ ਦੇ ਰਹੇ ਹਨ ਕਿ ਨੋਵਲ ਕੋਰੋਨਾ ਵਾਇਰਸ ਇਕ ਕੁਦਰਤੀ ਰੂਪ ਦੀ ਬਜਾਏ ਚੀਨੀ ਪ੍ਰਯੋਗਸ਼ਾਲਾ ਵਿਚ ਉਤਪੰਨ ਕੀਤਾ ਗਿਆ ਇਕ ਵਾਇਰਸ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 18 ਮਈ ਨੂੰ ਵਿਸ਼ਵ ਸਿਹਤ ਸੰਗਠਨ ਦੇ ਮੁਖੀ ਨੂੰ ਲਿਖੇ ਪੱਤਰ 'ਚ ਕਿਹਾ ਸੀ ਕਿ ਤੁਸੀਂ ਤੇ ਤੁਹਾਡੇ ਸੰਗਠਨ ਨੇ ਇਸ ਮਹਾਂਮਾਰੀ ਦੀ ਰੋਕਥਾਮ ਪ੍ਰਤੀ ਹੁੰਗਾਰਾ ਭਰਨ ਵਿਚ ਜੋ ਕੁਤਾਹੀਆਂ ਕੀਤੀਆਂ ਹਨ ਉਸ ਦਾ ਹਰਜਾਨਾ ਦੁਨੀਆ ਨੂੰ ਬਹੁਤ ਮਹਿੰਗਾ ਅਦਾ ਕਰਨਾ ਪੈ ਰਿਹਾ ਹੈ, ਤੁਹਾਡਾ ਸੰਗਠਨ ਚੀਨ ਦੀ ਕਠਪੁਤਲੀ ਹੈ ਅਤੇ ਚੀਨ ਦੀ ਚੁਸਤ ਚਲਾਕੀ ਅਤੇ ਗ਼ਲਤੀ ਪੂਰੀ ਦੁਨੀਆ ਨੂੰ ਬਰਬਾਦ ਕਰ ਰਹੀ ਹੈ। ਲੱਖਾਂ ਅਮਰੀਕੀਆਂ ਨੇ ਕੋਰੋਨਾ ਵਾਇਰਸ ਨਾਲ ਜਾਨ ਗੁਆਈ ਹੈ ਅਤੇ ਵਕਤ ਆਉਣ 'ਤੇ ਚੀਨ ਅਤੇ ਤੁਹਾਡੇ ਸੰਗਠਨ ਤੋਂ ਜੁਆਬ ਲਵੇਗਾ। ਇਸ ਖ਼ਤ ਵਿਚ ਟਰੰਪ ਨੇ ਸਖ਼ਤ ਸ਼ਬਦਾਂ ਵਿਚ ਇਹ ਵੀ ਕਿਹਾ ਸੀ ਕਿ ਚੀਨ ਨੇ ਆਪਣੇ 'ਤੇ ਲੱਗੇ ਦੋਸ਼ਾਂ ਦਾ ਕੋਈ ਜਵਾਬ ਜਾਂ ਸਬੂਤ ਦੇਣ ਦੀ ਥਾਂ ਸੰਸਾਰ ਨੂੰ ਗੁੰਮਰਾਹ ਕਰਨ ਲਈ ਡਬਲਊ.ਐੱਚ.ਓ. ਦੇ ਮੋਢੇ 'ਤੇ ਲੱਤ ਰੱਖ ਲਈ ਹੈ। ਚੀਨ ਹੀ ਸੀ ਜੋ ਦੁਨੀਆ ਨੂੰ ਹਿਲਾਉਣ ਤੋਂ ਪਹਿਲਾਂ ਕੋਰੋਨਾ ਵਾਇਰਸ ਦਾ ਪ੍ਰਕੋਪ ਰੋਕ ਸਕਦਾ ਸੀ। ਜਿਸ ਦਿਨ ਵਾਈਟ ਹਾਊਸ ਵਿਚ ਟਰੰਪ ਨੇ ਵਿਸ਼ਵ ਸਿਹਤ ਸੰਗਠਨ ਨਾਲ ਆਪਣੇ ਰਿਸ਼ਤੇ ਨੂੰ ਮੁੱਢੋਂ ਖ਼ਤਮ ਕਰਨ ਦਾ ਐਲਾਨ ਕੀਤਾ, ਨਾਲ ਹੀ ਇਹ ਵੀ ਕਿਹਾ ਸੀ ਕਿ ਬੀਜਿੰਗ ਨੂੰ ਸਜ਼ਾ ਦੇਣਾ ਵੀ ਸਾਡਾ ਉਦੇਸ਼ ਹੈ, ਕਿਉਂਕਿ ਸੰਗਠਨ 'ਤੇ ਚੀਨ ਦਾ ਪੂਰਾ ਕੰਟਰੋਲ ਹੈ। ਪਰ ਅਮਰੀਕਾ ਵਿਸ਼ਵ ਨੂੰ ਚੰਗੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ ਤੇ ਵਾਸ਼ਿੰਗਟਨ ਅਜਿਹੇ ਫੰਡ ਗਲੋਬਲ ਪਬਲਿਕ ਹੈਲਥ ਚੈਰਿਟੀਜ਼ ਜਾਂ ਹੋਰ ਦੂਜੀਆਂ ਸੰਸਥਾਵਾਂ ਨੂੰ ਭੇਜਦਾ ਰਹੇਗਾ। ਦੂਜੇ ਪਾਸੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸੰਗਠਨ ਨਾਲੋਂ ਪੂਰੀ ਤਰ੍ਹਾਂ ਨਾਤਾ ਤੋੜ ਲੈਣ ਦੇ ਇਕਦਮ ਬਾਅਦ ਯੂਰਪੀਅਨ ਯੂਨੀਅਨ ਨੇ ਟਰੰਪ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦਿਆਂ ਆਪਣੇ ਇਸ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ ਅਤੇ ਨਾਲ ਹੀ ਇਹ ਵੀ ਚਿੰਤਾ ਜ਼ਾਹਰ ਕੀਤੀ ਹੈ ਕਿ ਅਮਰੀਕਾ ਦਾ ਇਹ ਫ਼ੈਸਲਾ ਕੋਰੋਨਾ ਵਾਇਰਸ ਮਹਾਂਮਾਰੀ ਨਾਲ ਨਜਿੱਠਣ ਲਈ ਵਿਸ਼ਵ ਵਿਆਪੀ ਯਤਨਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਸਕਦਾ ਹੈ। ਯੂਰਪੀਅਨ ਯੂਨੀਅਨ ਨੇ ਆਪਣੇ ਕਮਿਸ਼ਨ ਦੇ ਪ੍ਰਧਾਨ ਉਰਸਲਾ ਵਾਨ ਡੇਰ ਲੇਨ ਅਤੇ ਵਿਦੇਸ਼ ਮਾਮਲਿਆਂ ਦੇ ਮੁਖੀ ਜਸੋਪ ਬਰੇਲ ਦੇ ਦਸਤਖ਼ਤਾਂ ਹੇਠ ਲਿਖੇ ਖ਼ਤ ਵਿਚ ਅਮਰੀਕਾ ਨੂੰ ਆਪਣੇ ਇਸ ਕਠੋਰ ਫ਼ੈਸਲੇ 'ਤੇ ਗੰਭੀਰਤਾ ਨਾਲ ਵਿਚਾਰ ਕਰ ਕੇ ਪਿਛਾਂਹ ਪਰਤ ਆਉਣ ਦੀ ਸਲਾਹ ਦਿੱਤੀ ਹੈ। ਵੇਖਿਆ ਜਾਵੇ ਤਾਂ ਅਮਰੀਕਾ 'ਚ ਅੰਦਰੂਨੀ ਤੌਰ 'ਤੇ ਵੀ ਰਾਸ਼ਟਰਪਤੀ ਟਰੰਪ ਦੇ ਇਸ ਫ਼ੈਸਲੇ ਦੀ ਆਲੋਚਨਾ ਹੋ ਰਹੀ ਹੈ। ਉਸ ਦੀ ਪਾਰਟੀ ਦੇ ਹੀ ਰਿਪਬਲਿਕ ਸੈਨੇਟਰ ਲਾਮਰ ਅਲੈਗਜ਼ੈਂਡਰ ਨੇ ਇਸ ਫ਼ੈਸਲੇ ਨਾਲ ਅਸਹਿਮਤੀ ਪ੍ਰਗਟ ਕਰਦਿਆਂ ਕਿਹਾ ਕਿ ਅਜਿਹਾ ਵੀ ਹੋ ਸਕਦਾ ਹੈ ਕਿ ਫੰਡਿੰਗ ਬਗ਼ੈਰ ਕੋਰੋਨਾ ਵਾਇਰਸ ਟੀਕਾ ਵਿਕਸਿਤ ਕਰਨ ਦੀਆਂ ਕਲੀਨਿਕਲ ਖੋਜਾਂ ਨੂੰ ਹੀ ਕਿਤੇ ਵਿਸ਼ਵ ਸਿਹਤ ਸੰਗਠਨ ਰੋਕ ਨਾ ਦੇਵੇ। ਦੂਜੇ ਪਾਸੇ ਯੂ.ਐੱਸ. ਕਮੇਟੀ ਦੀ ਚੇਅਰ ਨੇ ਉਕਤ ਫ਼ੈਸਲੇ ਤੋਂ ਬਾਅਦ ਆਪਣੇ ਹਾਲੀਆ ਬਿਆਨ 'ਚ ਕਿਹਾ ਹੈ ਕਿ ਠੀਕ ਹੈ ਵਿਸ਼ਵ ਸਿਹਤ ਸੰਗਠਨ ਨੇ ਕੋਰੋਨਾ ਵਾਇਰਸ ਦੇ ਸਬੰਧ ਵਿਚ ਜੋ ਗ਼ਲਤੀਆਂ ਕੀਤੀਆਂ ਹਨ ਉਨ੍ਹਾਂ ਨੂੰ ਵੇਖਣ ਤੇ ਵਿਚਾਰਨ ਦੀ ਜ਼ਰੂਰਤ ਤਾਂ ਹੈ ਪਰ ਸੰਕਟ ਨਾਲ ਨਜਿੱਠਣ ਤੋਂ ਬਾਅਦ, ਹਾਲੇ ਵਕਤ ਨਹੀਂ ਹੈ ਕਿ ਅਸੀਂ ਅਜਿਹਾ ਕਰੀਏ ਜੋ ਮਹਾਂਮਾਰੀ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਨੂੰ ਸੱਟ ਮਾਰੇ।

# ਮਹਾਰਾਜਾ ਰਣਜੀਤ ਸਿੰਘ ਨੇ ਖਾਲਸੇ ਦੇ ਸੰਕਲਪ ਨੂੰ ਸੱਤਾ 'ਚ ਕਿਵੇਂ ਉਤਾਰਿਆ

**ਜਸਪਾਲ ਸਿੰਘ**

====================

ਚੰਡੀਗੜ੍ਹ-ਇੱਕ ਵਾਰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਵਿਦੇਸ਼ ਮੰਤਰੀ ਫਕੀਰ ਅਜ਼ੀਜ਼-ਉਦ-ਦੀਨ ਨੂੰ ਕਿਹਾ, "ਵਾਹਿਗੁਰੂ ਚਾਹੁੰਦਾ ਹੈ ਕਿ ਮੈਂ ਹਰ ਧਰਮ ਨੂੰ ਇੱਕੋ ਨਜ਼ਰ ਨਾਲ ਵੇਖਾਂ ਇਸ ਲਈ ਉਨ੍ਹਾਂ ਨੇ ਮੈਨੂੰ ਇੱਕ ਹੀ ਅੱਖ ਦਿੱਤੀ ਹੈ।"

ਫਕੀਰ ਅਜ਼ੀਜ਼-ਉਦ-ਦੀਨ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਇਸ ਗੱਲਬਾਤ ਦਾ ਜ਼ਿਕਰ ਕਰਤਾਰ ਸਿੰਘ ਦੁੱਗਲ ਦੀ ਕਿਤਾਬ ਮਹਾਰਾਜਾ 'ਰਣਜੀਤ ਸਿੰਘ, ਦ ਲਾਸਟ ਟੂ ਲੇਅ ਆਰਮਜ਼' ਵਿੱਚ ਮਿਲਦਾ ਹੈ।

ਫਕੀਰ ਅਜ਼ੀਜ਼-ਉਦ-ਦੀਨ ਵਰਗੇ ਕਈ ਮੁਸਲਮਾਨ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਉੱਚੇ ਅਹੁਦਿਆਂ 'ਤੇ ਸਨ ਜਿਨ੍ਹਾਂ ਨੂੰ ਧਰਮ ਨਹੀਂ ਸਗੋਂ ਕਾਬਲੀਅਤ ਦੇ ਆਧਾਰ 'ਤੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਥਾਂ ਮਿਲੀ ਸੀ। ਮਹਾਰਾਜਾ ਰਣਜੀਤ ਸਿੰਘ ਖੁਦ ਇੱਕ ਸ਼ਰਧਾਵਾਨ ਸਿੱਖ ਸਨ ਅਤੇ ਉਨ੍ਹਾਂ ਦਾ ਅਕੀਦਾ ਗੁਰੂ ਗ੍ਰੰਥ ਸਾਹਿਬ ਵਿੱਚ ਸੀ। ਕਰਤਾਰ ਸਿੰਘ ਦੁੱਗਲ ਅਨੁਸਾਰ ਜੰਗ ਦੇ ਮੈਦਾਨ ਵਿੱਚ ਵੀ ਹਾਥੀ 'ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਲਿਜਾਇਆ ਜਾਂਦਾ ਸੀ।

ਉਸ ਤੋਂ ਬਾਅਦ ਵੀ ਮਹਾਰਾਜਾ ਰਣਜੀਤ ਸਿੰਘ ਦਾ ਝੁਕਾਅ ਇੱਕ ਧਰਮ ਵਾਸਤੇ ਨਹੀਂ ਦੇਖਿਆ ਗਿਆ।

ਮਹਾਰਾਜਾ ਰਣਜੀਤ ਸਿੰਘ ਦੀ ਸ਼ਖ਼ਸੀਅਤ ਬਾਰੇ ਕੁਝ ਸਮਾਂ ਪਹਿਲਾਂ ਬੀਬੀਸੀ ਪੰਜਾਬੀ ਵੱਲੋਂ ਇਤਿਹਾਸਕਾਰਾਂ ਨਾਲ ਗੱਲਬਾਤ ਕੀਤੀ ਸੀ, ਅੱਜ ਉਨ੍ਹਾਂ ਦੀ ਬਰਸੀ ਮੌਕੇ ਪੇਸ਼ ਹੈ ਇੱਕ ਰਿਪੋਰਟ

ਗੁਰੂ ਨਾਨਕ ਦੇ ਸਿਧਾਂਤ 'ਤੇ ਆਧਾਰਿਤ ਸੀ ਰਾਜ

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਰਿਟਾਇਰਡ ਇਤਿਹਾਸਕਾਰ ਪ੍ਰੋਫੈਸਰ ਇੰਦੂ ਬਾਂਗਾ ਨਾਲ ਦੱਸਿਆ ਨੇ ਧਾਰਮਿਕ ਬਰਾਬਰੀ ਅਤੇ ਮਹਾਰਾਜਾ ਰਣਜੀਤ ਸਿੰਘ ਬਾਰੇ ਗੱਲਬਾਤ ਕੀਤੀ। ਪ੍ਰੋਫੈਸਰ ਇੰਦੂ ਬਾਂਗਾ ਨੇ ਦੱਸਿਆ, "ਭਾਰਤ ਵਿੱਚ ਧਰਮ ਨਿਰਪੱਖਤਾ ਦੀ ਵਰਤੋਂ ਸਭ ਧਰਮਾਂ ਦੇ ਆਦਰ ਵਜੋਂ ਕੀਤੀ ਜਾਂਦੀ ਹੈ। ਭਾਰਤ ਦੇ ਇਤਿਹਾਸ ਵਿੱਚ ਇਸਦਾ ਸਭ ਤੋਂ ਬਿਹਤਰ ਉਦਾਰਹਨ ਮਹਾਰਾਜਾ ਰਣਜੀਤ ਸਿੰਘ ਹਨ।"


"ਉਹ ਖੁਦ ਇੱਕ ਸ਼ਰਧਾਲੂ ਸਿੱਖ ਸੀ ਪਰ ਉਨ੍ਹਾਂ ਨੇ ਆਪਣੇ ਸ਼ਾਸਨ ਪ੍ਰਬੰਧ ਅਤੇ ਫੌਜ ਵਿੱਚ ਜਾਂ ਆਪਣੇ ਵਰਤਾਰੇ ਵਿੱਚ ਧਰਮ ਨੂੰ ਰਾਹ ਦਾ ਰੋੜਾ ਨਹੀਂ ਬਣਨ ਦਿੱਤਾ ਸੀ।"

"ਮਹਾਰਾਜਾ ਰਣਜੀਤ ਸਿੰਘ ਦਾ ਸ਼ਾਸਨ ਗੁਰੂ ਨਾਨਕ ਦੇਵ ਜੀ ਦੇ ਮੂਲ ਸਿਧਾਂਤਾਂ 'ਤੇ ਆਧਾਰਿਤ ਸੀ। ਉਨ੍ਹਾਂ ਸਿਧਾਂਤਾਂ ਵਿੱਚ ਸਭ ਤੋਂ ਮਹੱਤਵਪੂਰਨ ਸਿਧਾਂਤ ਸਮਾਜਿਕ ਸਮਾਨਤਾ ਅਤੇ ਧਾਰਮਿਕ ਆਜ਼ਾਦੀ ਦਾ ਸੀ। ਸਮਾਜਿਕ ਸਮਾਨਤ ਦਾ ਪ੍ਰਭਾਵ ਰਣਜੀਤ ਸਿੰਘ ਦੇ ਸ਼ਾਸਨ ਦੀ ਬਣਤਰ ਅਤੇ ਉਨ੍ਹਾਂ ਦੀ ਫੌਜ ਵਿੱਚ ਦੇਖਿਆ ਜਾ ਸਕਦਾ ਸੀ।"

ਹਿੰਦੂ-ਮੁਸਲਮਾਨ ਅਫ਼ਸਰ ਗੱਲਬਾਤ ਵਿੱਚ ਇੰਦੂ ਬਾਂਗਾ ਨੇ ਕਈ ਹਿੰਦੂ ਤੇ ਮੁਸਲਮਾਨ ਅਫਸਰਾਂ ਦੇ ਨਾਂ ਦੱਸੇ।

ਉਨ੍ਹਾਂ ਦੱਸਿਆ ਕਿ ਰਣਜੀਤ ਸਿੰਘ ਦੇ ਦਰਬਾਰ ਵਿੱਚ ਹਿੰਦੂ, ਮੁਸਲਮਾਨ, ਸਈਦ ਤੇ ਪਠਾਨ ਅਫਸਰ ਵੀ ਸਨ। ਇੱਕ ਖ਼ਾਸ ਗੱਲ ਹੋਰ ਕਿ ਰਣਜੀਤ ਸਿੰਘ ਦੇ ਸ਼ਾਸਨ ਦੌਰਾਨ ਵੱਖ-ਵੱਖ ਸਮੇਂ 'ਤੇ ਤਕਰੀਬਨ 60 ਯੂਰਪੀਅਨ ਲੋਕਾਂ ਨੇ ਅਹਿਮ ਭੂਮਿਕਾ ਨਿਭਾਈ ਸੀ।

ਇੰਦੂ ਬਾਂਗਾ ਨੇ ਦੱਸਿਆ ਕਿ ਹਿੰਦੂਆਂ ਵਿੱਚ ਦੀਵਾਨ ਮੋਹਕਮ ਚੰਦ ਅਤੇ ਮਿਸਲ ਦੀਵਾਨ ਚੰਦ ਫੌਜ ਵਿੱਚ ਜਰਨੈਲ ਸਨ, ਦੀਵਾਨ ਭਵਾਨੀ ਦਾਸ ਤੇ ਦੀਨਾਨਾਥ ਹਿਸਾਬ-ਕਿਤਾਬ ਦੇਖਦੇ ਸਨ, ਮਿਸਰ ਬੇਲੀ ਰਾਮ ਖਜ਼ਾਨੇ ਨਾਲ ਜੁੜੇ ਕੰਮ ਦੇਖਦੇ ਸਨ। "ਮੁਸਲਮਾਨਾਂ ਵਿੱਚ ਵੀ ਮੁੱਖ ਨਾਂ ਹਨ ਜਿਵੇਂ ਅਜ਼ੀਜ਼ੁੱਦੀਨ, ਨੂਰ-ਉਦ-ਦੀਨ, ਇਮਾਮ-ਉਦ-ਦੀਨ ਅਤੇ ਅੱਗੇ ਉਨ੍ਹਾਂ ਦੇ ਬੱਚੇ, ਜਲੰਧਰ ਤੇ ਦੋਆਬਾ ਦੇ ਗਵਰਨਰ ਮੋਹਯੁੱਦੀਨ, ਜਨਰਲ ਸੁਲਤਾਨ ਮਹਿਮੂਦ ਅਤੇ ਕਈ ਹੋਰ ਸਾਰੇ ਮੁਸਲਮਾਨ ਰਣਜੀਤ ਸਿੰਘ ਦੇ ਰਾਜ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਸਨ।"





ਕਰਤਾਰ ਸਿੰਘ ਦੁੱਗਲ ਆਪਣੀ ਕਿਤਾਬ 'ਰਣਜੀਤ ਸਿੰਘ: ਦ ਲਾਸਟ ਲੇਅ ਟੂ ਆਰਮਜ਼' ਵਿੱਚ ਲਿਖਦੇ ਹਨ ਕਿ ਫਕੀਰ ਇਮਾਮ-ਉਦ-ਦੀਨ ਨੂੰ ਅੰਮ੍ਰਿਤਸਰ ਦੇ ਗੋਬਿੰਦਗੜ੍ਹ ਕਿਲੇ ਅਤੇ ਆਲੇ-ਦੁਆਲੇ ਦੇ ਇਲਾਕੇ ਦੀ ਜ਼ਿੰਮਵਾਰੀ ਦਿੱਤੀ ਹੋਈ ਸੀ।

ਇਸਦੇ ਨਾਲ ਇਮਾਮ-ਉਦ-ਦੀਨ ਅੰਮ੍ਰਿਤਸਰ ਵਿੱਚ ਮੈਗਜ਼ੀਨਜ਼, ਹਥਿਆਰ ਅਤੇ ਸ਼ਾਹੀ ਅਸਤਬਲ ਦਾ ਵੀ ਇੰਚਾਰਜ ਸੀ। ਕਈ ਜੰਗੀ ਮੁਹਿੰਮਾਂ 'ਤੇ ਵੀ ਇਮਾਮ-ਉਦ-ਦੀਨ ਨੂੰ ਭੇਜਿਆ ਗਿਆ ਸੀ। ਅੰਮ੍ਰਿਤਸਰ ਵਰਗੇ ਸਿੱਖ ਧਰਮ ਨਾਲ ਜੁੜੇ ਸ਼ਹਿਰ ਦੇ ਅਹਿਮ ਕਿਲੇ ਦੀ ਜ਼ਿੰਮੇਵਾਰੀ ਦੇ ਕੇ ਮਹਾਰਾਜਾ ਰਣਜੀਤ ਸਿੰਘ ਨੇ ਇਹ ਸਾਫ਼ ਕਰ ਦਿੱਤਾ ਸੀ ਕਿ ਉਹ ਧਰਮ ਜਾਂ ਅਕੀਦੇ ਨੂੰ ਲੈ ਕੇ ਕੋਈ ਵਿਤਕਰਾ ਨਹੀਂ ਕਰਦੇ ਹਨ।

ਸ਼ਰੀਅਤ ਤੇ ਸ਼ਾਸਤਰ ਬਰਾਬਰ

ਨਿਆਂ ਪ੍ਰਣਾਲੀ ਬਾਰੇ ਦੱਸਦੇ ਹੋਏ ਇੰਦੂ ਬਾਂਗਾ ਨੇ ਕਿਹਾ, "ਰਣਜੀਤ ਸਿੰਘ ਨੇ ਸ਼ਰੀਅਤ ਅਤੇ ਸ਼ਾਸਤਰ ਦੋਵਾਂ ਨੂੰ ਇੱਕ ਬਰਾਬਰ ਦਰਜਾ ਦਿੱਤਾ ਸੀ। ਜੇ ਕੋਈ ਮੁਸਲਮਾਨ ਹੁੰਦਾ ਸੀ ਤਾਂ ਉਸ ਨੂੰ ਇਨਸਾਫ਼ ਦੇਣ ਲਈ ਸ਼ਰੀਅਤ ਦੀ ਵਰਤੋਂ ਕੀਤੀ ਜਾਂਦੀ ਸੀ ਅਤੇ ਹਿੰਦੂਆਂ ਲਈ ਧਰਮ ਸ਼ਾਸਤਰ ਦਾ ਇਸਤੇਮਾਲ ਕੀਤਾ ਜਾਂਦਾ ਸੀ। ਹਿੰਦੂ-ਮੁਸਲਮਾਨਾਂ ਨਾਲ ਜੁੜੇ ਜਾਇਦਾਦ ਦੇ ਸਾਰੇ ਮਸਲਿਆਂ ਨੂੰ ਸ਼ਰੀਅਤ ਨਾਲ ਸੁਲਝਾਇਆ ਜਾਂਦਾ ਸੀ।" ਕਰਤਾਰ ਸਿੰਘ ਦੁੱਗਲ ਆਪਣੀ ਕਿਤਾਬ ਵਿੱਚ ਲਿਖਦੇ ਹਨ, "ਮਹਾਰਾਜਾ ਰਣਜੀਤ ਸਿੰਘ ਜਦੋਂ ਸੱਤਾ ਵਿੱਚ ਆਏ ਤਾਂ ਉਸ ਵੇਲੇ ਸਿੱਖਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੋ ਕੇ ਸਰਬੱਤ ਖਾਲਸਾ ਸੱਦਿਆ ਜਾਂਦਾ ਸੀ ਅਤੇ ਉਸੇ ਵਿੱਚ ਗੁਰਮਤਾ ਕੀਤਾ ਜਾਂਦਾ ਸੀ।"

"ਮਹਾਰਾਜਾ ਰਣਜੀਤ ਸਿੰਘ ਨੇ ਸਰਬਤ ਖਾਲਸਾ ਦੀ ਥਾਂ ਮੰਤਰੀਆਂ ਦੀ ਕੌਂਸਲ ਨੂੰ ਦਿੱਤੀ ਅਤੇ ਸਾਰੇ ਫੈਸਲੇ ਉਨ੍ਹਾਂ ਵੱਲੋਂ ਲਏ ਜਾਣ ਲੱਗੇ। ਰਣਜੀਤ ਸਿੰਘ ਵੇਲੇ ਆਖਰੀ ਗੁਰਮਤਾ ਸਾਲ 1805 ਵਿੱਚ ਪਾਸ ਕੀਤਾ ਗਿਆ ਸੀ ਜਦੋਂ ਹੋਲਕਰ ਨੇ ਈਸਟ ਇੰਡੀਆ ਕੰਪਨੀ ਤੋਂ ਬਚਣ ਦੇ ਲਈ ਪੰਜਾਬ ਤੋਂ ਪਨਾਹ ਮੰਗੀ ਸੀ।" ਧਾਰਮਿਕ ਗਰਾਂਟਾਂ ਵਿੱਚ ਨਵਾਂ ਮਿਆਰ ਇੰਦੂ ਬਾਂਗਾ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੀ ਧਾਰਮਿਕ ਬਰਾਬਰਤਾ ਦਾ ਸਭ ਤੋਂ ਉੱਚਾ ਮਿਆਰ ਧਾਰਮਿਕ ਗਰਾਂਟਾਂ ਦੀ ਨੀਤੀ ਤੋਂ ਪਤਾ ਲੱਗਦਾ ਹੈ ਜਿਹੜਾ ਕੀ ਭਾਰਤੀ ਪਰੰਪਰਾ ਦਾ ਅਹਿਮ ਹਿੱਸਾ ਰਿਹਾ ਹੈ।

ਉਨ੍ਹਾਂ ਦੱਸਿਆ, "ਮੁਗਲਾਂ ਵੇਲੇ ਵੀ ਧਾਰਮਿਕ ਗਰਾਂਟਾਂ ਦਿੱਤੀਆਂ ਜਾਂਦੀਆਂ ਸਨ। ਉਸ ਤੋਂ ਪਹਿਲਾਂ ਹਰਸ਼ਵਰਧਨ ਦੇ ਵੇਲੇ ਤੋਂ ਹੀ ਰਾਜਿਆਂ ਵੱਲੋਂ ਅਜਿਹੀਆਂ ਧਾਰਮਿਕ ਗਰਾਂਟਾਂ ਦਿੱਤੀਆਂ ਜਾਂਦੀਆਂ ਹਨ ਪਰ ਜੋ ਰਣਜੀਤ ਸਿੰਘ ਨੇ ਕੀਤਾ ਉਹ ਕਿਸੇ ਨੇ ਨਹੀਂ ਕੀਤਾ।" "ਆਪਣੇ ਰਾਜ ਵਿੱਚ ਹਿੰਦੂਆਂ ਤੇ ਮੁਸਲਮਾਨਾਂ ਦੀਆਂ ਜਿੰਨੀਆਂ ਪੁਰਾਣੀਆਂ ਗਰਾਂਟਾਂ ਹਨ ਉਨ੍ਹਾਂ ਨੂੰ ਬਹਾਲ ਕੀਤਾ ਗਿਆ ਅਤੇ ਉਸ ਤੋਂ ਇਲਾਵਾ ਰਣਜੀਤ ਸਿੰਘ ਨੇ ਆਪਣੇ ਵੱਲੋਂ ਨਵੀਆਂ ਗਰਾਂਟਾਂ ਵੀ ਦਿੱਤੀਆਂ ਸਨ।" ਇੰਦੂ ਬਾਂਗਾ ਮੰਨਦੇ ਹਨ ਕਿ ਰਣਜੀਤ ਸਿੰਘ ਦੇ ਰਾਜ ਵੇਲੇ ਮਾਲੀਏ ਦਾ ਜੋ ਹਿੱਸਾ ਧਾਰਮਿਕ ਗਰਾਂਟਾਂ ਲਈ ਦਿੱਤਾ ਗਿਆ ਉਹ ਮੁਗਲ ਬਾਦਸ਼ਾਹ ਅਕਬਰ ਵੱਲੋਂ ਦਿੱਤੀਆਂ ਗਰਾਂਟਾਂ ਤੋਂ ਵੀ ਜ਼ਿਆਦਾ ਸੀ। ਰਣਜੀਤ ਸਿੰਘ ਨੇ ਮੰਦਰਾਂ ਨੂੰ ਜਾਗੀਰਾਂ ਦਿੱਤੀਆਂ ਜਿਵੇਂ ਜਵਾਲਾਦੇਵੀ ਮੰਦਰ ਦਾ ਛੱਤਰ ਹੈ ਉਹ ਕਿਹਾ ਜਾਂਦਾ ਹੈ ਕਿ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਵੱਲੋਂ ਲਗਾਇਆ ਗਿਆ ਅਤੇ ਬਾਅਦ ਵਿੱਚ ਰਣਜੀਤ ਵੱਲੋਂ ਮੰਦਰ ਨੂੰ ਹੋਰ ਗਰਾਂਟਾਂ ਦਿੱਤੀਆਂ ਗਈਆਂ ਸਨ। ਇਸ ਤੋਂ ਇਲਾਵਾ ਮੁਸਲਮਾਨਾਂ ਦੀਆਂ ਖ਼ਾਨਗਾਹਾਂ, ਪੀਰਾਂ ਦੀਆਂ ਦਰਗਾਹਾਂ, ਅਤੇ ਸੂਫੀ ਸ਼ੇਖ਼ਾਂ ਨੂੰ ਗਰਾਂਟਾਂ ਵੀ ਦਿੱਤੀਆਂ ਅਤੇ ਜੇ ਉਹ ਸਫ਼ਰ 'ਤੇ ਜਾਂਦਾ ਸੀ ਤਾਂ ਉਸ ਇਲਾਕੇ ਦੀ ਕੋਈ ਧਾਰਮਿਕ ਅਸਥਾਨ ਹੁੰਦਾ ਸੀ ਤਾਂ ਉਸਦੇ ਦਰਸ਼ਨ ਵੀ ਕਰਦਾ ਸੀ।

**ਵੈਰੀਆਂ ਨੂੰ ਸਤਿਕਾਰ**

ਇੰਦੂ ਬਾਂਗਾ ਅਨੁਸਾਰ ਰਣਜੀਤ ਸਿੰਘ ਨੇ ਜਿੱਥੇ-ਜਿੱਥੇ ਵੀ ਆਪਣੀਆਂ ਜੰਗ ਮੁਹਿੰਮਾਂ ਚਲਾਈਆਂ ਜਿਸ ਨੂੰ ਵੀ ਹਰਾਇਆ ਉਸ ਨੂੰ ਸੜਕ 'ਤੇ ਨਹੀਂ ਛੱਡ ਦਿੱਤਾ। ਰਣਜੀਤ ਸਿੰਘ ਵੱਲੋਂ ਹਾਰੇ ਹੋਏ ਰਾਜੇ ਨੂੰ ਰਾਜ ਦਾ ਹਿੱਸਾ ਬਣਨ ਜਾਂ ਜਾਗੀਰ ਲੈਣ ਦੀ ਪੇਸ਼ਕਸ਼ ਕੀਤੀ ਜਾਂਦੀ ਸੀ। ਜਿਵੇਂ ਮੁਲਤਾਨ ਦੇ ਸੂਬੇਦਾਰ ਮੁਜੱਫ਼ਰ ਖਾਨ ਨੂੰ ਰਣਜੀਤ ਸਿੰਘ ਨੇ ਇਹੀ ਪੇਸ਼ਕਸ਼ ਕੀਤੀ ਸੀ। ਅਜਿਹੀ ਪੇਸ਼ਕਸ਼ ਕਰਨ ਵੇਲੇ ਧਰਮ ਦੀ ਗੱਲ ਨਹੀਂ ਸੋਚੀ ਗਈ। ਕਿਤਾਬ 'ਸਿਵਿਲ ਮਿਲਟਰੀ ਅਫੇਅਰਜ਼ ਆਫ ਮਹਾਰਾਜਾ ਰਣਜੀਤ ਸਿੰਘ' ਵਿੱਚ ਮਹਾਰਾਜਾ ਰਣਜੀਤ ਵੱਲੋਂ ਆਪਣੇ ਇੱਕ ਹੀ ਅਫਸਰ ਨੂੰ ਦਿੱਤੇ 400 ਤੋਂ ਵੱਧ ਹੁਕਮ ਹਨ। ਇਸ ਕਿਤਾਬ ਨੂੰ ਇੰਦੂ ਬਾਂਗਾ ਅਤੇ ਜੇ ਐੱਸ ਗਰੇਵਾਲ ਨੇ ਐਡਿਟ ਕੀਤੀ ਸੀ। ਉਸ ਕਿਤਾਬ ਵਿੱਚ ਦਿੱਤੇ ਹੁਕਮਾਂ ਦਾ ਜ਼ਿਕਰ ਕਰਦੇ ਹੋਏ ਇੰਦੂ ਬਾਂਗਾ ਕਹਿੰਦੇ ਹਨ, "ਮਹਾਰਾਜਾ ਰਣਜੀਤ ਸਿੰਘ ਵੱਲੋਂ ਆਪਣੇ ਅਫਸਰਾਂ ਨੂੰ ਹਦਾਇਤ ਦਿੱਤੀ ਜਾਂਦੀ ਸੀ ਕਿ ਮੁਹਿੰਮ 'ਤੇ ਜਾਣ ਵੇਲੇ ਲੋਕਾਂ ਨੂੰ ਕਿਸੇ ਤਰੀਕੇ ਦੀ ਕੋਈ ਮੁਸ਼ਕਿਲ ਨਾ ਹੋਵੇ। ਕਿਸਾਨਾਂ ਤੋਂ ਜ਼ਬਰਦਸਤੀ ਕੁਝ ਨਾ ਲਿਆ ਜਾਵੇ ਜੇ ਲਿਆ ਜਾਵੇ ਤਾਂ ਉਸ ਦੀ ਪੂਰੀ ਕੀਮਤ ਅਦਾ ਕੀਤੀ ਜਾਵੇ।"

"ਉਨ੍ਹਾਂ ਹੁਕਮਾਂ ਤੋਂ ਜਾਣਕਾਰੀ ਮਿਲਦੀ ਹੈ ਕਿ ਮਾਰਚਿੰਗ ਫੌਜ ਵਾਸਤੇ ਸਾਰੀ ਜਨਤਾ ਬਰਾਬਰ ਸੀ।" ਇੰਦੂ ਬਾਂਗਾ ਅਨੁਸਾਰ ਆਬਾਦੀ ਵਿੱਚ ਸਿਰਫ਼ 10 ਫੀਸਦ ਸਿੱਖ ਬਹੁਗਿਣਤੀ ਮੁਸਲਮਾਨਾਂ ਤੇ ਹਿੰਦੂਆਂ 'ਤੇ ਰਾਜ ਨਹੀਂ ਕੀਤਾ ਜਾ ਸਕਦਾ ਸੀ ਜੇ ਉਨ੍ਹਾਂ ਨੂੰ ਸਿੱਖ ਰਾਜ ਪ੍ਰਵਾਨ ਨਾ ਹੁੰਦਾ ਅਤੇ ਜੇ ਉਨ੍ਹਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਤਾਂ ਬਗਾਵਤ ਦੇ ਵੀ ਆਸਾਰ ਬਣ ਸਕਦੇ ਸਨ। ਉਨ੍ਹਾਂ ਅਨੁਸਾਰ ਇਸ ਗੱਲ ਦੇ ਪੁਖ਼ਤਾ ਸਬੂਤ ਹਨ ਕਿ ਉਨ੍ਹਾਂ ਦੇ ਵੇਲੇ ਕੋਈ ਗੰਭੀਰ ਬਗਾਵਤ ਨਹੀਂ ਹੋਈ ਸੀ। ਇਸਦੇ ਨਾਲ ਹੀ ਪੰਜਾਬ ਤੋਂ ਲੋਕਾਂ ਦੀ ਹਿਜ਼ਰਤ ਨਹੀਂ ਹੋਈ ਸੀ ਬਲਕਿ ਲੋਕ ਬਾਹਰੋਂ ਪੰਜਾਬ ਵਿੱਚ ਆ ਰਹੇ ਸਨ।

# ਯੂਕੇ 'ਚ ਹੈਵਲੌਕ ਰੋਡ ਦਾ ਨਾਂ ਬਦਲ ਕੇ ਗੁਰੂ ਨਾਨਕ ਰੋਡ ਰੱਖਣ ਦੀ ਕਿਉਂ ਹੋ ਰਹੀ ਮੰਗ

ਲੰਡਨ : ਯੂਕੇ ਦਾ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਾ ਪੂਰੇ ਯੂਰਪ ਦੇ ਪ੍ਰਮੁੱਖ ਗੁਰਦੁਆਰਿਆਂ ਵਿਚੋਂ ਇੱਕ ਹੈ। ਇਹ ਗੁਰਦੁਆਰਾ ਲੰਡਨ ਦੇ ਸਾਊਥਹਾਲ (ਈਲਿੰਗ) ਇਲਾਕੇ 'ਚ ਪੈਂਦਾ ਹੈ। ਪਿਛਲੇ ਦੋ ਦਹਾਕਿਆਂ ਤੋਂ ਇਹ ਗੁਰੂ ਘਰ ਲੋਕਾਂ ਲਈ ਅਮਨ ਤੇ ਸੇਵਾ ਦਾ ਪ੍ਰਤੀਕ ਹੈ, ਪਰ ਇਹ ਜਿਸ ਸੜਕ ਉੱਤੇ ਹੈ, ਉਸ ਦੇ ਨਾਂ ਨੂੰ ਲੈ ਕੇ ਵਿਵਾਦ ਕਾਫ਼ੀ ਗਰਮ ਹੈ। ਜਿਸ ਸੜਕ ਉੱਤੇ ਇਹ ਗੁਰਦੁਆਰਾ ਮੌਜੂਦ ਹੈ, ਉਸ ਦਾ ਨਾਮ ਬਦਲਣ ਦੀ ਮੰਗ ਹੋ ਰਹੀ ਹੈ। ਸਥਾਨਕ ਲੋਕਾਂ ਦੀ ਮੰਗ ਹੈ ਕਿ ਇਸ ਸੜਕ ਦਾ ਨਾਂ ਹੈਵਲੋਕ ਰੋਡ ਚੋਂ ਬਦਲ ਕੇ 'ਗੁਰੂ ਨਾਨਕ ਰੋਡ' ਕੀਤਾ ਜਾਵੇ। **ਸੜਕ ਦਾ ਨਾ ਬਦਲਣ ਦੀ ਕਿਉਂ ਹੋ ਰਹੀ ਮੰਗ** ਭਾਵੇਂ ਕਿ ਇਹ ਮੰਗ ਕਾਫ਼ੀ ਪੁਰਾਣੀ ਹੈ, ਹੁਣ ਜਦੋਂ ਅਮਰੀਕਾ ਵਿੱਚ ਇੱਕ ਅਫ਼ਰੀਕੀ ਮੂਲ ਦੇ ਅਮਰੀਕੀ ਜੌਰਜ ਫਲਾਇਡ ਦੀ ਪੁਲਿਸ ਹਿਰਾਸਤ 'ਚ ਮੌਤ ਹੋਈ ਹੈ। ਉਸ ਤੋਂ ਬਾਅਦ ਨਸਲਵਾਦ ਤੇ ਵਿਤਕਰੇ ਖਿਲਾਫ਼ ਲਹਿਰ ਚੱਲੀ ਹੈ ਤਾਂ ਇਸ ਦਾ ਨਾਮ ਬਦਲਣ ਦੀ ਮੰਗ ਮੁੜ ਸੁਰਖੀਆਂ 'ਚ ਹੈ। ਦੋ ਦਹਾਕਿਆਂ ਨਾਲ



ਇਸ ਮੁਹਿੰਮ ਨਾਲ ਜੁੜੇ ਹੋਏ ਲੋਕਾਂ ਨੇ ਹੁਣ ਮੁੜ ਆਪਣੀ ਮੰਗ ਨੂੰ ਦੁਹਰਾਇਆ ਹੈ। ਪੱਛਮੀ ਲੰਡਨ ਦੇ ਲੋਕਾਂ ਦਾ ਕਹਿਣਾ ਹੈ ਕਿ ਸਾਉਥਹਾਲ ਦਾ ਗੁਰਦੁਆਰਾ ਸਿੰਘ ਸਭਾ ਯੂਰਪ ਦਾ ਸਭ ਤੋਂ ਵੱਡਾ ਗੁਰਦੁਆਰਾ ਹੈ। ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਹਰਮੀਤ ਸਿੰਘ ਗਿੱਲ ਕਹਿੰਦੇ ਹਨ. "200 ਸਾਲ ਪਹਿਲਾਂ ਸਿੱਖਾਂ ਨੇ ਭਾਰਤ ਵਿੱਚ ਬਰਤਾਨਵੀ ਹਕੂਮਤ ਖਿਲਾਫ਼ ਕਈ ਜੰਗਾਂ ਲੜੀਆਂ ਹਨ ਅਤੇ ਕੁਝ ਜਨਰਲ ਹੈਵਲੌਕ ਦੇ ਖ਼ਿਲਾਫ਼ ਵੀ ਸਨ। ਅਸੀਂ ਉਮੀਦ ਕਰ ਰਹੇ ਹਾਂ ਕਿ ਆਧੁਨਿਕ ਇਤਿਹਾਸ ਮੁਤਾਬਕ ਇਸ ਵਿਚ ਬਦਲਾਅ ਹੋਵੇਗਾ ਇਹ ਇੱਕ ਚੰਗਾ ਕਦਮ ਹੋਵੇਗਾ"। ਹਰਮੀਤ ਸਿੰਘ ਮੁਤਾਬਕ ਇਸ ਕਦਮ ਨਾਲ ਇਸ ਸ਼ਹਿਰ ਅਤੇ ਮੁਲਕ ਵਿੱਚ ਸਿੱਖਾਂ ਦਾ ਇਤਿਹਾਸ ਨਜ਼ਰ ਆਵੇਗਾ। ਸਥਾਨਕ ਪ੍ਰਸਾਸ਼ਨ ਕੀ ਕਹਿੰਦਾ ਹੈ ਹੁਣ ਜਦੋਂ ਨਸਲੀ ਵਿਤਕਰੇ ਖ਼ਿਲਾਫ਼ ਮੁਹਿੰਮ ਚੱਲ ਰਹੀ ਹੈ ਤਾਂ ਬਸਤੀਵਾਦੀ ਸਮੇਂ ਦੇ ਮਿਲਟਰੀ ਸਾਸ਼ਨ ਨਾਲ ਜੁੜੇ ਜਰਨੈਲਾਂ ਦੇ ਬੁੱਤ ਹਟਾਉਣ ਅਤੇ ਸੜਕਾਂ ਦੇ ਨਾਂ ਬਦਲ਼ਣ ਦੀ ਮੰਗ ਜੋਰ ਫੜ ਰਹੀ ਹੈ ਤਾਂ ਇਸ ਸੜਕ ਦਾ ਨਾਂ ਵੀ ਬਦਲਿਆਂ ਜਾਣਾ ਚਾਹੀਦਾ ਹੈ। ਲੰਡਨ ਦੀ ਈਲਿੰਗ ਕੌਂਸਲ ਦੇ ਮੈਂਬਰ ਜੂਲੀਅਨ ਬੈੱਲ ਨੇ ਬੀਬੀਸੀ ਨਾਲ ਗੱਲਬਾਤ ਵਿੱਚ ਕਿਹਾ, "ਮੇਰੇ ਕੋਲ ਦੋ ਮਹੀਨੇ ਪਹਿਲਾਂ ਵੀ ਕੁਝ ਮੰਗਾਂ ਆਈਆਂ ਸਨ ਕਿ ਹੈਵਲੋਕ ਸੜਕ ਦਾ ਨਾਮ ਬਦਲ ਕੇ 'ਗੁਰੂ ਨਾਨਕ ਰੋਡ' ਰੱਖਿਆ ਜਾਵੇ। ਉਦੋਂ ਮੇਅਰ ਸਾਦਿਕ ਖ਼ਾਨ ਨੇ ਕਿਹਾ ਸੀ ਕਿ ਲੰਡਨ ਦੇ ਈਲਿੰਗ ਇਲਾਕੇ 'ਚ ਜਨਤਕ ਥਾਵਾਂ 'ਤੇ ਇਨ੍ਹਾਂ ਚੀਜ਼ ਵੱਲ ਧਿਆਨ ਦੇਣ ਦੀ ਲੋੜ ਹੈ... ਕਿ ਗੁਲਾਮੀ ਦੀ ਪ੍ਰਥਾ ਅਤੇ ਬਸਤੀਵਾਦ ਵਰਗੇ ਮਾੜੇ ਇਤਿਹਾਸ ਨਾਲ ਜੁੜੀਆਂ ਕੋਈ ਨਿਸ਼ਾਨੀਆਂ ਇੱਥੇ ਅਜੇ ਵੀ ਮੌਜੂਦ ਤਾਂ ਨਹੀਂ ਪਰ ਕੁਝ ਲੋਕ ਇਸ ਮੰਗ ਤੋਂ ਨਾਖ਼ੁਸ਼ ਵੀ ਹੋਣਗੇ ਅਤੇ ਇਸੇ ਲਈ ਅਸੀਂ ਸਲਾਹ ਕਰਨਾ ਚਾਹ ਰਹੇ ਹਾਂ"।

# ਟਿਕਟੌਕ ਤੇ ਹੋਰ ਐਪਸ 'ਤੇ ਬੈਨ ਤਾਂ ਲਗ ਗਿਆ ਪਰ ਲਾਗੂ ਕਿਵੇਂ ਹੋਵੇਗਾ

ਭਾਰਤ ਸਰਕਾਰ ਨੇ 59 ਸਮਾਰਟਫੋਨ ਐਪਸ 'ਤੇ ਪਾਬੰਦੀ ਲਗਾਉਣ ਦਾ ਫੈਸਲਾ ਕੀਤਾ ਹੈ, ਇਹ ਤਾਂ ਤੁਹਾਨੂੰ ਪਤਾ ਲਗ ਗਿਆ ਹੋਣਾ ਹੈ। ਪਰ ਇਹ ਪਾਬੰਦੀ ਲਾਗੂ ਕਿਵੇਂ ਹੋਵੇਗੀ ? ਅਖੀਰ ਭਾਰਤ ਵਿੱਚ 2019 ਦੇ ਅੰਕੜਿਆਂ ਮੁਤਾਬਕ ਹੀ ਟਿਕਟੌਕ ਤੇ ਇਸ ਦੀ ਸਿਸਟਰ ਐਪਲ ਮਿਊਜ਼ੀਕਲ ਦੇ ਲਗਭਗ 30 ਕਰੋੜ ਵਰਤਣ ਵਾਲੇ ਨੇ, Laikee ਦੇ ਲਗਭਗ 18 ਕਰੋੜ ਅਤੇ ਇਹ ਗਿਣਤੀ ਅੱਗੇ ਤੱਕ ਜਾਂਦੀ ਹੈ। ਇਹ ਬਹੁਤ ਸੰਭਵ ਹੈ ਕਿ ਜੇ ਤੁਸੀਂ ਇਨ੍ਹਾਂ ਵਿੱਚੋਂ ਕਿਸੇ ਵੀ ਐਪ ਦੀ ਵਰਤੋਂ ਕਰ ਰਹੇ ਹੋ ਤਾਂ ਇਹ ਅਜੇ ਵੀ ਤੁਹਾਡੇ ਫੋਨ ਵਿੱਚ ਕੰਮ ਕਰ ਰਿਹਾ ਹੈ। ਰ ਜੇ ਤੁਸੀਂ ਹੁਣ ਟਿਕਟੌਕ ਨੂੰ ਪਲੇ ਸਟੋਰ ਤੋਂ ਡਾਊਨਲੋਡ ਕਰਨਾ ਚਾਹੁੰਦੇ ਹੋ ਤਾਂ ਇਹ ਸੰਭਵ ਨਹੀਂ ਹੋਵੇਗਾ। ਐਪਲ ਅਤੇ ਗੂਗਲ ਦੋਵਾਂ ਨੇ ਇਸ ਨੂੰ ਆਪਣੇ ਐਪ ਸਟੋਰ ਤੋਂ ਹਟਾ ਦਿੱਤਾ ਹੈ ਪਰ ਇਸ ਵਿੱਚ ਵੀ ਝੋਲ ਹੈ, ਕਈ ਮੋਬਾਇਲਾਂ 'ਤੇ ਅਜੇ ਵੀ ਡਾਊਨਲੋਡ ਕੀਤੀ ਜਾ ਰਹੀ ਹੈ।






**ਅਜਿਹੀ ਸਥਿਤੀ ਵਿੱਚ, ਸਵਾਲ ਇਹ ਉੱਠਦਾ ਹੈ ਕਿ ਇਹ ਪਾਬੰਦੀ ਕਿਵੇਂ ਚੱਲੇਗੀ ?**

ਸਰਕਾਰ ਦੁਆਰਾ ਜਾਰੀ ਪ੍ਰੈਸ ਬਿਆਨ ਵਿੱਚ ਕਿਧਰੇ ਵੀ ਚੀਨ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ ਪਰ ਬਹੁਤ ਸਾਰੀਆਂ ਐਪਸ ਜਿਨ੍ਹਾਂ 'ਤੇ ਪਾਬੰਦੀ ਲਗਾਈ ਗਈ ਹੈ, ਉਹ ਜਾਂ ਤਾਂ ਚੀਨ ਵਿੱਚ ਬਣੀਆਂ ਹਨ ਜਾਂ ਚੀਨੀ ਕੰਪਨੀਆਂ ਦੀ ਮਲਕੀਅਤ ਹਨ। ਸਰਕਾਰ ਨੇ ਨਾ ਹੀ ਪ੍ਰੈਸ ਬਿਆਨ ਵਿੱਚ ਇਹ ਵੀ ਦੱਸਿਆ ਹੈ ਕਿ ਸਰਕਾਰ ਅੱਗੇ ਕੀ ਕਰਨ ਜਾ ਰਹੀ ਹੈ। ਬੀਬੀਸੀ ਨੇ ਆਈ ਟੀ ਐਕਟ ਅਤੇ ਸਾਈਬਰ ਕਾਨੂੰਨ ਮਾਹਿਰ ਵਿਰਾਗ ਗੁਪਤਾ ਨਾਲ ਗੱਲ ਕੀਤੀ। ਉਨ੍ਹਾਂ ਅਨੁਸਾਰ, ਸਰਕਾਰ ਨੂੰ ਇਸ ਪਾਬੰਦੀ ਨੂੰ ਲਾਗੂ ਕਰਨ ਲਈ ਕੁਝ ਕਦਮ ਚੁੱਕਣੇ ਪੈਣਗੇ। ਪਹਿਲਾ, ਕੇਂਦਰ ਸਰਕਾਰ ਐਪ ਸਟੋਰਜ਼ ਨੂੰ ਆਖ ਦੇਵੇ ਕਿ ਇਨ੍ਹਾਂ ਐਪਸ ਨੂੰ ਹਟਾਓ, ਮਤਲਬ ਅੱਗੇ ਤੋਂ ਡਾਊਨਲੋਡ ਨਹੀਂ ਕਰ ਸਕੋਗੇ। ਦੂਜਾ ਕਦਮ ਇਹ ਹੋਵੇਗਾ ਕਿ ਜਿਨ੍ਹਾਂ ਲੋਕਾਂ ਦੇ ਫੋਨ 'ਤੇ ਇਹ ਐਪ ਕੰਮ ਕਰ ਰਿਹਾ ਹੈ , ਉਸ ਨੂੰ ਉੱਥੇ ਹੀ ਰੋਕਿਆ ਜਾਵੇ। ਇਸ ਦੇ ਲਈ ਸਰਕਾਰ ਨੂੰ ਇੰਟਰਨੈਟ ਕੰਪਨੀਆਂ ਤੇ ਮੋਬਾਈਲ ਸੇਵਾ ਕੰਪਨੀਆਂ ਨੂੰ ਇੱਕ ਆਦੇਸ਼ ਜਾਰੀ ਕਰਨਾ ਪਵੇਗਾ ਅੰਕੜਿਆਂ ਦੀ ਗੱਲ ਕਰੀਏ ਤਾਂ ਦੇਸ਼ ਵਿੱਚ ਤਕਰੀਬਨ 50 ਕਰੋੜ ਸਮਾਰਟ ਫੋਨ ਹਨ, ਜਿਨ੍ਹਾਂ ਵਿੱਚੋਂ ਲਗਭਗ 30 ਕਰੋੜ ਲੋਕ 59 ਪਾਬੰਦੀਸ਼ੁਦਾ ਐਪਸ ਦੀ ਵਰਤੋਂ ਕਰ ਰਹੇ ਹਨ ਤੀਜਾ ਕਦਮ ਇਹ ਹੋ ਸਕਦਾ ਹੈ ਕਿ ਸਰਕਾਰ ਲੋਕਾਂ ਨੂੰ ਇਨ੍ਹਾਂ ਐਪਸ ਨੂੰ ਡਾਊਨਲੋਡ ਕਰਨ ਤੋਂ ਰੋਕ ਦੇਵੇ ਪਰ ਅਜੇ ਤੱਕ ਸਰਕਾਰੀ ਹੁਕਮਾਂ ਵਿੱਚ ਇਸਦਾ ਜ਼ਿਕਰ ਨਹੀਂ ਹੈ। ਵਿਰਾਗ ਯਾਦ ਕਰਾਉਂਦੇ ਨੇ ਕਿ ਸਰਕਾਰ ਨੇ ਪੋਰਨ ਸਾਈਟਾਂ 'ਤੇ ਪਾਬੰਦੀ ਲਗਾਈ ਸੀ ਪਰ ਬਹੁਤ ਸਾਰੇ ਲੋਕ ਅਜੇ ਵੀ ਚੋਰ ਦਰਵਾਜ਼ੇ ਦੁਆਰਾ ਸਾਈਟ ਨੂੰ ਖੋਲ੍ਹਦੇ ਹਨ।

ਤਾਜ਼ਾ ਸਰਕਾਰੀ ਪਾਬੰਦੀ ਦੇ ਬਾਅਦ ਵੀ, ਅਜਿਹਾ ਸੰਭਵ ਹੈ ਕਿ ਇਹਨਾਂ ਐਪਸ ਦਾ ਅਣਅਧਿਕਾਰਤ ਵਰਜਨ (ਕਾਲਾ) ਮਾਰਕੀਟ ਵਿੱਚ ਉਪਲਬਧ ਹੈ।ਵਿਰਾਗ ਦਾ ਕਹਿਣਾ ਹੈ ਕਿ ਇਹ ਐਪਸ ਸੈਕੰਡਰੀ ਮਾਰਕੀਟ ਤੋਂ ਵਰਤੇ ਜਾਣਗੇ ਪਰ ਇਹ ਕੋਈ ਨਵੀਂ ਗੱਲ ਵੀ ਨਹੀਂ ਹੈ। ਇਸ ਦੇ ਨਾਲ ਹੀ ਵਿਰਾਗ ਇਹ ਵੀ ਜੋੜਦੇ ਹਨ ਕਿ ਇਨ੍ਹਾਂ ਕੰਪਨੀਆਂ ਨੂੰ ਸੈਕੰਡਰੀ ਮਾਰਕੀਟ ਕਾਰੋਬਾਰ ਦਾ ਸਿੱਧਾ ਲਾਭ ਨਹੀਂ ਹੋਵੇਗਾ, ਜੋ ਇਨ੍ਹਾਂ ਨੂੰ ਐਪ ਸਟੋਰ ਤੋਂ ਹੁੰਦਾ ਹੈ

**ਪੋਰਨ ਸਾਈਟਾਂ ਉੱਤੇ ਬੈਨ ਕਿਵੇਂ ਰਿਹਾ**

ਅਕਤੂਬਰ 2018 'ਚ ਭਾਰਤ ਦੇ ਦੂਰਸੰਚਾਰ ਵਿਭਾਗ ਨੇ ਦੇਸ਼ ਵਿੱਚ ਇੰਟਰਨੈਟ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਸਾਰੀਆਂ ਕੰਪਨੀਆਂ ਨੂੰ 827 ਪੋਰਨ ਵੈਬਸਾਈਟਾਂ ਨੂੰ ਬਲਾਕ ਕਰਨ ਦੇ ਆਦੇਸ਼ ਦਿੱਤੇ ਸਨ।ਪਰ ਦੁਨੀਆਂ ਦੀ ਸਭ ਤੋਂ ਵੱਡੀ ਪੋਰਨ ਸਾਈਟ ਮੰਨੀ ਜਾਂਦੀ ਪੋਰਨਹਬ ਨੇ ਆਪਣੇ ਭਾਰਤੀ ਦਰਸ਼ਕਾਂ ਲਈ ਇਕ ਹੋਰ ਵੈਬਸਾਈਟ ਬਣਾ ਦਿੱਤੀ ਤੇ ਆਪਣੇ ਟਵਿੱਟਰ 'ਤੇ ਵੀ ਇਸ ਬਾਰੇ ਜਾਣਕਾਰੀ ਦਿੱਤੀ। ਇਸ ਬਾਰੇ ਭਾਰਤ ਦੇ ਸਾਬਕਾ ਕੌਮੀ ਸਾਈਬਰ ਸੁਰੱਖਿਆ ਕੋਆਰਡੀਨੇਟਰ ਗੁਲਸ਼ਨ ਰਾਏ ਨਾਲ ਗੱਲਬਾਤ ਕੀਤੀ। ਉਨ੍ਹਾਂ ਮੁਤਾਬਕ ਸਰਕਾਰ ਨੇ ਆਪਣੇ ਆਦੇਸ਼ ਰਾਹੀਂ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਇਹ ਐਪ ਕੰਪਨੀਆਂ ਡੇਟਾ ਕਾਨੂੰਨ ਅਤੇ ਗੋਪਨੀਯਤਾ ਕਾਨੂੰਨ ਦੀ ਉਲੰਘਣਾ ਕਰ ਰਹੀਆਂ ਹਨ ਤੇ ਸਰਕਾਰ ਕੋਲ ਤਕਨੀਕੀ ਤੌਰ 'ਤੇ ਇਨ੍ਹਾਂ ਐਪਸ ਨੂੰ ਰੋਕਣ ਦੇ ਬਹੁਤ ਸਾਰੇ ਤਰੀਕੇ ਹਨ। ਪਰ ਕੰਪਨੀਆਂ ਕੋਲ ਵੀ ਇਸ ਪਾਬੰਦੀ ਨੂੰ ਹੋਰ ਤਰੀਕਿਆਂ ਨਾਲ ਬਾਈਪਾਸ ਕਰਨ ਦੇ ਬਦਲ ਹਨ। ਪਰ ਬਜ਼ਾਰ ਵਿੱਚ ਭਰੋਸੇਯੋਗਤਾ ਦੇ ਮੱਦੇਨਜ਼ਰ, ਕੰਪਨੀਆਂ ਅਜਿਹਾ ਕਰਨਾ ਪਸੰਦ ਨਹੀਂ ਕਰਨਗੀਆਂ ਅਤੇ ਉਨ੍ਹਾਂ ਨੂੰ ਸਿੱਧੇ ਰਸਤੇ ਚੱਲਣਾ ਬਿਹਤਰ ਲੱਗੇਗਾ। ਹਾਂ, ਇਹ ਵੀ ਹੈ ਕਿ ਕੰਪਨੀਆਂ ਦੇ ਭਾਰਤ ਵਿੱਚ ਦਫਤਰ ਅਤੇ ਸੈਂਕੜੇ ਸਟਾਫ ਮੈਂਬਰ ਹਨ ਇਸ ਲਈ ਚੋਰ ਦਰਵਾਜ਼ਾ ਪੱਕਾ ਹੱਲ ਨਹੀਂ ਹੈ। ਗੱਲਬਾਤ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਪਾਬੰਦੀ ਲਗਾਉਣਾ ਆਸਾਨ ਹੈ ਪਰ ਇਸ ਨੂੰ ਲਾਗੂ ਕਰਨਾ ਮੁਸ਼ਕਲ ਹੈ। ਸਾਈਬਰ ਮਾਹਰ ਪਵਨ ਦੁੱਗਲ ਅਨੁਸਾਰ, "ਜਦੋਂ ਅਜਿਹੀਆਂ ਪਾਬੰਦੀਆਂ ਲਾਗੂ ਕੀਤੀਆਂ ਗਈਆਂ ਹਨ ਤਾਂ ਸਗੋਂ ਐਪਸ ਦੀ ਵਰਤੋਂ ਵੱਧ ਗਈ ਹੈ। ਇਹ ਐਪਸ ਦੂਜੇ ਦੇਸ਼ਾਂ ਵਿੱਚ ਵੀ ਚਲਦੇ ਹਨ ਤਾਂ ਵਰਚੁਅਲ ਪ੍ਰਾਈਵੇਟ ਨੈਟਵਰਕ (ਵੀਪੀਐਨ) ਰਾਹੀਂ ਲੋਕ ਆਮ ਇੰਟਰਨੈਟ ਕਨੈਕਸ਼ਨ ਨੂੰ ਬਾਈਪਾਸ ਕਰ ਕੇ ਵਰਤ ਲੈਣਗੇ।

**ਕਾਨੂੰਨ ਕੀ ਕਹਿੰਦਾ ਹੈ ?**

ਵਿਰਾਗ ਦਾ ਕਹਿਣਾ ਹੈ ਕਿ ਇਹ ਭਾਰਤ ਦੇ ਸੰਘੀ ਢਾਂਚੇ ਦਾ ਵੀ ਇੱਕ ਮੁੱਦਾ ਹੈ। ਕੇਂਦਰ ਸਰਕਾਰ ਨੂੰ ਅਜਿਹੇ ਐਪਸ ਉੱਤੇ ਪਾਬੰਦੀ ਲਗਾਉਣ ਦਾ ਅਧਿਕਾਰ ਹੈ ਪਰ ਕਾਨੂੰਨ ਵਿਵਸਥਾ ਰਾਜ ਸਰਕਾਰਾਂ ਕੋਲ ਹੈ।ਪਵਨ ਦੁੱਗਲ ਦਾ ਕਹਿਣਾ ਹੈ ਕਿ ਕੰਪਨੀ ਖਿਲਾਫ IT Act ਤਹਿਤ ਕੇਸ ਦਾਇਰ ਕੀਤਾ ਜਾ ਸਕਦਾ ਹੈ। ਤਿੰਨ ਸਾਲ ਦੀ ਜੇਲ ਅਤੇ 5 ਲੱਖ ਰੁਪਏ ਤੱਕ ਦਾ ਜੁਰਮਾਨਾ ਵੀ ਕਾਨੂੰਨ ਵਿੱਚ ਲਿਖਿਆ ਹੋਇਆ ਹੈ ਪਰ ਐਪ ਯੂਜ਼ਰਸ ਦੇ ਫੋਨ 'ਤੇ ਮੌਜੂਦ ਹੈ ਤਾਂ ਇਸ 'ਤੇ ਕਾਰਵਾਈ ਦਾ ਕੋਈ ਪ੍ਰਬੰਧ ਨਹੀਂ ਹੈ। ਇੱਥੇ ਇੱਕ ਹੋਰ ਚੀਜ਼ ਨੂੰ ਜਾਣਨਾ ਮਹੱਤਵਪੂਰਨ ਹੈ ਕਿ ਇਸ ਆਦੇਸ਼ ਤੋਂ ਬਾਅਦ ਟਿਕਟੌਕ ਨੇ ਕਿਹਾ, "ਅਸੀਂ ਆਪਣੀ ਗੱਲ ਸਰਕਾਰ ਸਾਹਮਣੇ ਰੱਖਣ ਦੀ ਕੋਸ਼ਿਸ਼ ਕਰ ਰਹੇ ਹਾਂ। ਅਸੀਂ ਭਾਰਤੀਆਂ ਦਾ ਡਾਟਾ ਕਿਸੇ ਵਿਦੇਸ਼ੀ ਸਰਕਾਰ ਨਾਲ ਸਾਂਝਾ ਨਹੀਂ ਕਰਦੇ। ਉਹ ਚੀਨ ਨੂੰ ਵੀ ਨਹੀਂ ਦਿੰਦੇ।" ਪਰ ਵਿਰਾਗ ਗੁਪਤਾ ਅਖੀਰ ਵਿੱਚ ਇਹ ਵੀ ਜੋੜਦੇ ਨੇ ਕਿ ਇਸ ਅੰਤਰਿਮ ਆਰਡਰ ਦਾ ਅਰਥ ਹੈ ਕਿ ਇਸ ਨੂੰ ਇੱਕ ਕਮੇਟੀ ਦੁਆਰਾ ਪਾਸ ਕਰਨਾ ਪਏਗਾ ਅਤੇ ਇਸ ਨੂੰ ਕਾਨੂੰਨ ਵਿੱਚ ਬਦਲਣ ਦਾ ਆਦੇਸ਼ ਵੀ ਦਿੱਤਾ ਜਾ ਸਕਦਾ ਹੈ । ਫਿਲਹਾਲ ਭਾਰਤ ਸਰਕਾਰ ਵਲੋਂ ਚੀਨ ਨੂੰ ਸੰਦੇਸ਼ ਭਾਵੇਂ ਦਿੱਤਾ ਗਿਆ ਹੋਵੇ ਪਰ ਜ਼ਮੀਨ 'ਤੇ ਇਹ ਤਕਨੀਕ ਤੇ ਕਾਨੂੰਨ ਦੇ ਟੇਢੇ ਰਸਤਿਆਂ ਤੋਂ ਲੰਘ ਕੇ ਹੀ ਕਿਤੇ ਪਹੁੰਚੇਗਾ।

# ਕੋਰੋਨਾਵਾਇਰਸ ਦੌਰਾਨ ਕਿਵੇਂ ਗਰੀਬਾਂ ਦੀਆਂ ਨੌਕਰੀਆਂ ਗਈਆਂ ਤੇ ਅਮੀਰਾਂ ਦੀ ਬਚਤ ਵਧ ਗਈ

ਜੇ ਤੁਸੀਂ ਕੋਰੋਨਾ ਮਹਾਂਮਾਰੀ ਦੇ ਦੌਰਾਨ ਘਰੋਂ ਕੰਮ ਕਰ ਰਹੇ ਹੋ, ਤਾਂ ਇਸਦੀ ਬਹੁਤ ਜ਼ਿਆਦਾ ਸੰਭਾਵਨਾ ਹੈ ਕਿ ਤੁਸੀਂ ਦਫਤਰ ਜਾਣ ਅਤੇ ਖਾਣ ਪੀਣ ਦੇ ਖਰਚਿਆਂ ਨੂੰ ਬਚਾ ਰਹੇ ਹੋ। ਪਰ ਦੂਜੇ ਪਾਸੇ ਇਸ ਮਹਾਂਮਾਰੀ ਦੇ ਫੈਲਣ ਨੂੰ ਰੋਕਣ ਲਈ ਲਗਾਏ ਗਏ ਲੌਕਡਾਊਨ ਨੇ ਹਜ਼ਾਰਾਂ ਗਰੀਬ ਮਜ਼ਦੂਰਾਂ ਦੀਆਂ ਨੌਕਰੀਆਂ ਗੁਆ ਦਿੱਤੀਆਂ ਹਨ ਅਤੇ ਆਮਦਨੀ ਦੇ ਸਰੋਤ ਪੂਰੀ ਤਰ੍ਹਾਂ ਅਲੋਪ ਹੋ ਗਏ ਹਨ। ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਇਸ ਮਹਾਂਮਾਰੀ ਦੇ ਕਾਰਨ ਅਜਿਹੀ ਅਜੀਬ ਸਥਿਤੀ ਪੈਦਾ ਹੋ ਗਈ ਹੈ ਜੋ ਅੱਜ ਤੋਂ ਪਹਿਲਾਂ ਕਿਸੇ ਮਹਾਂਮਾਰੀ ਦੌਰਾਨ ਨਹੀਂ ਹੋਈ ਸੀ। ਕੈਪੀਟਲ ਇਕਨਾਮਿਕਸ ਦੇ ਮੁੱਖ ਅਰਥ ਸ਼ਾਸਤਰੀ ਨੀਲ ਸ਼ੀਅਰਿੰਗ ਦਾ ਕਹਿਣਾ ਹੈ ਕਿ ਮਹਾਂਮਾਰੀ ਨੇ "ਅਜੀਬ ਢੰਗ ਨਾਲ ਪਰਿਵਾਰਾਂ ਦੀ ਆਮਦਨੀ ਨੂੰ ਬਦਲ ਦਿੱਤਾ ਹੈ।" ਉਹ ਕਹਿੰਦੇ ਹਨ, "ਇਕ ਪਾਸੇ, ਹਜ਼ਾਰਾਂ ਲੋਕ ਆਪਣੀ ਆਮਦਨੀ ਦਾ ਸਰੋਤ ਗੁਆ ਚੁੱਕੇ ਹਨ ਜਾਂ ਇਸ ਡਰ ਨਾਲ ਜ਼ਿੰਦਗੀ ਜੀ ਰਹੇ ਹਨ ਕਿ ਉਨ੍ਹਾਂ ਦੀਆਂ ਨੌਕਰੀਆਂ ਕਿਸੇ ਵੀ ਸਮੇਂ ਚਲੀ ਜਾ ਸਕਦੀਆਂ ਹਨ ਅਤੇ ਦੂਜੇ ਪਾਸੇ ਕੁਝ ਲੋਕਾਂ ਦੀ ਆਪਣੀ ਆਮਦਨੀ ਸਵੈ-ਇੱਛਾ ਨਾਲ ਵਧੀ ਹੈ, ਉਨ੍ਹਾਂ ਦੇ ਖਰਚੇ ਘੱਟ ਗਏ ਹਨ ਅਤੇ ਸਵਾਰਥਾਂ ਵਿੱਚ ਵਾਧਾ ਹੋਇਆ ਹੈ।

**ਬਚਤ ਅਚਾਨਕ ਵੱਧ ਰਹੀ ਹੈ**

ਰੇਬੇਕਾ ਓ ਕੋਨਰ ਗੁਡ ਵਿਦ ਮਨੀ ਵੈਬਸਾਈਟ ਦੀ ਸੰਸਥਾਪਕ ਹੈ ਅਤੇ ਰਾਇਲ ਲੰਡਨ ਵਿੱਚ ਇੱਕ ਪਰਸਨਲ ਫਾਈਨੈਂਸ ਸਪੈਸ਼ਲਿਸਟ ਦੇ ਤੌਰ 'ਤੇ ਕੰਮ ਕਰਦੀ ਹੈ। ਉਨ੍ਹਾਂ ਨੇ ਬੀਬੀਸੀ ਨੂੰ ਦੱਸਿਆ, "ਆਰਥਿਕ ਪੱਧਰ 'ਤੇ ਹੁਣ ਲੋਕਾਂ ਦੀ ਸਥਿਤੀ ਬਦਲ ਗਈ ਹੈ। ਕੁਝ ਲੋਕਾਂ ਲਈ ਤਾਂ ਥੋੜ੍ਹੀ ਜਿਹੀ ਰਕਮ ਜਮ੍ਹਾ ਕਰਨਾ ਵੀ ਮੁਸ਼ਕਲ ਹੋ ਗਿਆ ਹੈ।" ਹਾਲਾਂਕਿ, ਰੇਬੇਕਾ ਦੀ ਤਰ੍ਹਾਂ, ਮੌਜੂਦਾ ਯੁੱਗ ਵਿੱਚ ਬਹੁਤ ਸਾਰੇ ਪੇਸ਼ੇਵਰਾਂ ਦੇ ਖਰਚੇ ਬਹੁਤ ਘੱਟ ਗਏ ਹਨ। ਉਨ੍ਹਾਂ ਲਈ, ਬੱਚਿਆਂ ਨੂੰ ਸਕੂਲ ਛੱਡਣ ਨਾ ਜਾਣਾ ਅਤੇ ਦਫ਼ਤਰ ਲਈ ਜਨਤਕ ਟ੍ਰਾਂਸਪੋਰਟ ਵਿੱਚ ਦੋ ਘੰਟੇ ਦੀ ਯਾਤਰਾ ਨਾ ਕਰਨਾ, ਹਰ ਮਹੀਨੇ ਕਰੀਬ 34 ਹਜ਼ਾਰ ਰੁਪਏ ਦੀ ਬਚਤ ਕਰਦਾ ਹੈ। ਇਸਦੇ ਨਾਲ, ਉਹ ਰਸਤੇ ਵਿੱਚ ਕੌਫੀ ਨਾ ਖਰੀਦਣ, ਆਪਣੇ ਦਫਤਰ ਦੇ ਦੋਸਤਾਂ ਨਾਲ ਡ੍ਰਿੰਕ ਅਤੇ ਦੁਪਹਿਰ ਦਾ ਖਾਣਾ ਨਾ ਖਾਣ ਨਾਲ 100 ਡਾਲਰ ਹੋਰ ਬਚਾ ਰਹੇ ਹਨ। ਨਾਲ ਹੀ, ਸੁਪਰ ਮਾਰਕੀਟ ਤੋਂ ਸਾਮਾਨ ਨਾ ਲਿਆਉਣ ਕਾਰਨ, ਇਸ 'ਤੇ ਆਉਣ ਵਾਲੇ ਖਰਚਿਆਂ ਨੂੰ ਵੀ ਬਚਾਇਆ ਜਾ ਰਿਹਾ ਹੈ।

**ਵੱਖ-ਵੱਖ ਲੋਕਾਂ ਲਈ ਲੌਕਡਾਊਨ ਦੀਆਂ ਵੱਖਰੀਆਂ ਸੱਚਾਈਆਂ**

ਰੇਬੇਕਾ ਇਕਲੌਤੀ ਨਹੀਂ ਹੈ ਜਿਸ ਨੇ ਲੌਕਡਾਊਨ ਦੌਰਾਨ ਪੈਸੇ ਦੀ ਬਚਤ ਕੀਤੀ ਹੈ। ਬਹੁਤ ਸਾਰੇ ਹੋਰ ਲੋਕ ਹਨ ਜੋ ਬ੍ਰਿਟੇਨ ਵਿਚ ਲੌਕਡਾਊਨ ਕਾਰਨ ਪੈਸੇ ਦੀ ਬਚਤ ਕਰ ਰਹੇ ਹਨ, ਜੋ ਹੁਣ ਕਹਿੰਦੇ ਹਨ ਕਿ ਉਹ ਵਿਦੇਸ਼ ਜਾਣ



ਅਤੇ ਸ਼ਾਨਦਾਰ ਵਿਆਹ ਕਰਾਉਣ ਦੇ ਆਪਣੇ ਸੁਪਨੇ ਪੂਰੇ ਕਰਨਾ ਚਾਹੁੰਦੇ ਹਨ। ਯੂਕੇ ਵਿਚ ਇਸ ਮੁੱਦੇ 'ਤੇ ਇਕ ਵਿਸ਼ਲੇਸ਼ਣ ਵਿਚ, ਰੈਜ਼ੋਲੂਸ਼ਨ ਫਾਉਂਡੇਸ਼ਨ ਨੇ ਸਿੱਟਾ ਕੱਢਿਆ ਹੈ ਕਿ ਹਰ ਤਿੰਨ ਵਿਚੋਂ ਇਕ ਉੱਚ ਆਮਦਨੀ ਵਾਲੇ ਪਰਿਵਾਰਾਂ ਨੇ ਆਪਣੀ ਮਾਸਿਕ ਆਮਦਨੀ ਵਿਚ ਵਾਧਾ ਦਰਜ ਕੀਤਾ ਹੈ, ਜਦਕਿ ਪੰਜ ਵਿਚੋਂ ਇਕ ਪਰਿਵਾਰ ਵਿਚ ਕਮੀ ਦੀ ਰਿਪੋਰਟ ਕੀਤੀ ਗਈ ਹੈ। ਅਜੋਕੇ ਯੁੱਗ ਵਿਚ ਜਿਹੜੇ ਪਰਿਵਾਰ ਘਰ ਤੋਂ ਕੰਮ ਕਰ ਸਕਣ ਦੇ ਯੋਗ ਹਨ, ਉਹ ਵਧੇਰੇ ਪੈਸੇ ਦੀ ਬਚਤ ਕਰਨ ਦੇ ਵੀ ਯੋਗ ਹਨ। ਜਦੋਂਕਿ ਘੱਟ ਤੋਂ ਘੱਟ ਦਰਮਿਆਨੀ ਆਮਦਨੀ ਵਾਲੇ 20 ਫੀਸਦੀ ਪਰਿਵਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਉਧਾਰ ਮਹਾਂਮਾਰੀ ਦੇ ਸਮੇਂ ਵਧਿਆ ਹੈ, ਉਹ ਜਾਂ ਤਾਂ ਕ੍ਰੈਡਿਟ ਕਾਰਡ ਦੀ ਵਰਤੋਂ ਕਰ ਰਹੇ ਹਨ ਜਾਂ ਕ੍ਰੈਡਿਟ 'ਤੇ ਖਰੀਦਦਾਰੀ ਕਰ ਰਹੇ ਹਨ। ਪਰ ਰੇਬੇਕਾ ਦਾ ਕਹਿਣਾ ਹੈ, "ਬਚੇ ਹੋਏ ਪੈਸਿਆਂ ਨਾਲ ਸਭ ਤੋਂ ਵਧੀਆ ਚੀਜ਼ ਹੈ ਕਿ ਤੁਸੀਂ ਇਸ ਨੂੰ ਕਿਤੇ ਪੈਸੇ ਬਚਾਓ ਤਾਂ ਜਦੋਂ ਤੁਸੀ ਜ਼ਰੂਰਤ ਪੈਣ ਤੇ ਇਸਦੀ ਵਰਤੋਂ ਕਰ ਸਕਦੇ ਹੋ।"

**ਕੋਰੋਨਾ ਸੰਕਟ ਪ੍ਰਭਾਵ**

ਅੰਤਰਰਾਸ਼ਟਰੀ ਲੇਬਰ ਆਰਗੇਨਾਈਜ਼ੇਸ਼ਨ ਦੇ ਖੋਜਕਰਤਾ ਸਟੀਵਨ ਕਪਾਸੋਸ ਦਾ ਕਹਿਣਾ ਹੈ, "ਮੌਜੂਦਾ ਸੰਕਟ ਪਹਿਲੇ ਆਰਥਿਕ ਸੰਕਟ ਨਾਲੋਂ ਬਹੁਤ ਵੱਖਰਾ ਹੈ, ਕਿਉਂਕਿ ਮਹਾਂਮਾਰੀ ਨੇ ਕਿਰਤ ਮੰਡੀ ਉੱਤੇ ਸਿੱਧਾ ਹਮਲਾ ਕੀਤਾ ਹੈ।" ਜਦੋਂ ਕਿ ਆਰਥਿਕਤਾ ਕਾਰਨ ਬਹੁਤ ਸਾਰੇ ਸੈਕਟਰਾਂ ਵਿਚ ਕੰਮ ਪੂਰੀ ਤਰ੍ਹਾਂ ਰੁਕ ਗਿਆ ਹੈ, ਕੁਝ ਸੈਕਟਰਾਂ ਵਿਚ ਅਜਿਹਾ ਨਹੀਂ ਹੋਇਆ। ਸੰਗਠਨ ਦੇ ਅਨੁਸਾਰ, ਪ੍ਰਚੂਨ, ਨਿਰਮਾਣ ਕਾਰਜ, ਉਤਪਾਦਨ, ਪ੍ਰਾਹੁਣਚਾਰੀ ਅਤੇ ਭੋਜਨ ਮਾਰਕੀਟ ਤਾਲਾਬੰਦੀ ਦੌਰਾਨ ਲਗਾਈਆਂ ਗਈਆਂ ਪਾਬੰਦੀਆਂ ਨਾਲ ਬੁਰੀ ਤਰ੍ਹਾਂ ਪ੍ਰਭਾਵਤ ਹਨ। ਕਪਾਸੋਸ ਕਹਿੰਦਾ ਹੈ, "ਵਰਕਰ ਜੋ ਪਾਬੰਦੀਆਂ ਤੋਂ ਪਹਿਲਾਂ ਕੰਮ ਕਰ ਰਹੇ ਸਨ, ਉਨ੍ਹਾਂ ਨੂੰ ਅਚਾਨਕ ਰੋਕ ਦਿੱਤਾ ਗਿਆ।" ਸੰਗਠਨ ਦੇ ਅਨੁਸਾਰ, ਇਸ ਸਮੇਂ ਦੌਰਾਨ ਕੰਮ ਕਰਨ ਦੇ ਜੋ ਘੰਟੇ ਬਰਬਾਦ ਹੋਏ ਹਨ ਉਹ 30 ਕਰੋੜ ਪੂਰੇ ਸਮੇਂ ਦੀਆਂ ਨੌਕਰੀਆਂ ਦੇ ਬਰਾਬਰ ਸਨ। ਅਮਰੀਕਾ ਅਤੇ ਮੱਧ ਏਸ਼ੀਆ ਵਿੱਚ, ਕੰਮ ਦੇ ਘੰਟਿਆਂ ਵਿੱਚ ਲਗਭਗ 13 ਫੀਸਦੀ ਦੀ ਕਮੀ ਆਈ ਹੈ, ਜਦੋਂ ਕਿ ਘੱਟ ਅਤੇ ਮੱਧ ਆਮਦਨੀ ਵਾਲੇ ਦੇਸ਼ਾਂ ਵਿੱਚ ਵੀ ਕੰਮ ਕਰਨ ਦੇ ਸਮੇਂ ਵਿੱਚ ਭਾਰੀ ਕਮੀ ਦਰਜ ਕੀਤੀ ਗਈ ਹੈ। ਪਰ ਇਸ ਮਹਾਂਮਾਰੀ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਏ 1.6 ਅਰਬ ਵਰਕਰ ਹਨ ਜੋ ਗੈਰ ਰਸਮੀ ਖੇਤਰਾਂ ਵਿੱਚ ਕੰਮ ਕਰ ਰਹੇ ਸਨ। 35 ਸਾਲਾਂ ਦੀ ਲੂਸੀਮਾਰਾ ਰਾਡਰਿਗ ਉਨ੍ਹਾਂ ਵਿਚੋਂ ਇਕ ਹੈ। ਅਸਲ ਵਿੱਚ, ਬ੍ਰਾਜ਼ੀਲ ਤੋਂ ਲੂਸੀਮਾਰਾ 16 ਸਾਲ ਪਹਿਲਾਂ ਅਮਰੀਕਾ ਆਈ ਸੀ। ਉਹ ਹੁਣ ਬੋਸਟਨ ਵਿੱਚ ਘਰਾਂ ਦੀ ਸਫਾਈ ਦਾ ਕੰਮ ਕਰਦੀ ਹੈ। ਲੂਸੀਮਾਰਾ ਨੇ ਬੀਬੀਸੀ ਨੂੰ ਦੱਸਿਆ ਕਿ ਉਹ ਕੁਝ ਅਮੀਰ ਪਰਿਵਾਰਾਂ ਵਿਚ ਕੰਮ ਕਰਦੀ ਸੀ ਅਤੇ ਮਹੀਨੇ ਵਿਚ 3500 ਤੋਂ 4000 ਡਾਲਰ ਦੀ ਕਮਾਈ ਕਰਦੀ ਸੀ, ਪਰ ਤਾਲਾਬੰਦੀ ਕਾਰਨ ਉਸਦਾ ਕੰਮ ਰੁਕ ਗਿਆ। ਉਹ ਕਹਿੰਦੀ ਹੈ, "ਮੇਰੇ ਵਰਗੇ ਲੋਕਾਂ ਲਈ ਇਹ ਹੈਰਾਨੀ ਵਾਲੀ ਗੱਲ ਸੀ। ਇਸ ਤੋਂ ਪਹਿਲਾਂ ਮੈਨੂੰ ਕਦੇ ਦੋ ਮਹੀਨੇ ਤੱਕ ਕੰਮ ਤੋਂ ਬਿਨਾਂ ਆਪਣੇ ਘਰ ਨਹੀਂ ਰਹਿਣਾ ਪਿਆ।" ਲੂਸੀਮਾਰਾ ਦਾ ਪਤੀ ਉਸਾਰੀ ਕਿਰਤੀ ਹੈ ਅਤੇ ਲੌਕਡਾਊਨ ਕਾਰਨ ਉਸਦਾ ਕੰਮ ਵੀ ਬੰਦ ਹੈ। ਉਨ੍ਹਾਂ ਦੋਹਾਂ ਦੇ ਦੋ ਬੱਚੇ ਹਨ। ਉਹ ਕਹਿੰਦੀ ਹੈ ਕਿ ਉਸਦੇ ਕੁਝ ਅਹੁਦੇਦਾਰਾਂ ਨੇ ਆਪਣੀ ਚੰਗਿਆਈ ਦਿਖਾਉਂਦੇ ਹੋਏ ਉਨ੍ਹਾਂ ਨੂੰ ਪੈਸੇ ਅਦਾ ਕਰਨਾ ਜਾਰੀ ਰੱਖਿਆ ਹੈ, ਪਰ ਇਸਦੇ ਬਾਵਜੂਦ ਉਨ੍ਹਾਂ ਨੂੰ ਹੁਣ ਹਰ ਪੈਸੇ ਦੀ ਬਚਤ ਕਰਨੀ ਪਏਗੀ।







THE PRESIDENT'S **CORONAVIRUS GUIDELINES** FOR AMERICA

# 30 DAYS TO SLOW THE SPREAD

Listen to and follow the directions of your **STATE AND LOCAL AUTHORITIES.**

**IF YOU FEEL SICK,** stay home. Do not go to work. Contact your medical provider.

**IF YOUR CHILDREN ARE SICK,** keep them at home. Do not send them to school. Contact your medical provider.

**IF SOMEONE IN YOUR HOUSEHOLD HAS TESTED POSITIVE** for the coronavirus, keep the entire household at home. Do not go to work. Do not go to school. Contact your medical provider.

**IF YOU ARE AN OLDER PERSON,** stay home and away from other people.

**IF YOU ARE A PERSON WITH A SERIOUS UNDERLYING HEALTH CONDITION** that can put you at increased risk (for example, a condition that impairs your lung or heart function or weakens your immune system), stay home and away from other people.

THE WHITE HOUSE CDC

For more information, please visit
**CORONAVIRUS.GOV**

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA





# ਸਿੱਖ ਸਿਪਾਹੀਆਂ ਨੇ ਚੀਨ ਦੀ ਸਰਹੱਦ 'ਤੇ ਦੁਹਰਾਇਆ ਅਠਾਰਵੀ ਸਦੀ ਦਾ ਇਤਿਹਾਸ

ਬਘੇਲ ਸਿੰਘ ਧਾਲੀਵਾਲ
99142-58142

ਸ਼ੋਸ਼ਲ ਮੀਡੀਏ 'ਤੇ ਭਾਰਤ ਚੀਨ ਸਰਹੱਦ ਦੇ ਪੂਰਵੀ ਲਦਾਖ ਖੇਤਰ 'ਚ ਭਾਰਤੀ ਅਤੇ ਚੀਨੀ ਫੌਜ ਦਰਮਿਆਨ ਹੋਏ ਮੁੱਠਭੇੜ ਤੋਂ ਬਾਅਦ ਵਾਪਰੀ ਇੱਕ ਅਜਿਹੀ ਘਟਨਾ ਦੀ ਖਬਰ ਸੁਣੀ ਹੈ,ਜਿਸ ਨੇ ਅਠਾਰਵੀਂ ਸਦੀ ਦੇ ਸਿੱਖ ਸੂਰਬੀਰਾਂ ਦੀ ਯਾਦ ਨੂੰ ਤਾਜ਼ਾ ਕਰ ਦਿੱਤਾ ਹੈ,ਇਸ ਲਈ ਇੱਥੇ ਸਿੱਖਾਂ ਦੇ ਪਿਛੋਕੜ 'ਤੇ ਵੀ ਸਰਸਰੀ ਝਾਤ ਮਾਰਨੀ ਜਰੂਰੀ ਬਣਦੀ ਹੈ। ਅਠਾਰਵੀਂ ਸਦੀ 'ਚ ਸਿੱਖਾਂ ਨੇ ਜੋ ਕਾਰਨਾਮੇ ਕੀਤੇ,ਉਹ ਅਪਣੇ ਗੁਰੂ ਦੇ ਹੁਕਮ 'ਚ ਰਹਿੰਦਿਆਂ ਤੇ ਗੁਰੂ ਨੂੰ ਹਾਜ਼ਰ-ਨਾਜ਼ਰ ਜਾਣਦਿਆਂ ਗੁਰੂ ਤੇ ਪੂਰਨ ਭਰੋਸੇ ਨਾਲ ਕੀਤੇ, ਜਿਸ ਵਿੱਚ ਸਿੱਖ ਸਫਲ ਵੀ ਹੁੰਦੇ ਰਹੇ ਹਨ। ਅਫਗਾਨੀ ਧਾੜਵੀਆਂ ਤੋਂ ਲੁੱਟ ਦੇ ਮਾਲ 'ਚ ਭਾਰਤੀ ਬਹੂ ਬੇਟੀਆਂ, ਜਿੰਨਾਂ ਨੂੰ ਅਵਦਾਲੀ, ਦੁਰਾਨੀ ਗਜਨੀ ਦੇ ਬਜ਼ਾਰਾਂ ਵਿੱਚ ਟਕੇ-ਟਕੇ ਨੂੰ ਵੇਚਣ ਲਈ ਲੈ ਕੇ ਜਾਂਦੇ ਸਨ, ਉਹਨਾਂ ਬੀਬੀਆਂ ਨੂੰ ਗੁਰੂ ਦੇ ਸਿੱਖ ਰਸਤੇ ਵਿੱਚ ਹੀ ਅਫਗਾਨੀ ਧਾੜਵੀਆਂ 'ਤੇ ਹਮਲੇ ਕਰਕੇ ਸਮੇਤ ਲੁੱਟ ਦੇ ਸਮਾਨ ਦੇ ਛੁਡਵਾ ਲੈਂਦੇ ਤੇ ਬਹੂ ਬੇਟੀਆਂ ਨੂੰ ਉਹਨਾਂ ਦੇ ਘਰਾਂ ਤੱਕ ਸੁਰੱਖਿਅਤ ਛੱਡ ਕੇ ਆਉਣ ਦੀ ਜ਼ੁੰਮੇਵਾਰੀ ਵੀ ਗੁਰੂ ਦਾ ਖਾਲਸਾ ਨਿਭਾਉਂਦਾ ਰਿਹਾ। ਕੋਈ ਸਮਾਂ ਆਇਆ ਜਦੋ ਦੁਸ਼ਮਣ ਹਾਕਮਾਂ ਨੇ ਸਾਰੀ ਕੌਮ ਖਤਮ ਕਰਨ ਦਾ ਭਰਮ ਪਾਲ ਕੇ ਇਹ ਐਲਾਨ ਕਰ ਦਿੱਤਾ ਕਿ ਸਿੱਖ ਖਤਮ ਕਰ ਦਿੱਤੇ ਗਏ ਹਨ ਤਾਂ ਉਸ ਮੌਕੇ ਦੋ ਗੁਰੂ ਦੇ ਸਿੱਖਾਂ ਨੇ ਧਾੜਵੀਆਂ ਦੇ ਰਸਤੇ 'ਤੇ ਨਾਕਾ ਲਾ ਕੇ ਖਾਲਸਾ ਰਾਜ ਦਾ ਐਲਾਨ ਕਰ ਦਿੱਤਾ ਤੇ ਉਸ ਰਸਤੇ ਤੋਂ ਲੰਘਣ ਵਾਲਿਆਂ ਤੋ ਜਜ਼ੀਆ ਵਸੂਲਣਾ ਸ਼ੁਰੂ ਕਰ ਦਿੱਤਾ। ਇੱਥੇ ਇਹ ਵੀ ਦੱਸਣਾ ਜਰੂਰੀ ਹੈ ਕਿ ਸਿੰਘਾਂ ਵੱਲੋਂ ਜਜ਼ੀਆ ਵਸੂਲਣ ਦਾ ਮਤਲਬ ਲੋਕਾਂ ਤੋਂ ਧੱਕੇਸ਼ਾਹੀ ਨਾਲ ਉਗਰਾਹੀ ਕਰਨਾ ਨਹੀਂ ਸੀ, ਬਲਕਿ ਉਸ ਮੌਕੇ ਦੇ ਜਾਬਰ ਹਾਕਮਾਂ ਨੂੰ ਇਹ ਸਪੱਸ਼ਟ ਸੁਨੇਹਾ ਦੇਣਾ ਸੀ, ਕਿ ਜਿਸ ਕੌਮ ਨੂੰ ਤੁਸੀਂ ਖਤਮ ਕਰਨ ਦਾ ਭਰਮ ਪਾਲ ਰਹੇ ਹੋ, ਉਹ ਤਾਂ ਅਪਣੇ ਸੀਨੇ 'ਚ ਇਸ ਜਾਬਰ ਰਾਜ ਦਾ ਖਾਤਮਾ ਕਰਕੇ ਧਰਮ ਦਾ ਰਾਜ ਕਾਇਮ ਕਰਨ ਦਾ ਸੁਪਨਾ ਸੰਜੋਈ ਬੈਠੇ ਹਨ। ਉਹਨਾਂ ਨੇ ਇਹ ਵੀ ਸੁਨੇਹਾ ਦਿੱਤਾ ਕਿ ਇਹ ਪਰਮਾਤਮ ਕੀ ਮੌਜ 'ਚੋਂ ਪੈਦਾ ਹੋਈ ਕੌਮ ਨੂੰ ਖਤਮ ਕਰਨ ਵਾਲਾ ਦੁਨੀਆਂ 'ਤੇ ਕੋਈ ਪੈਦਾ ਨਹੀਂ ਹੋਇਆ। ਉਹ ਗੁਰੂ ਦੇ ਸਿੱਖ ਸਨ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ, ਜਿਹੜੇ ਮਹਿਜ਼ ਜਜ਼ੀਆ ਉਗਰਾਹ ਕੇ ਉੱਥੋਂ ਭੱਜੇ ਨਹੀਂ ਬਲਕਿ ਉਹਨਾਂ ਨੇ ਦੁਸ਼ਮਣ ਦੀ ਉਨ੍ਹੀ ਦੇਰ ਉਡੀਕ ਕੀਤੀ ਜਿੰਨੀ ਦੇਰ ਦੁਸ਼ਮਣ ਦੀਆਂ ਫੌਜਾਂ ਉਹਨਾਂ ਦੇ ਗੁਰੂ ਕੇ ਸਿੱਖਾਂ ਨਾਲ ਯੁੱਧ ਕਰਨ ਆ ਨਹੀਂ ਗਈਆਂ। ਇੱਥੇ ਇਹ ਵੀ ਦੱਸਣਾ ਜਰੂਰੀ ਹੈ ਕਿ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਨੇ ਕਿਸੇ ਰਵਾਇਤੀ ਹਥਿਆਰਾਂ ਨਾਲ ਦੁਸ਼ਮਣ ਦਾ ਟਾਕਰਾ ਨਹੀਂ ਸੀ ਕੀਤਾ, ਬਲਕਿ ਸੋਟਿਆਂ ਨਾਲ ਹਿੱਕ ਡਾਹ ਕੇ ਆਖਰੀ ਸਾਹ ਤੱਕ ਲੜ ਕੇ ਸ਼ਹੀਦੀਆਂ ਪਾਈਆਂ ਸਨ। ਇੱਥੇ ਇਹ ਪਰਸੰਗ ਦੱਸਣਾ ਤਾਂ ਜ਼ਰੂਰੀ ਹੈ ਕਿਉਂਕਿ ਕੁੱਝ ਦਿਨ ਪਹਿਲਾਂ ਭਾਰਤੀ ਫੌਜ ਦੀ ਚੀਨੀ ਫੌਜਾਂ ਨਾਲ ਹੋਈ ਮੁੱਠਭੇੜ ਦੌਰਾਨ ਵੀ ਸਿੱਖ ਫੌਜੀਆਂ ਵੱਲੋਂ ਅਪਣੇ ਉਹਨਾਂ ਪੁਰਖਿਆਂ ਦਾ ਇਤਿਹਾਸ ਦੁਹਰਾਇਆ ਗਿਆ ਹੈ, ਜਿਸ ਵਿੱਚ [illegible] ਸਿਪਾਹੀ ਮਾਰੇ ਗਏ ਸਨ ਤੇ 10-[illegible] ਵੱਲੋਂ ਅਗਵਾ ਕਰ ਲਿਆ ਗਿਆ [illegible] ਕਾਰਨਾਮੇ ਸਿੱਖ ਫੌਜੀਆਂ ਨੇ ਕਰਕੇ ਅਪਣੇ ਗੁਰੂ ਦੇ ਬਚਨਾਂ ਨੂੰ ਸੱਚ ਕਰਕੇ ਦਿਖਾਇਆ ਹੈ, ਉਹਦੇ 'ਤੇ ਭਾਵੇਂ ਦੇਸ਼ ਦੇ ਹਰ ਇਨਸਾਫ ਪਸੰਦ ਸ਼ਹਿਰੀ ਨੂੰ ਮਾਣ ਹੋਣਾ ਚਾਹੀਦਾ ਹੈ, ਪਰ ਇਸ ਘਟਨਾ ਕਾਰਨ ਦੇਸ਼ ਦੇ ਫਿਰਕੂ ਹਾਕਮਾਂ ਦੀ ਅਕਿਰਤਘਣਤਾ ਵੀ ਜੱਗ ਜ਼ਾਹਰ ਹੋ ਗਈ ਹੈ, ਜਿਹੜੇ ਸਿੱਖ ਜੁਆਨਾਂ ਦੀ ਇਸ ਬੇਮਿਸਾਲ ਬਹਾਦਰੀ ਨੂੰ ਛੁਪਾਈ ਬੈਠੇ ਹਨ। ਇਸ ਨਿਆਰੀ ਨਿਰਾਲੀ ਕੌਮ ਨੂੰ ਖਤਮ ਕਰਨ ਦਾ ਭਰਮ ਪਾਲੀ ਬੈਠੇ ਹਾਕਮਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਜਿਹੜੀ ਕੌਮ ਦੁਨੀਆਂ ਦੀਆਂ ਅਜੇਤੂ ਤਾਕਤਾਂ ਨੂੰ ਹਰਾਉਣ ਦਾ ਦਮ ਰੱਖਦੀ ਹੈ ਤੇ ਜਿਹੜੀ ਕੌਮ ਦੇ ਜਾਏ ਚੀਨ ਵਰਗੀਆਂ ਵੱਡੀਆਂ ਤਾਕਤਾਂ ਨੂੰ ਟਿੱਚ ਸਮਝਦੇ ਹਨ, ਉਹਨਾਂ ਨਾਲ ਕਮੀਨਗੀ ਸ਼ੋਭਾ ਨਹੀਂ ਦਿੰਦੀ, ਬਲਕਿ ਅਜਿਹਾ ਵਰਤਾਰਾ ਦੇਸ਼ ਦੇ ਨੁਕਸਾਨ ਵਿੱਚ ਜਾ ਸਕਦਾ ਹੈ। ਟੀਵੀ ਚੈਨਲ ਏ ਵੀ ਪੀ ਸਾਂਝਾ 'ਤੇ ਇੱਕ ਖਬਰ ਦਿਖਾਈ ਗਈ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਇਹ ਘਟਨਾ 15 ਜੂਨ ਨੂੰ ਭਾਰਤ ਚੀਨ ਸਰਹੱਦ ਦੇ ਪੂਰਬੀ ਲਦਾਖ ਖੇਤਰ ਦੀ ਜਲਬਾਨ ਘਾਟੀ 'ਤੇ ਹੋਏ ਭਾਰਤੀ ਚੀਨੀ ਮੁੱਠਭੇੜ ਨਾਲ ਜੁੜੀ ਹੋਈ ਹੈ, ਜਿਸ ਵਿੱਚ 20 ਜੁਆਨਾਂ ਸਮੇਤ ਬਿਹਾਰ ਰੈਜ਼ੀਮੈਂਟ ਦਾ ਇੱਕ ਅਫਸਰ ਸੰਤੋਸ਼ ਬਾਵੂ ਸ਼ਹੀਦ ਹੋ ਗਏ ਸਨ। ਖਬਰ ਵਿੱਚ ਦੱਸਿਆ ਗਿਆ ਹੈ ਕਿ 16 ਜੂਨ ਨੂੰ ਬਿਹਾਰ ਰੈਜ਼ੀਮੈਂਟ ਨੇ ਆਪਣੇ ਅਫ਼ਸਰ ਦੀ ਮੌਤ ਦਾ ਬਦਲਾ ਲੈਣ ਲਈ ਚੀਨੀ ਕੈਂਪ 'ਤੇ ਹਮਲਾ ਕੀਤਾ, ਜਿਸ ਵਿੱਚ ਉਹਨਾਂ ਦੇ ਨਾਲ ਸਿੱਖ ਰੈਜ਼ੀਮੈਂਟਾਂ ਦੇ ਜਵਾਨ ਵੀ ਸ਼ਾਮਿਲ ਸਨ,ਪ੍ਰੰਤੂ ਜੋ ਕਾਰਨਾਮਾ ਸਿੱਖ ਫੌਜੀਆਂ ਦੇ ਹਿੱਸੇ ਆਇਆ ਉਹ [illegible]ਹੀਂ ਆ ਸਕਿਆ। ਸਿੱਖ ਜਵਾਨਾਂ [illegible] ਡਾਂਗਾਂ ਸੋਟੀਆਂ ਨਾਲ ਹਮਲਾ [illegible]ਾਂ ਦਾ ਇੱਕ ਫੌਜੀ ਅਫਸਰ ਵੀ ਅਗਵਾ ਕਰ ਲਿਆਂਦਾ, ਜਿਸ ਕਰਕੇ ਬਾਅਦ ਵਿੱਚ ਹੋਈ ਸੰਧੀ ਵਿੱਚ ਇੱਕ ਚੀਨੀ ਅਫਸਰ ਦੇ ਬਦਲੇ ਚੀਨ ਨੂੰ ਸਾਰੇ ਦੇ ਸਾਰੇ ਬੰਦੀ ਬਣਾਏ ਹੋਏ ਭਾਰਤੀ ਸਿਪਾਹੀਆਂ ਨੂੰ ਛੱਡਣ ਲਈ ਮਜਬੂਰ ਹੋਣਾ ਪਿਆ। ਇੱਥੇ ਇਹ ਵੀ ਬਹੁਤ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਜਿਸ ਮੁਲਕ ਦੀ ਰਾਖੀ ਕਰਦਿਆਂ ਸਿੱਖ ਫੌਜੀ ਸਰਹੱਦਾਂ 'ਤੇ ਹਿੱਕਾਂ ਡਾਹ ਕੇ ਲੜਦੇ ਮਰਦੇ ਹਨ, ਉਹ ਹੀ ਮੁਲਕ ਦਾ ਨਿਜ਼ਾਮ ਸਿੱਖਾਂ ਦੀ ਬਹਾਦਰੀ ਜਨਤਕ ਕਰਨ ਤੋਂ ਗੁਰੇਜ਼ ਕਰਦਾ ਹੈ। ਇੱਥੇ ਹੈਰਾਨੀ ਇਸ ਗੱਲ ਤੋਂ ਹੁੰਦੀ ਹੈ ਕਿ ਜਿਸ ਘਟਨਾ ਨੂੰ ਪਰਚਾਰਨ ਦੀ ਲੋੜ ਸੀ, ਉਸ ਨੂੰ ਛੁਪਾਇਆ ਗਿਆ ਹੈ, ਇਸ ਤੋਂ ਵੱਡੀ ਅਕਿਰਤਘਣਤ ਅਤੇ ਅਹਿਸਾਨਫਰਾਮੋਸ਼ੀ ਹੋਰ ਕੀ ਹੋ ਸਕਦੀ ਹੈ। ਇਹ ਖਬਰ ਸ਼ੋਸ਼ਲ ਮੀਡੀਏ 'ਤੇ ਸਿਰਫ ਤੇ ਸਿਰਫ ਇੱਕਾ-ਦੁਕਾ ਚੈਨਲਾਂ 'ਤੇ ਦਿਖਾਈ ਗਈ ਹੈ, ਜਦੋਂ ਕਿ ਬਾਕੀ ਸਾਰਾ ਭਾਰਤੀ ਮੀਡੀਆ ਅਤੇ ਸ਼ੋਸ਼ਲ ਮੀਡੀਆ ਇਸ ਤਰ੍ਹਾਂ ਚੁੱਪ ਹੈ, ਜਿਵੇਂ ਉਹਨਾਂ ਨੂੰ ਇਸ ਘਟਨਾ ਦਾ ਇਲਮ ਤੱਕ ਨਾ ਹੋਵੇ। ਜੇਕਰ ਕਿਸੇ ਸਿੱਖ ਫੌਜੀ ਤੋਂ ਕੋਈ ਜਾਣੇ-ਅਣਜਾਣੇ ਵਿੱਚ ਗਲਤੀ ਹੋਈ ਹੁੰਦੀ ਤਾਂ ਹੁਣ ਤੱਕ ਭਾਰਤੀ ਮੀਡੀਏ ਨੇ ਪੂਰੀ ਦੁਨੀਆਂ ਨੂੰ ਬਾਤ ਦਾ ਬਤੰਗੜ ਬਣਾ ਕੇ ਦਿਖਾ ਸਿੱਖਾਂ ਨੂੰ ਬਦਨਾਮ ਕਰਨ ਵਿੱਚ ਕੋਈ ਕਸਰ ਨਹੀਂ ਸੀ ਛੱਡਣੀ,ਪਰ ਕਿਉਂਕਿ ਇਹ ਘਟਨਾ ਸਿੱਖਾਂ ਦੀ ਬਹਾਦਰੀ ਦਾ ਲੋਹਾ ਮਨਵਾਉਣ ਵਾਲੀ ਹੈ, ਸਿੱਖਾਂ ਦੇ ਮਾਣ ਸਤਿਕਾਰ ਨਾਲ ਜੁੜੀ ਹੋਈ ਹੈ, ਇਸ ਲਈ ਭਾਰਤੀ ਹਕੂਮਤ ਅਤੇ ਭਾਰਤੀ ਮੀਡੀਏ ਨੇ ਬੜੀ ਬੇਸ਼ਰਮੀ ਭਰੀ ਚਲਾਕੀ ਨਾਲ ਇਸ ਇਤਿਹਾਸਿਕ ਖਬਰ ਨੂੰ ਦੱਬ ਕੇ ਰੱਖਿਆ ਹੈ, ਜਦੋਂ ਕਿ ਚਾਹੀਦਾ ਇਹ ਸੀ ਕਿ ਇਸ ਖਬਰ ਨੂੰ ਵੱਧ ਤੋਂ ਵੱਧ ਪਰਚਾਰਿਆ ਜਾਂਦਾ ਅਤੇ ਉਹਨਾਂ ਬਹਾਦਰ ਸਿੱਖ ਸਿਪਾਹੀਆਂ ਨੂੰ ਦੁਨੀਆਂ ਸਾਹਮਣੇ ਕਰਕੇ ਦੱਸਿਆ ਜਾਂਦਾ ਕਿ ਕਿਵੇਂ ਉਹਨਾਂ ਸਿੱਖ ਜੁਆਨਾਂ ਨੇ ਇਸ ਵੱਡੇ ਇਤਿਹਾਸਿਕ ਕਾਰਨਾਮੇ ਨੂੰ ਅੰਜ਼ਾਮ ਦਿੱਤਾ, ਪਰ ਅਫਸੋਸ! ਕਿ ਅਜਿਹਾ ਨਹੀਂ ਹੋਇਆ। ਭਾਰਤੀ ਹਕੂਮਤ ਜਿਸ ਜਮਾਤ ਦੀ ਅਗਵਾਈ ਕਰ ਰਹੀ ਹੈ, ਉਹ ਕਦੇ ਵੀ ਕਿਸੇ ਗੈਰ ਹਿੰਦੂ ਨੂੰ ਨਾਇਕ ਬਣਿਆ ਬਰਦਾਸ਼ਤ ਨਹੀਂ ਕਰ ਸਕਦੇ, ਭਾਵੇਂ ਕੋਈ ਵਿਅਕਤੀ ਭਾਰਤੀ ਸਟੇਟ ਦੀ ਬਹਾਦਰੀ ਨਾਲ ਰਾਖੀ ਕਰਦਿਆਂ ਹੀ ਨਾਇਕ ਕਿਉਂ ਨਾ ਬਣਿਆ ਹੋਵੇ। ਸਿੱਖ ਕੌਮ ਨੂੰ ਇਹ ਗੁਰੂ ਦੀ ਬਖਸ਼ਿਸ਼ ਹੈ ਕਿ ਉਹ ਜਦੋਂ ਕਿਸੇ ਵੀ ਕੰਮ ਲਈ ਜਾਂ ਮੁਹਿੰਮ ਲਈ ਅਪਣੇ ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਅਰੰਭ ਕਰਦੇ ਹਨ ਤਾਂ ਜਿੱਤ ਉਹਨਾਂ ਦੇ ਕਦਮਾਂ ਨੂੰ ਮੱਲੋ-ਮੱਲੀ ਚੁੰਮ ਲੈਂਦੀ ਹੈ। ਇੱਥੇ ਵੀ ਭਾਰਤੀ ਫੌਜ ਦੇ ਇਹਨਾਂ ਸਿੱਖ ਸਿਪਾਹੀਆਂ ਨੇ ਅਪਣੇ ਗੁਰੂ ਸਾਹਿਬ ਦੇ ਸਵਾ ਲਾਖ ਸੇ ਏਕ ਲੜਾਊ ਵਾਲੇ ਸਿਧਾਂਤ 'ਤੇ ਪਹਿਰਾ ਦੇ ਕੇ ਅਪਣੇ ਪੁਰਖਿਆਂ ਬਾਬਾ ਬੋਤਾ ਸਿੰਘ ਅਤੇ ਬਾਬਾ ਗਰਜਾ ਸਿੰਘ ਦੇ ਸੁਨਿਹਰੀ ਇਤਿਹਾਸ ਨੂੰ ਦੁਹਰਾਉਣ ਵਾਲਾ ਕਾਰਜ ਕੀਤਾ ਹੈ। ਭਾਵੇਂ ਭਾਰਤੀ ਸਟੇਟ ਅਤੇ ਭਾਰਤੀ ਮੀਡੀਆ ਨੇ ਸਿੱਖਾਂ ਦੀ ਬੀਰਤਾ ਨੂੰ ਛੁਪਾਉਣ ਦਾ ਕੋਝਾ ਯਤਨ ਕੀਤਾ ਹੈ, ਪਰ ਸਿੱਖਾਂ ਨੇ ਇੱਕ ਵਾਰ ਫਿਰ ਦੁਨੀਆਂ ਨੂੰ ਇੱਕ ਤਾਂ ਇਹ ਸੁਨੇਹਾ ਦੇਣ ਵਿੱਚ ਸਫਲਤਾ ਹਾਸਿਲ ਕੀਤੀ ਹੈ ਕਿ ਅਪਣੇ ਆਪ ਨੂੰ ਮਹਾਂ ਸ਼ਕਤੀ ਸਮਝਣ ਵਾਲੇ ਵੀ ਸਿੱਖ ਕੌਮ ਅੱਗੇ ਬੇਬੱਸ ਹੋ ਜਾਂਦੇ ਹਨ। ਦੂਜਾ ਇਹ ਕਿ ਸਰਬੱਤ ਦਾ ਭਲਾ ਚਾਹੁਣ ਵਾਲੀ ਸਿੱਖ ਕੌਮ ਅੱਜ ਵੀ ਲੋੜ ਪੈਣ 'ਤੇ ਅਪਣੇ ਪੁਰਖਿਆਂ ਦਾ ਇਤਿਹਾਸ ਦੁਹਰਾ ਸਕਦੀ ਹੈ, ਕਿਉਂਕਿ ਉਹਨਾਂ ਦਾ ਗੁਰੂ ਹਰ ਸ਼ੁਭ ਕਾਰਜ ਦੇ ਮੌਕੇ ਉਹਨਾਂ ਦੇ ਅੰਗ ਸੰਗ ਹੁੰਦਾ ਹੈ।



# Thinking of Buying/Selling ?

WIN ZONE Realty Inc.

WIN ZONE REALTY INC.



# Baldev Singh

**Associate Broker/Notary Public**

**146-20 34 av. Flushing NY 11354**

**Cell : 917-224-7395**

**Email : josanbaldev@yahoo.com**


ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਪੰਜਾਬੀ ਦੁਨੀਆ

Since April 2005 Editor : Sharnjit Singh Thind PUNJABI DUNIYA Weekly

ਵਿੱਦਿਅਕ ਢਾਂਚੇ 'ਤੇ ਵਿਅੰਗ ਕਰਦੀ ਫਿਲਮ 'ਦੋ ਦੂਣੀ ਪੰਜ'

Vol. 14 Issue 15 Wednesday 02 Jan to 08 Jan, 2019 www.PUNJABIDUNIYA.com Published Weekly from New York

# ਪੰਜਾਬੀ ਨੌਜਵਾਨਾਂ ਨੇ ਵਿਦੇਸ਼ ਉਡਾਰੀ ਮਾਰਨ ਲਈ ਖਰਚੇ 27000 ਕਰੋੜ

## ਸੱਜਣ ਕੁਮਾਰ ਨੂੰ ਸਿਖਾਂ ਕੋਲੋਂ ਬਚਾ-ਬਚਾ ਕੇ ਰੱਖੇਗਾ ਜੇਲ੍ਹ ਪ੍ਰਸ਼ਾਸਨ

## ਨਵੇਂ ਸਾਲ ਮੌਕੇ ਅਮਰੀਕੀ ਫੌਜ ਨੇ ਬੰਬ ਦਾ ਟਵੀਟ ਕਰਨ ਲਈ ਮੰਗੀ ਮੁਆਫ਼ੀ

## ਭਾਰਤ ਸਰਕਾਰ ਨੇ ਖਾਲਿਸਤਾਨ ਲਿਬਰੇਸ਼ਨ ਫੋਰਸ ਤੇ ਪਾਬੰਦੀ ਲਾਈ

Insurance
Property & Casualty
(See Full Page Advt. on Page 31)
Business, Liability, Disability, Workers Comp., E & O, Auto, Home,
917-612-3158
www.whitestonecorpusa.com




## BEWARE OF SCAMS AND FRAUD SCHEMES

The Office of Inspector General recognizes that we are facing unprecedented times and is alerting the public about potential fraud schemes related to economic stimulus programs offered by the U.S. Small Business Administration in response to the Novel Coronavirus Pandemic (COVID-19). The Coronavirus Aid, Relief, and Economic Security Act (CARES Act), the largest financial assistance bill to date, includes provisions to help small businesses. Fraudsters have already begun targeting small business owners during these economically difficult times. Be on the lookout for grant fraud, loan fraud, and phishing.

### Grants

- SBA ***does not*** initiate contact on either 7a or Disaster loans or grants. If you are proactively contacted by someone claiming to be from the SBA, suspect fraud.

### Loans

- If you are contacted by someone promising to get approval of an SBA loan, but requires any payment up front or offers a high interest bridge loan in the interim, suspect fraud.
- SBA limits the fees a broker can charge a borrower to 3% for loans $50,000 or less and 2% for loans $50,000 to $1,000,000 with an additional ¼% on amounts over $1,000,000. Any attempt to charge more than these fees is inappropriate.
- If you have a question about getting a SBA disaster loan, call 800-659-2955 or send an email to disastercustomerservice@sba.gov.
- If you have questions about other SBA lending products, call SBA's Answer Desk at 800-827-5722 or send an email to answerdesk@sba.gov.

### Phishing

- Look out for phishing attacks/scams utilizing the SBA logo. These may be attempts to obtain your personally identifiable information (PII),to obtain personal banking access, or to install ransomware/malware on your computer.
- If you are in the process of applying for an SBA loan and receive email correspondence asking for PII, ensure that the referenced application number is consistent with the actual application number.
- Any email communication from SBA will come from accounts ending with ***sba.gov***.
- The presence of an SBA logo on a webpage ***does not*** guaranty the information is accurate or endorsed by SBA. Please cross-reference any information you receive with information available at www.sba.gov.

Report any suspected fraud to OIG's Hotline at 800-767-0385 or online at, https://www.sba.gov/about-sba/oversight-advocacy/office-inspector-general/office-inspector-general-hotline.

# ਅੱਜ ਹੀ 2020 ਜਨਗਣਨਾ ਨੂੰ ਪੂਰਾ ਕਰੋ।

2020 ਜਨਗਣਨਾ ਵਿੱਚ ਅਮਰੀਕਾ ਵਿੱਚ ਰਹਿ ਰਹੇ ਲੋਕਾਂ ਨੂੰ ਗਿਣਿਆ ਜਾਵੇਗਾ।
ਅਗਲੇ ਦੱਸ ਸਾਲਾਂ ਤੱਕ ਹਰ ਸਾਲ ਸਿਹਤ ਕਲੀਨਿਕ, ਐਮਰਜੈਂਸੀ ਸੇਵਾਵਾਂ,
ਅਤੇ ਸਿਖਿੱਆ ਵਾਸਤੇ ਅਰਬਾਂ ਡਾਲਰ ਦੀ ਫੰਡਿੰਗ ਕਿਸ ਤਰ੍ਹਾਂ ਵੰਡੀ ਜਾਵੇਗੀ,
ਇਹ ਪੱਕਾ ਕਰਨ ਲਈ ਅੱਜ ਹੀ ਜਨਗਣਨਾ ਨੂੰ ਪੂਰਾ ਕਰੋ।
**ਇੰਟਰਨੈਟ ਜਾਂ ਡਾਕ ਰਾਹੀਂ ਜਨਗਣਨਾ ਨੂੰ ਪੂਰਾ ਕਰੋ। ਕਿਵੇਂ ਪੂਰਾ ਕਰਨਾ ਹੈ,**
**ਇਹ ਜਾਨਣ ਲਈ 2020CENSUS.GOV/pa 'ਤੇ ਜਾਓ**

**2020CENSUS.GOV/pa**

ਅਮਰੀਕੀ ਜਨਗਣਨਾ ਬਿਊਰੋ (U.S. Census Bureau) ਦੁਆਰਾ ਭੁਗਤਾਨ ਕੀਤਾ ਗਿਆ।

**Shape your future**
**START HERE >**

United States® Census 2020

ਬੀ.ਬੀ.ਸੀ. ਨੇ 23 ਨਵੰਬਰ 2018 ਨੂੰ ਉਸ ਸਮੇਂ ਦੇ ਸਿਹਤ ਮੰਤਰੀ ਸ੍ਰੀ ਬ੍ਰਹਮ ਮਹਿੰਦਰਾ ਦਾ ਬਿਆਨ ਜਾਰੀ ਕੀਤਾ ਸੀ, ਪੰਜਾਬ ਵਿਚ ਨਸ਼ਾ ਬਹੁਤ ਘੱਟ ਰਹਿ ਗਿਆ ਹੈ। ਜਦੋਂ ਪੱਤਰਕਾਰ ਨੇ ਅਗਲਾ ਸਵਾਲ ਪੁੱਛਿਆ ਕਿ ਕਿਉਂ ਸੰਨ 2018 ਵਿਚ ਪਿਛਲੇ ਸਾਲਾਂ ਨਾਲੋਂ ਨਸ਼ਿਆਂ ਕਾਰਨ ਨੌਜਵਾਨਾਂ ਦੀਆਂ ਮੌਤਾਂ ਵਿਚ ਵਾਧਾ ਹੋਇਆ ਹੈ ਤੇ ਕਿਉਂ ਕੁੜੀਆਂ ਵਿਚ ਵੀ ਨਸ਼ੇ ਦਾ ਰੁਝਾਨ ਵਧਣ ਲੱਗ ਪਿਆ ਹੈ, ਤਾਂ ਉਹ ਜਵਾਬ ਦੇਣ ਤੋਂ ਇਨਕਾਰੀ ਹੋ ਗਏ।

ਆਲ ਇੰਡੀਆ ਇੰਸਟੀਚਿਊਟ ਦਿੱਲੀ ਵੱਲੋਂ ਸੰਨ 2015 ਵਿਚ ਜਾਰੀ ਕੀਤੀ ਰਿਪੋਰਟ ਅਨੁਸਾਰ ਉਸ ਸਮੇਂ ਪੰਜਾਬ ਵਿਚ 2 ਲੱਖ ਤੋਂ ਵੱਧ ਨਸ਼ੇੜੀ ਸਨ ਜਿਨ੍ਹਾਂ ਵਿੱਚੋਂ ਬਹੁਤ ਜਣਿਆਂ ਦੇ ਟੱਬਰ ਬੇਬਸੀ ਵਿਚ ਉਨ੍ਹਾਂ ਦੀ ਮਰਨ ਦੀ ਉਡੀਕ ਕਰ ਰਹੇ ਸਨ।

ਲੁਧਿਆਣਾ ਦੇ ਪੁਲਿਸ ਕਮਿਸ਼ਨਰ ਸੁਖਚੈਨ ਸਿੰਘ ਜੀ ਨੇ ਉਦੋਂ ਮੰਨਿਆ ਸੀ ਸ਼ਹਿਰਾਂ ਵਿਚ ਦਵਾਈਆਂ ਦੀਆਂ ਦੁਕਾਨਾਂ ਉੱਤੇ ਨਸ਼ੇ ਦੀਆਂ ਸ਼ੀਸੀਆਂ ਵਿਕ ਰਹੀਆਂ ਹਨ ਤੇ ਪਿੰਡਾਂ ਵਿਚ ਅਫੀਮ, ਭੰਗ ਤੇ ਹੈਰੋਇਨ ਵਿਕ ਰਹੇ ਹਨ।

ਇੱਕ ਭਾਰਤੀ ਇੰਟੈਲੀਜੈਂਸ ਅਫ਼ਸਰ ਨੇ ਮੰਨਿਆ ਕਿ ਬਾਰਡਰ ਪਾਰ ਤੋਂ ਖੇਤਾਂ ਵਿਚ ਪੈਕਟ ਸੁੱਟ ਦਿੱਤੇ ਜਾਂਦੇ ਹਨ ਜਿੱਥੋਂ ਕਿਸਾਨ ਇਨ੍ਹਾਂ ਨੂੰ ਚੁੱਕ ਕੇ ਆਪਣੇ ਘਰ ਲੈ ਆਉਂਦੇ ਹਨ। ਘਰ ਲਿਆਉਣ ਲਈ ਆਪਣੇ ਸੰਦਾਂ ਨੂੰ ਖੋਖਲੇ ਕਰ ਕੇ ਨਸ਼ੇ ਦੇ ਪੈਕਟ ਭਰ ਲਏ ਜਾਂਦੇ ਹਨ ਤੇ ਅੱਗੋਂ ਵਪਾਰੀ ਆਪਣੇ ਕੋਰੀਅਰ ਰਾਹੀਂ ਇਨ੍ਹਾਂ ਨੂੰ ਅਗਾਂਹ ਤੋਰ ਦਿੰਦੇ ਹਨ।

ਇਸ ਸਾਰੇ ਵਰਤਾਰੇ ਵਿਚ ਕਿਸੇ ਨੂੰ ਇੱਕ ਦੂਜੇ ਦਾ ਨਾਂ ਪਤਾ ਨਹੀਂ ਹੁੰਦਾ। ਸਿਰਫ਼ ਕਿਸੇ ਨੰਬਰ ਜਾਂ ਕਿਸੇ ਸੁਣੇਹੇ ਨੂੰ ਹੀ ਆਧਾਰ ਬਣਾ ਕੇ ਕੰਮ ਕੀਤਾ ਜਾਂਦਾ ਹੈ।

ਜੂਨ 2016 ਵਿਚ ਪਾਰਲੀਮੈਂਟ ਵਿਚ ਕਿਰਨ ਰਿਜੀਜੂ ਨੇ ਮੰਨਿਆ ਸੀ ਕਿ ਬਹੁਤ ਸਾਰੇ ਪੁਲਿਸ ਕਰਮੀ ਤੇ ਕੁੱਝ ਫੌਜ ਵਿਚਲੇ ਬੰਦੇ ਵੀ ਇਸ ਨਸ਼ੇ ਦੇ ਕਾਰੋਬਾਰ ਵਿਚ ਸ਼ਾਮਲ ਹਨ ਤੇ 68 ਜਣੇ ਫੜੇ ਵੀ ਜਾ ਚੁੱਕੇ ਹਨ।

ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਈਂਸਿਸ ਦਿੱਲੀ ਨੇ ਆਪਣੀ ਖੋਜ ਰਾਹੀਂ ਪੁਸ਼ਟੀ ਕੀਤੀ ਹੈ ਕਿ ਵੱਡੀ ਗਿਣਤੀ ਕੁੜੀਆਂ ਵੀ ਨਸ਼ੇ ਦੀ ਲੱਤ ਪਾਲ ਚੁੱਕੀਆਂ ਹਨ। ਬਹੁਤੀਆਂ ਆਪਣੇ ਆਪ ਨੂੰ ਅਗਾਂਹ ਵਧੂ ਸਾਬਤ ਕਰਨ ਦੇ ਚੁੱਕਰ ਵਿਚ, ਹਾਣੀਆਂ ਵੱਲੋਂ ਪਏ ਦਬਾਓ ਜਾਂ ਵੈਸੇ ਹੀ ਸ਼ੌਕੀਆ ਇਸ ਪਾਸੇ ਵੱਲ ਧੱਕੀਆਂ ਜਾਂਦੀਆਂ ਹਨ ਤੇ ਫੇਰ ਉਨ੍ਹਾਂ ਕੋਲੋਂ ਇਹ ਲੱਤ ਛੁਟਦੀ ਨਹੀਂ। ਲੋਕ ਮੁੰਡਿਆਂ ਦੇ ਇਲਾਜ ਲਈ ਤਾਂ ਫਿਰ ਵੀ ਅਗਾਂਹ ਆ ਜਾਂਦੇ ਹਨ ਪਰ ਕੁੜੀਆਂ ਨੂੰ ਸਮਾਜਿਕ ਸ਼ਰਮ ਸਦਕਾ ਬਹੁਤੀ ਵਾਰ ਇਲਾਜ ਕਰਵਾਉਣ ਲਈ ਵੀ ਨਹੀਂ ਲਿਜਾਇਆ ਜਾਂਦਾ।

ਸ਼ਰਾਬ ਨੂੰ ਤਾਂ ਅੱਜ ਕੱਲ ਫੈਸ਼ਨ ਮੰਨ ਕੇ ਜਾਂ ਰਿਵਾਜ਼ ਦੀ ਤੌਰ 'ਤੇ ਹੀ ਬਹੁਤ ਘਰਾਂ ਵਿਚ ਜਾਂ ਹੋਟਲਾਂ ਵਿਚ ਔਰਤਾਂ ਤੇ ਬੱਚੀਆਂ ਨੂੰ ਆਮ ਹੀ ਪੀਂਦੇ ਵੇਖਿਆ ਜਾ ਸਕਦਾ ਹੈ, ਇਹ ਜਾਣੇ ਬਗ਼ੈਰ ਕਿ ਸ਼ਰਾਬ ਔਰਤਾਂ ਦੇ ਜਿਗਰ ਉੱਤੇ ਛੇਤੀ ਤੇ ਵੱਧ ਨੁਕਸਾਨ ਕਰਦੀ ਹੈ ਕਿਉਂਕਿ ਉਨ੍ਹਾਂ ਦੇ ਸਰੀਰ ਵਿਚ ਐਲਕੋਹਲ ਡੀਹਾਈਡਰੋਜੀਨੇਜ਼ ਰਸ ਘੱਟ ਹੁੰਦਾ ਹੈ।

ਜਲੰਧਰ ਦੀ ਜਸਮੀਤ, ਜੋ ਘਰਾਂ ਵਿਚ ਕੰਮ ਕਰਦੀ ਹੈ, ਨੇ ਮੰਨਿਆ ਹੈ ਕਿ ਸੰਨ 2014 ਤੋਂ ਉਹ ਕਪੂਰਥਲੇ ਦੇ ਡੀਅਡਿਕਸ਼ਨ ਸੈਂਟਰ ਵਿਚ ਆਪਣੇ ਪਤੀ ਤੇ ਨਾਬਾਲਗ ਬੇਟੀ ਨੂੰ ਲੈ ਕੇ ਜਾ ਰਹੀ ਹੈ ਕਿਉਂਕਿ ਉਨ੍ਹਾਂ ਤੋਂ ਹੁਣ ਨਸ਼ਾ ਛੱਡਿਆ ਹੀ ਨਹੀਂ ਜਾ ਰਿਹਾ। ਉਸ ਨੂੰ ਸਭ ਤੋਂ ਪਹਿਲਾਂ ਉਸ ਦੀ ਧੀ ਨੇ ਹੀ ਥੱਕੀ ਰਹਿੰਦੀ ਨੂੰ ਵੇਖ ਕੇ ਉਸ ਨੂੰ ਹੈਰੋਇਨ ਦਾ ਟੀਕਾ ਲਵਾਉਣ ਦੀ ਸਲਾਹ ਦਿੱਤੀ ਸੀ। ਉਸ ਟੀਕੇ ਨਾਲ ਉਸ ਦੀ ਥਕਾਵਟ ਝਟਪਟ ਲਹਿ ਗਈ ਤੇ ਉਸ ਨੇ ਅਗਲੇ ਦਿਨ ਕੰਮ ਵੀ ਝਟਪਟ ਮੁਕਾ ਲਿਆ। ਚੌਥੇ ਦਿਨ ਜਦ ਟੀਕਾ ਨਹੀਂ ਲਾਇਆ ਤਾਂ ਉਸ ਨੂੰ ਸਰੀਰ ਟੁੱਟਿਆ ਭੱਜਿਆ ਜਾਪਿਆ। ਮਜਬੂਰੀ ਵਿਚ ਫਿਰ ਟੀਕਾ ਲਵਾਇਆ। ਹੌਲੀ-ਹੌਲੀ ਪਤੀ ਵੀ ਇਸੇ ਪਾਸੇ ਪੈ ਗਿਆ। ਨਸ਼ੇ ਵਾਲੇ ਪਾਸੇ ਸਾਰੇ ਟੱਬਰ ਨੂੰ ਧੱਕਣ ਵਾਲੀ ਨਾਬਾਲਗ ਧੀ ਸੀ। ਉਸ ਦੀ ਧੀ ਪਹਿਲਾਂ ਤੋਂ ਹੀ ਆਪਣੀਆਂ ਕਈ ਸਹੇਲੀਆਂ ਨਾਲ ਬਹਿ ਕੇ ਟੀਕਾ ਲਾਉਂਦੀ ਹੁੰਦੀ ਸੀ। ਉਸ ਦੀਆਂ ਸਹੇਲੀਆਂ ਨੂੰ ਇੱਕ ਏਜੰਟ



# ਕੁੜੀਆਂ 'ਚ ਵੱਧ ਰਿਹਾ ਨਸ਼ੇ ਦਾ ਰੁਝਾਨ

ਹੈਰੋਇਨ ਮੁਹੱਈਆ ਕਰਵਾ ਰਿਹਾ ਸੀ। ਉੱਥੋਂ ਹੀ ਪਤਾ ਲੱਗਿਆ ਕਿ ਅਜਿਹੀਆਂ ਕੁੜੀਆਂ ਦੇ ਢੇਰਾਂ ਦੇ ਢੇਰ ਗਰੁੱਪ ਹਨ ਜੋ ਕਾਕਟੇਲ ਤੇ ਹੋਰ ਕਈ ਤਰ੍ਹਾਂ ਦੇ ਵੱਖੋ-ਵੱਖ ਨਸ਼ਿਆਂ ਨੂੰ ਅਜ਼ਮਾ ਰਹੀਆਂ ਸਨ ਤੇ ਆਦੀ ਵੀ ਬਣ ਚੁੱਕੀਆਂ ਸਨ। ਕਈ ਘਰਾਂ ਵਿਚ ਭਰਾਵਾਂ ਨੇ ਆਪਣੀਆਂ ਭੈਣਾਂ ਨੂੰ ਲਤ ਲਾਈ ਸੀ ਤੇ ਕਈ ਥਾਈਂ ਮਾਵਾਂ ਨੂੰ ਵੇਖ ਕੇ ਨੌਜਵਾਨ ਬੱਚੀਆਂ ਇਸ ਪਾਸੇ ਧੱਕੀਆਂ ਗਈਆਂ ਸਨ।

ਜਸਮੀਤ ਮੰਨੀ ਕਿ ਪਹਿਲਾਂ ਉਸ ਨੇ ਘਰ ਦੀਆਂ ਚੀਜ਼ਾਂ ਵੇਚੀਆਂ, ਫੇਰ ਸੋਨੇ ਦੀਆਂ ਵਾਲੀਆਂ ਵੇਚੀਆਂ ਤੇ ਫੇਰ ਮਜਬੂਰੀ ਵਿਚ ਉਨ੍ਹਾਂ ਘਰਾਂ ਵਿਚ ਚੋਰੀ ਕਰਨ ਲੱਗੀ ਜਿੱਥੇ ਉਹ ਕੰਮ ਕਰਦੀ ਸੀ।

ਫੇਰ ਉਸ ਦੀ ਧੀ ਦਾ ਵਿਆਹ ਹੋ ਗਿਆ ਪਰ ਰੀਹੈਬਿਲੀਟੇਸ਼ਨ ਸੈਂਟਰ ਵਿੱਚੋਂ ਲਈ ਮੈਥਾਡੋਨ ਵੀ ਉਸ ਦੀ ਆਦਤ ਛੁਡਾ ਨਾ ਸਕੀ। ਅਖ਼ੀਰ ਅੱਗੋਂ ਉਸ ਦਾ ਬੇਟਾ ਵੀ ਜੰਮ ਪਿਆ। ਫੇਰ ਪਤੀ ਨੂੰ ਵੀ ਲਤ ਲਾ ਦਿੱਤੀ ਤੇ ਉਹ ਦੋਵੇਂ ਵੀ ਆਪਣੇ 18 ਮਹੀਨੇ ਦੇ ਬੱਚੇ ਨੂੰ ਲੈ ਕੇ ਹਸਪਤਾਲ ਨਸ਼ਾ ਛੁਡਾਉਣ ਆਉਣ ਲੱਗ ਪਏ।

ਯਾਨੀ ਨਾਨਾ ਨਾਨੀ ਦੀ ਆਪਣੇ ਦੋਹਤਰੇ ਨਾਲ ਮੁਲਾਕਾਤ ਨਸ਼ਾ ਛੁਡਾਊ ਕੇਂਦਰ ਵਿਚ ਹੀ ਹੋਣ ਲੱਗ ਪਈ।

ਇਸ ਤਰ੍ਹਾਂ ਦੀ ਕੋਈ ਇੱਕ ਟੱਬਰ ਦੀ ਕਹਾਣੀ ਨਹੀਂ ਹੈ। ਕੁੜੀਆਂ ਦੀ ਵਧਦੀ ਜਾਂਦੀ ਗਿਣਤੀ ਸਦਕਾ ਹੀ ਕਪੂਰਥਲੇ ਕੁੜੀਆਂ ਲਈ ਵੱਖ ਨਸ਼ਾ ਛੁਡਾਊ ਕੇਂਦਰ ਖੋਲ੍ਹਣਾ ਪਿਆ ਹੈ। ਇਸ ਤੋਂ ਇਲਾਵਾ 31 ਹੋਰ ਸਰਕਾਰੀ ਕੇਂਦਰਾਂ ਵਿਚ ਨਸ਼ਾ ਛੁਡਾਉਣ ਦਾ ਕੰਮ ਜਾਰੀ ਹੈ।

ਡਾ. ਸੰਦੀਪ ਭੋਲਾ, ਜੋ ਕਪੂਰਥਲੇ ਸੈਂਟਰ ਦੇ ਇੰਚਾਰਜ ਸਨ, ਨੇ ਮੰਨਿਆ ਕਿ ਕੁੱਝ ਸਰਕਾਰੀ ਸਕੂਲਾਂ ਦੀਆਂ ਅਧਿਆਪਿਕਾਵਾਂ ਵੀ ਨਸ਼ਿਆਂ ਦੀ ਆਦੀ ਹੋ ਚੁੱਕੀਆਂ ਹਨ ਤੇ ਅੱਗੋਂ ਉਨ੍ਹਾਂ ਦੀਆਂ ਕਈ ਸਹੇਲੀਆਂ ਵੀ ਇਸ ਪਾਸੇ ਪੈ ਚੁੱਕੀਆਂ ਹਨ। ਇਨ੍ਹਾਂ ਵਿੱਚੋਂ ਹੀ ਕਈ ਪੈਸੇ ਕਮਾਉਣ ਦੇ ਚੱਕਰ ਵਿਚ ਆਪ ਵੀ ਨਸ਼ਾ ਵੰਡਣ ਦੇ ਕਾਰੋਬਾਰ ਵਿੱਚ ਲੱਗ ਗਈਆਂ ਹਨ।

ਨਸ਼ਾ ਤਸਕਰਾਂ ਨੂੰ ਵੀ ਨਾਬਾਲਗ ਬੱਚੀਆਂ ਰਾਹੀਂ ਨਸ਼ਾ ਅਗਾਂਹ ਤੋਰਨਾ ਆਸਾਨ ਲੱਗਦਾ ਹੈ। ਇਸੇ ਲਈ ਉਨ੍ਹਾਂ ਨੂੰ ਰਤਾ ਕੁ ਚਟਾ ਕੇ ਬਿਨਾਂ ਕੋਈ ਪੈਸਾ ਧੇਲਾ ਦਿੱਤਿਆਂ ਆਪਣੇ ਕੰਮ ਨੂੰ ਵਧੀਆ ਤਰੀਕੇ ਤੋਰੀ ਜਾ ਰਹੇ ਹਨ। ਆਦੀ ਹੋਈਆਂ ਬੱਚੀਆਂ, ਆਪਣੀ 'ਡੋਜ਼' ਵਾਸਤੇ ਸਭ ਕੁੱਝ ਕਰਨ ਨੂੰ ਤਿਆਰ ਹੋ ਜਾਂਦੀਆਂ ਹਨ।

ਇਸ ਵੇਲੇ ਡਾਕਟਰਾਂ, ਪੁਲਿਸ ਕਰਮੀਆਂ ਤੇ ਸਰਕਾਰ ਲਈ ਸਿਰਦਰਦੀ ਬਣਿਆ ਨਸ਼ੇ ਦਾ ਵਪਾਰ ਨਾਬਾਲਗ ਬੱਚੀਆਂ ਰਾਹੀਂ ਪ੍ਰਫੁੱਲਿਤ ਹੋ ਰਿਹਾ ਹੈ ਜਿਨ੍ਹਾਂ ਦੀ ਗਿਣਤੀ ਦਾ ਅੰਦਾਜ਼ਾ ਹੀ ਨਹੀਂ ਲੱਗ ਰਿਹਾ ਕਿਉਂਕਿ ਵੱਡੀ ਗਿਣਤੀ ਮਾਪੇ ਸਮਾਜਿਕ ਸ਼ਰਮ ਸਦਕਾ ਇਹ ਗੱਲ ਬਾਹਰ ਕੱਢਦੇ ਹੀ ਨਹੀਂ ਤੇ ਨਾ ਹੀ ਇਲਾਜ ਕਰਵਾਉਣ ਲਈ ਬਾਹਰ ਨਿਕਲਦੇ ਹਨ।

ਕੁੱਝ ਔਰਤਾਂ, ਜੋ ਖਾਣਾ ਬਣਾਉਣ ਦਾ ਕੰਮ ਕਰਦੀਆਂ ਹਨ ਤੇ ਆਪ ਆਦੀ ਵੀ ਹੋ ਚੁੱਕੀਆਂ ਹਨ, ਉਨ੍ਹਾਂ ਰਾਹੀਂ ਖਾਣ ਦੇ ਸਮਾਨ ਵਿਚ ਰਤਾ ਕੁ ਨਸ਼ਾ ਪੁਆ ਕੇ ਅਨੇਕ ਟੱਬਰਾਂ ਦੇ ਟੱਬਰ ਨਸ਼ੇ ਦੇ ਅਸਰ ਹੇਠ ਲਿਆਏ ਜਾ ਰਹੇ ਹਨ।

ਸੰਗੀਤਾ, ਜਿਸ ਦਾ ਪਤੀ ਟਰੱਕ ਡਰਾਈਵਰ ਹੈ, ਨੇ ਮੰਨਿਆ ਕਿ ਕਈ ਘਰਾਂ ਵਿਚ ਕੰਮ ਕਰਦਿਆਂ ਉਹ ਬਹੁਤ ਥੱਕ ਜਾਂਦੀ ਸੀ। ਫੇਰ ਉਸ ਦੀ ਧੀ ਨੇ ਹੀ ਉਸ ਨੂੰ ਇਕ ਦਿਨ ਹੈਰੋਇਨ ਦਾ ਟੀਕਾ ਲਾਇਆ ਤਾਂ ਉਸ ਨੂੰ ਚੰਗਾ ਮਹਿਸੂਸ ਹੋਇਆ। ਉਸ ਤੋਂ ਬਾਅਦ ਆਦਤ ਹੀ ਹੋ ਗਈ। ਘਰ ਜਦ ਕੁੱਝ ਨਾ ਬਚਿਆ ਤਾਂ ਨਸ਼ੇ ਦੇ ਵਪਾਰੀਆਂ ਵੱਲੋਂ ਜਬਰੀ ਜਿਸਮਾਨੀ ਸੰਬੰਧ ਬਣਾਉਣ 'ਤੇ ਜ਼ੋਰ ਪਾਇਆ ਗਿਆ। ਹੋਰ ਕੋਈ ਰਾਹ ਨਾ ਲੱਭਣ ਉੱਤੇ ਉਸ ਨੇ ਨਸ਼ੇ ਦੇ ਵਪਾਰੀਆਂ ਕੋਲੋਂ ਟੀਕਾ ਲੈਣ ਲਈ ਉਨ੍ਹਾਂ ਨਾਲ ਜਿਸਮਾਨੀ ਸੰਬੰਧ ਬਣਾਉਣੇ ਸ਼ੁਰੂ ਕਰ ਦਿੱਤੇ। ਤਿੰਨ ਕੁੜੀਆਂ ਤੇ ਇੱਕ ਮੁੰਡੇ ਦੀ ਮਾਂ ਸੰਗੀਤਾ ਹੁਣ ਨਸ਼ਾ ਛੁਡਾਊ ਕੇਂਦਰ ਦੇ ਗੇੜੇ ਕੱਢ ਰਹੀ ਹੈ। ਉਸ ਮੰਨਿਆ ਕਿ ਵੱਡੇ ਘਰਾਂ ਦੀਆਂ ਢੇਰਾਂ ਦੀਆਂ ਢੇਰ ਕੁੜੀਆਂ ਇਸ ਪਾਸੇ ਵੱਲ ਧੱਕੀਆਂ ਜਾ ਚੁੱਕੀਆਂ ਹਨ ਪਰ ਉਹ ਰੈਗੂਲਰ ਇਲਾਜ ਵਾਸਤੇ ਆ ਨਹੀਂ ਰਹੀਆਂ ਕਿਉਂਕਿ ਉਨ੍ਹਾਂ ਦੇ ਟੱਬਰਾਂ ਦੀ ਸਾਖ ਖ਼ਰਾਬ ਹੋਣ ਦਾ ਡਰ ਹੈ। ਇੰਜ ਹੀ ਮੱਧ ਵਰਗੀ ਟੱਬਰਾਂ ਦੀਆਂ ਬਥੇਰੀਆਂ ਧੀਆਂ ਸ਼ੌਕੀਆ ਇਸ ਪਾਸੇ ਵੱਲ ਤੁਰੀਆਂ ਹੁਣ ਪੱਕੀ ਲਤ ਲਾ ਚੁੱਕੀਆਂ ਹਨ। ਕਈ ਤਾਂ ਏਨੇ ਵੱਖੋ-ਵੱਖ ਤਰ੍ਹਾਂ ਦੇ ਨਸ਼ੇ ਵਰਤ ਰਹੀਆਂ ਹਨ ਕਿ ਉਨ੍ਹਾਂ ਨੂੰ ਦਾਖ਼ਲ ਵੀ ਕਰਵਾਉਣਾ ਪਿਆ ਹੈ। ਇਹ ਸਾਰੀ ਜਾਣਕਾਰੀ ਗੁਪਤ ਰੱਖੀ ਗਈ ਹੈ ਕਿਉਂਕਿ ਮਾਪੇ ਇਸ ਬਾਰੇ ਚੁੱਪ ਧਾਰੀ ਬੈਠੇ ਹਨ ਕਿ ਜੇ ਰਤਾ ਵੀ ਬਾਹਰ ਖ਼ਬਰ ਨਿਕਲੀ ਤਾਂ ਉਹ ਇਲਾਜ ਕਰਵਾਉਣੋਂ ਹਟ ਜਾਣਗੇ।

ਰਿੰਪੀ ਤੇ ਸ਼ਮਿੰਦਰ (ਨਾਂ ਬਦਲੇ ਹੋਏ) ਵੀ ਮੰਨੀਆਂ ਕਿ ਉਨ੍ਹਾਂ ਨੂੰ ਨਸ਼ੇ ਦੀ ਲੱਤ ਲੱਗਣ ਬਾਅਦ ਜਦੋਂ ਪੈਸੇ ਦੀ ਕਿੱਲਤ ਹੋਈ ਤਾਂ ਉਨ੍ਹਾਂ ਨੂੰ ਹੈਰੋਇਨ ਲੈਣ ਬਦਲੇ ਨਸ਼ੇ ਦੇ ਵਪਾਰੀਆਂ ਨਾਲ ਸਰੀਰਕ ਸੰਬੰਧ ਬਣਾਉਣੇ ਪਏ ਜੋ ਹੋਰ ਵੀ ਬਥੇਰੀਆਂ ਨਾਬਾਲਗ ਬੱਚੀਆਂ ਨੂੰ ਸ਼ਿਕਾਰ ਬਣਾ ਰਹੇ ਹਨ।

ਮਨਪ੍ਰੀਤ, ਜੋ ਕਾਲਜ ਦੀ ਵਿਦਿਆਰਥਣ ਹੈ ਨੇ ਵੀ ਸਪਸ਼ਟ ਕਰ ਦਿੱਤਾ ਹੈ ਕਿ ਸਕੂਲਾਂ ਕਾਲਜਾਂ ਦੀਆਂ ਅਨੇਕ ਵਿਦਿਆਰਥਣਾਂ ਜੋ ਵੱਡੇ ਛੋਟੇ ਘਰਾਂ ਵਿੱਚੋਂ ਹਨ, ਛੋਟੇ ਮੋਟੇ ਨਸ਼ੇ ਤੋਂ ਸ਼ੁਰੂ ਹੋ ਕੇ ਹੁਣ ਹੈਰੋਇਨ ਦੀਆਂ ਆਦੀ ਬਣ ਚੁੱਕੀਆਂ ਹਨ। ਅਫ਼ਸੋਸ ਇਹ ਹੈ ਕਿ ਉਸ ਨਾਲ ਦੀਆਂ ਬਹੁਤ ਥੋੜ੍ਹੀਆਂ ਬੱਚੀਆਂ ਨਸ਼ਾ ਛੁਡਾਉਣ ਲਈ ਲਿਆਈਆਂ ਗਈਆਂ ਹਨ। ਬਾਕੀਆਂ ਦਾ ਇਲਾਜ ਵੀ ਨਹੀਂ ਕਰਵਾਇਆ ਜਾ ਰਿਹਾ। ਜਦੋਂ ਜਿਸਮਾਨੀ ਸ਼ੋਸ਼ਣ ਬਾਰੇ ਪੁੱਛਿਆ ਗਿਆ ਤਾਂ ਅੱਖਾਂ ਨੀਵੀਆਂ ਪਾ ਕੇ ਉਹ ਬੋਲੀ, ਜਦੋਂ ਪੈਸਾ ਕਿਤੋਂ ਮਿਲਣਾ ਹੀ ਨਹੀਂ ਤਾਂ ਹੋਰ ਰਾਹ ਕਿਹੜਾ ਬਚਦਾ ਹੈ? ਮਨਪ੍ਰੀਤ ਨੂੰ ਇਸ ਪਾਸੇ ਉਸ ਦੇ ਕਾਲਜ ਦੇ ਦੋਸਤ ਨੇ ਤੋਰਿਆ ਸੀ, ਜੋ ਆਪਣੇ ਹਾਣੀਆਂ ਨਾਲ ਪਹਿਲਾਂ ਤੋਂ ਹੀ ਨਸ਼ੇ ਦਾ ਵਪਾਰ ਵੀ ਕਰ ਰਿਹਾ ਸੀ ਤੇ ਆਪ ਵੀ ਵਰਤ ਰਿਹਾ ਸੀ।

ਪੁੱਛੇ ਜਾਣ ਉੱਤੇ ਮਨਪ੍ਰੀਤ ਨੇ ਦੱਸਿਆ ਕਿ ਹੁਣ ਤਾਂ ਉਹ ਗਿਣਤੀ ਵੀ ਨਹੀਂ ਕਰ ਸਕਦੀ ਕਿ ਸਿਰਫ਼ ਹੈਰੋਇਨ ਦੀ ਤੋੜ ਪੂਰੀ ਕਰਨ ਲਈ ਕਿੰਨੇ ਵੱਖੋ-ਵੱਖ ਜਣਿਆਂ ਨੇ ਉਸ ਦਾ ਸਰੀਰਕ ਸ਼ੋਸ਼ਣ ਕੀਤਾ ਹੈ।

ਨਸ਼ਾ ਲੈਣਾ ਕਿੰਨਾ ਸੌਖਾ ਹੈ, ਇਹ ਵੀ ਉਸ ਦੱਸਿਆ ਕਿ ਸਿਰਫ਼ ਇੱਕ 'ਮਿੱਸਡ ਕਾਲ' ਮਾਰਨ ਨਾਲ ਹੀ ਅੱਧੇ ਘੰਟੇ ਦੇ ਅੰਦਰ-ਅੰਦਰ ਉਸ ਦੇ ਘਰ ਦੇ ਦਰਵਾਜ਼ੇ ਬਾਹਰ ਕੋਈ ਕੁੜੀ ਜਾਂ ਕੋਰੀਅਰ ਦੀ ਸ਼ਕਲ ਵਿਚ ਮੁੰਡਾ 'ਡੋਜ਼' ਪਹੁੰਚਾ ਜਾਂਦਾ ਹੈ।

ਪੀ.ਜੀ.ਆਈ. ਚੰਡੀਗੜ੍ਹ ਨੇ ਸੰਨ 2018 ਮਾਰਚ ਵਿਚ 'ਏਸ਼ੀਅਨ ਜਰਨਲ ਔਫ਼ ਸਾਈਕੈਟਰੀ' ਵਿਚ ਛਾਪਿਆ ਸੀ ਕਿ ਪੰਜਾਬ ਅੰਦਰ 4.1 ਮਿਲੀਅਨ ਤੋਂ ਵੱਧ ਲੋਕਾਂ ਨੇ ਨਸ਼ਾ ਵਰਤਿਆ ਹੈ। ਇਨ੍ਹਾਂ ਵਿੱਚੋਂ 4 ਮਿਲੀਅਨ ਮੁੰਡੇ ਹਨ ਤੇ 0.1 ਮਿਲੀਅਨ ਕੁੜੀਆਂ। ਇਨ੍ਹਾਂ ਵਿੱਚੋਂ 3.1 ਮਿਲੀਅਨ ਮਰਦ ਤੇ 0.1 ਮਿਲੀਅਨ ਔਰਤਾਂ ਨਸ਼ੇ ਦੇ ਪੱਕੇ ਆਦੀ ਬਣ ਚੁੱਕੇ ਹੋਏ ਹਨ। ਸ਼ਰਾਬ, ਸਿਗਰਟ ਤੋਂ ਲੈ ਕੇ ਭੰਗ, ਅਫ਼ੀਮ, ਹੈਰੋਇਨ, ਸਮੈਕ, ਕੋਕੀਨ, ਆਦਿ ਸਭ ਕੁੱਝ ਵਰਤਿਆ ਜਾ ਰਿਹਾ ਹੈ। ਖੋਜ ਪੱਤਰ ਵਿਚ ਸ਼ਾਮਲ 2 ਲੱਖ 2 ਹਜ਼ਾਰ ਅੱਠ ਸੌ ਸਤਾਰਾਂ ਬੰਦੇ ਤੇ 10,658 ਔਰਤਾਂ ਉਮਰ ਭਰ ਲਈ ਆਦੀ ਬਣ ਚੁੱਕੇ ਹੋਏ ਸਨ ਜਿਨ੍ਹਾਂ ਦਾ ਇਲਾਜ ਸੰਭਵ ਹੀ ਨਹੀਂ ਸੀ।

ਉਸ ਖੋਜ ਪੱਤਰ ਵਿਚ ਜੋ ਚੇਤਾਵਨੀ ਲਿਖੀ ਸੀ, ਉਹ ਸੀ :- 1,56,942 (ਇੱਕ ਲੱਖ ਛਪੰਜਾ ਹਜ਼ਾਰ ਨੌਂ ਸੌ ਬਤਾਲੀ) ਮੁੰਡੇ ਬਿਨਾਂ ਨਸ਼ੇ ਦੇ ਇਕ ਦਿਨ ਵੀ ਨਹੀਂ ਕੱਢ ਰਹੇ ਜਦਕਿ ਬਾਕੀ ਨਸ਼ਾ ਛਡਾਉਣ ਲਈ ਤਿਆਰ ਹਨ। ਪਰ ਕੁੜੀਆਂ, ਵਿੱਚੋਂ ਇਕ ਵੀ ਨਸ਼ਾ ਛੱਡਣ ਨੂੰ ਤਿਆਰ ਨਹੀਂ ਤੇ ਸਾਰੀਆਂ 10,658 ਹੀ ਰੋਜ਼ ਦੀ 'ਡੋਜ਼' ਲੈਣ ਤੋਂ ਬਗ਼ੈਰ ਇੱਕ ਦਿਨ ਵੀ ਨਹੀਂ ਲੰਘਾ ਸਕ ਰਹੀਆਂ। ਇਸ ਦਾ ਮਤਲਬ ਇਹ ਹੋਇਆ ਕਿ 'ਆਦੀ' ਹੋਣ ਵਿਚ ਕੁੜੀਆਂ ਦੀ ਗਿਣਤੀ ਵੱਧ ਹੈ ਜਿਨ੍ਹਾਂ ਨੇ ਇਹ ਆਦਤ ਕਦੇ ਵੀ ਨਹੀਂ ਛੱਡਣੀ। ਸਮਾਜ ਨੂੰ ਭਿਆਨਕ ਨਤੀਜਿਆਂ ਲਈ ਤਿਆਰੀ ਕੱਸ ਲੈਣੀ ਚਾਹੀਦੀ ਹੈ, ਪੀ.ਜੀ.ਆਈ. ਚੰਡੀਗੜ੍ਹ ਦੇ ਸਾਈਕੈਟਰੀ ਵਿਭਾਗ ਦੇ ਡਾ. ਸੁਬੋਧ ਨੇ ਸਪਸ਼ਟ ਕਰ ਦਿੱਤਾ ਹੈ।

ਡਾ. ਸੁਬੋਧ ਨੇ ਇਹ ਵੀ ਕਿਹਾ ਹੈ ਕਿ ਅਸਲ ਗਿਣਤੀ ਤਾਂ ਇਸ ਤੋਂ ਸ਼ਾਇਦ ਦੁਗਣੀ, ਤਿਗਣੀ ਜਾਂ ਚੌਗੁਣੀ ਵੀ ਹੋ ਸਕਦੀ ਹੈ ਕਿਉਂਕਿ ਮਾਪੇ ਆਪਣੀਆਂ ਕੁੜੀਆਂ ਬਾਰੇ ਗੱਲ ਵੀ ਕਰਨ ਨੂੰ ਤਿਆਰ ਨਹੀਂ, ਇਲਾਜ ਤਾਂ ਦੂਰ ਦੀ ਗੱਲ ਹੈ।

ਪੀ.ਜੀ.ਆਈ. ਵੱਲੋਂ ਇਹ ਵੀ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਅਨੇਕ ਬੱਚੀਆਂ ਤੇ ਔਰਤਾਂ ਇਸ ਕਰਕੇ ਅੱਧਾ ਇਲਾਜ ਛੱਡ ਕੇ ਤੁਰ ਜਾਂਦੀਆਂ ਹਨ ਕਿਉਂਕਿ ਪਿੰਡਾਂ ਵਿਚ ਤੇ ਮੁਹੱਲਿਆਂ ਵਿਚ ਉਨ੍ਹਾਂ ਦੀ ਮਦਦ ਕਰਨ ਦੀ ਥਾਂ ਉਨ੍ਹਾਂ ਨੂੰ ਮਜ਼ਾਕ ਦਾ ਪਾਤਰ ਬਣਾ ਦਿੱਤਾ ਜਾਂਦਾ ਹੈ। ਪੂਰੇ ਟੱਬਰ ਨੂੰ ਹੀ ਮਿਹਣੇ ਸੁਣਨੇ ਪੈਂਦੇ ਹਨ।

ਦੀ ਘੰਟੀ :- (ਅਮਰੀਕਨ ਅਕੈਡਮੀ ਵੱਲੋਂ ਜਾਰੀ ਕੀਤੀ ਹੋਈ)

1. ਨਸ਼ੇ ਦੇ ਆਦੀ ਮਾਪਿਆਂ ਦੇ ਬੱਚੇ ਮਾਰ ਕੁਟਾਈ, ਗਾਲ੍ਹਾਂ ਦੇ ਸ਼ਿਕਾਰ ਤਾਂ ਹੁੰਦੇ ਹੀ ਹਨ ਪਰ ਮਾਨਸਿਕ ਪਰੇਸ਼ਨੀ ਸਹੇੜ ਕੇ ਆਪ ਵੀ ਹੌਲੀ-ਹੌਲੀ ਸ਼ਾਂਤ ਹੋਣ ਲਈ ਨਸ਼ੇ ਦਾ ਸਹਾਰਾ ਲੈਣ ਲੱਗ ਪੈਂਦੇ ਹਨ। ਇਹ ਬੱਚੇ ਵੱਡੇ ਹੋ ਕੇ ਅੱਗੋਂ ਕਤਲ, ਖ਼ੁਦਕੁਸ਼ੀ, ਚੋਰੀ, ਡਾਕੇ ਆਦਿ ਦੇ ਨਾਲ-ਨਾਲ ਆਪ ਵੀ ਘਰੇਲੂ ਹਿੰਸਾ ਕਰਨ ਲੱਗ ਪੈਂਦੇ ਹਨ ਤੇ ਵਧੀਆ ਵਿਆਹੁਤਾ ਰਿਸ਼ਤੇ ਨਹੀਂ ਗੰਢ ਸਕਦੇ।

2. ਨਸ਼ੇ ਦੇ ਆਦੀ ਮਾਪਿਆਂ ਦੇ ਬੱਚਿਆਂ ਵਿੱਚੋਂ ਵੱਡੇ ਹੋ ਕੇ ਬਹੁਤ ਸਾਰੇ ਨੌਜਵਾਨ ਬੱਚੇ ਨਾਬਾਲਗ ਬੱਚੀਆਂ ਦਾ ਬਲਾਤਕਾਰ ਕਰ ਕੇ ਤਸੱਲੀ ਮਹਿਸੂਸ ਕਰਦੇ ਹਨ।

3. ਅਜਿਹੇ ਘਰਾਂ ਦੇ ਬੱਚੇ ਵੱਖੋ-ਵੱਖ ਤਰ੍ਹਾਂ ਦੇ ਮਾਨਸਿਕ ਰੋਗਾਂ ਦਾ ਸ਼ਿਕਾਰ ਬਣ ਜਾਂਦੇ ਹਨ ਜਿਨ੍ਹਾਂ ਵਿੱਚ ਢਹਿੰਦੀ ਕਲਾ, ਘਬਰਾਹਟ, ਨੀਂਦਰ ਠੀਕ ਨਾ ਆਉਣੀ, ਖ਼ੁਦਕੁਸ਼ੀ ਤੋਂ ਲੈ ਕੇ ਖਾਣ ਪੀਣ ਵਿਚ ਦਿੱਕਤ ਆਉਣੀ ਵੇਖੇ ਗਏ ਹਨ।

4. ਕਈ 'ਸੀਰੀਅਲ ਕਿੱਲਰ' ਵੀ ਅਜਿਹੇ ਘਰਾਂ ਵਿੱਚੋਂ ਹੀ ਨਿਕਲਦੇ ਹਨ।

5. ਮਿਰਗੇਨ, ਅੰਤੜੀਆਂ ਦੇ ਰੋਗ, ਦੱਬੂ, ਧਿਆਨ ਨਾ ਲਾ ਸਕਣਾ, ਪੜ੍ਹਾਈ ਵਿਚ ਪੱਛੜਨਾ, ਯਾਦਾਸ਼ਤ, ਘਟਣੀ, ਆਦਿ ਵਰਗੇ ਰੋਗ ਵੀ ਇਨ੍ਹਾਂ ਘਰਾਂ ਦੇ ਬੱਚਿਆਂ ਵਿਚ ਵੇਖੇ ਗਏ ਹਨ।

6. ਕਿਸੇ 'ਤੇ ਯਕੀਨ ਨਾ ਕਰ ਸਕਣਾ, ਦੂਜੇ ਦੀ ਇੱਜ਼ਤ ਨਾ ਕਰਨੀ, ਡਰਨਾ, ਤ੍ਰਭਕਣਾ ਆਦਿ ਵੀ ਹੋ ਸਕਦੇ ਹਨ।

7. ਸਭ ਤੋਂ ਖ਼ਤਰਨਾਕ ਗੱਲ ਇਹ ਹੈ ਕਿ ਅਜਿਹੇ ਘਰਾਂ ਦੇ ਬੱਚਿਆਂ ਵਿਚ ਨਸ਼ੇ ਵਲ ਜਾਣ ਦਾ ਰੁਝਾਨ ਬਾਕੀਆਂ ਨਾਲੋਂ ਤਿੰਨ ਗੁਣਾ ਵੱਧ ਹੁੰਦਾ ਹੈ।

8. ਅਮਰੀਕਨ ਅਕੈਡਮੀ ਔਫ ਪੀਡੀਐਟਰਿਕਸ ਨੇ ਸਪਸ਼ਟ ਕਰ ਦਿੱਤਾ ਹੈ ਕਿ ਜਿਹੜੀਆਂ ਮਾਵਾਂ ਨਸ਼ੇ ਕਰਦੀਆਂ ਹੋਣ, ਉਨ੍ਹਾਂ ਦੇ ਬੱਚਿਆਂ ਵਿਚ :-


× ਔਟਿਜ਼ਮ
× ਦਿਮਾਗੀ ਨੁਕਸ
× ਭਾਰ ਘੱਟ ਰਹਿ ਜਾਣਾ
× ਧਿਆਨ ਨਾ ਲਾ ਸਕਣਾ
× ਜਮਾਂਦਰੂ ਨੁਕਸ ਹੋਣੇ
× ਭਰੂਣ ਦੀ ਮੌਤ ਹੋ ਜਾਣੀ, ਆਦਿ ਹੋਣ ਦਾ ਖ਼ਤਰਾ ਬਹੁਤ ਵੱਧ ਹੁੰਦਾ ਹੈ।

ਕੀ ਇਹ ਸਭ ਜਾਣ ਲੈਣ ਬਾਅਦ ਹੁਣ ਕੋਈ ਜਾਗਣ ਨੂੰ ਤਿਆਰ ਹੈ? ਪੰਜਾਬ ਨੂੰ ਪਿਆਰ ਕਰਨ ਵਾਲੇ ਸੌਖਿਆਂ ਸਮਝ ਸਕਦੇ ਹਨ ਕਿ ਨਸ਼ਿਆਂ ਦੀ ਦਲਦਲ ਵਿਚ ਫਸ ਚੁੱਕੇ ਨੌਜਵਾਨ ਮੁੰਡੇ ਕੁੜੀਆਂ ਪੰਜਾਬ ਨੂੰ ਮੋਹਿੰਜੋਦੜੋ ਵਿਚ ਤਬਦੀਲ ਕਰਨ ਲਈ ਤਿਆਰ-ਬਰ-ਤਿਆਰ ਹੋ ਚੁੱਕੇ ਹਨ।

ਹਾਲੇ ਵੀ ਵੇਲਾ ਹੈ। ਪਹਿਲਾਂ ਮੰਨੀਏ ਕਿ ਨਸ਼ਾ ਹੈ! ਫੇਰ ਹੀ ਰੋਕਣ ਲਈ ਕਦਮ ਪੁੱਟੇ ਜਾ ਸਕਦੇ ਹਨ। ਜਾਗ੍ਰਿਤੀ ਦੀ ਤਗੜੀ ਲਹਿਰ, ਖੇਡਾਂ ਵੱਲ ਰੁਝਾਨ ਤੇ ਵਧੀਆ ਨਸ਼ਾ ਛੁਡਾਊ ਕੇਂਦਰਾਂ ਬਾਰੇ ਅੱਜ ਤੋਂ ਹੀ ਕੰਮ ਕਰਨ ਦੀ ਲੋੜ ਹੈ। ਜੇ ਸਰਕਾਰਾਂ ਫੇਲ੍ਹ ਹੋ ਰਹੀਆਂ ਹਨ ਤਾਂ ਲੋਕ ਹੀ ਆਪੋ ਆਪਣੇ ਪਿੰਡਾਂ ਅੰਦਰ ਅਜਿਹੇ ਜਵਾਨੀ ਨੂੰ ਚੱਬ ਜਾਣ ਵਾਲੇ ਡਾਕੂਆਂ ਤੋਂ ਬਚਾਉਣ ਲਈ ਪਿੰਡਾਂ ਵਿਚ ਨਸ਼ਾ ਛੁਡਾਊ ਕਲੱਬ ਬਣਾ ਕੇ ਪਹਿਰਾ ਦੇਣ ਦੀ ਡਿਊਟੀ ਸੰਭਾਲ ਲੈਣ ਤਾਂ ਯਕੀਨਨ ਕੁੱਝ ਵਧੀਆ ਨਤੀਜਿਆਂ ਦੀ ਉਮੀਦ ਰੱਖੀ ਜਾ ਸਕਦੀ ਹੈ। ਆਮ ਲੋਕਾਂ ਅੱਗੇ ਬੇਨਤੀ ਹੈ ਕਿ ਨਸ਼ੇ ਦੇ ਆਦੀ ਨੂੰ ਤਮਾਸ਼ਾ ਬਣਾਉਣ ਦੀ ਥਾਂ ਰੋਗੀ ਮੰਨ ਕੇ, ਸ਼ਹਿਨਸ਼ੀਲਤਾ ਨਾਲ ਪੇਸ਼ ਆ ਕੇ ਉਸ ਦਾ ਇਲਾਜ ਕਰਵਾਉਣ ਲਈ ਹਸਪਤਾਲ ਦਾਖ਼ਲ ਕਰਵਾਇਆ ਜਾਵੇ ਤਾਂ ਚੰਗੇ ਸ਼ਹਿਰੀ ਹੋਣ ਦਾ ਸਬੂਤ ਦਿੱਤਾ ਜਾ ਸਕਦਾ ਹੈ ਤੇ ਪੰਜਾਬ ਨੂੰ ਵੀ ਸਿਹਤਮੰਦ ਰੱਖਿਆ ਜਾ ਸਕਦਾ ਹੈ! ਚਲੋ ਰਲ ਮਿਲ ਹੰਭਲਾ ਮਾਰੀਏ ਤੇ ਘਰਾਂ ਵਿਚ ਹੋਰ ਸੱਥਰ ਵਿਛ ਜਾਣ ਤੋਂ ਬਚਾਓ ਕਰ ਲਈਏ! ਆਮੀਨ!!

**ਡਾ. ਹਰਸ਼ਿੰਦਰ ਕੌਰ**

NYC | CENSUS 2020




# Live in the basement? Yes, the census is for you.

Your answers cannot be shared with your landlord, ICE, or any law enforcement agency.

You don't need a paper form.

My2020census.gov 1-844-330-2020

# ਭਾਰਤੀ ਸਿਆਸਤਦਾਨਾਂ ਦੇ ਇਸ਼ਕ ਦੇ ਚਰਚੇ ਅਤੇ ਦਿਲਚਸਪ ਕਿੱਸੇ

**ਸੋਨੀਆ ਗਾਂਧੀ ਖੁਦ ਕਹਿੰਦੇ ਹਨ ਕਿ ਉਸ ਨੂੰ ਜਿਸ ਨਜ਼ਰ ਨਾਲ ਰਾਜੀਵ ਨੇ ਦੇਖਿਆ ਸੀ .... ਪਹਿਲੀ ਹੀ ਨਜ਼ਰ 'ਚ ਉਨ੍ਹਾਂ ਨੂੰ ਰਾਜੀਵ ਨਾਲ ਪਿਆਰ ਹੋ ਗਿਆ ਸੀ ਕਿਦਵਈ ਨੇ ਬੀਬੀਸੀ ਨੂੰ ਦੱਸਿਆ ਹੈ, "ਸ਼ੁਰੂ ਵਿਚ ਸੋਨੀਆ ਗਾਂਧੀ ਨੂੰ ਇਹ ਵੀ ਪਤਾ ਨਹੀਂ ਸੀ ਕਿ ਰਾਜੀਵ ਗਾਂਧੀ, ਜਵਾਹਰ ਲਾਲ ਨਹਿਰੂ ਦੇ ਪੋਤੇ ਹਨ। ਉਹ ਪਹਿਲੀ ਵਾਰ ਕੈਂਬ੍ਰਿਜ ਵਿਚ ਇਕ ਗ੍ਰੀਕ ਰੈਸਟੋਰੈਂਟ 'ਵਰਸਿਟੀ' ਵਿੱਚ ਮਿਲੇ ਸੀ। ਉਹ ਆਪਣੀ ਇੱਕ ਦੋਸਤ ਦੇ ਨਾਲ ਬੈਠੀ ਹੋਈ ਸੀ, ਰਾਜੀਵ ਗਾਂਧੀ ਵੀ ਆਪਣੇ ਦੋਸਤਾਂ ਨਾਲ ਸਨ।"**

ਪੰਜਾਬੀ ਦੁਨੀਆ ਬਿਓਰੋ

*********************

ਨਹਿਰੂ ਦੀਆਂ ਐਡਵਿਨਾ ਨੂੰ ਲਿਖੀਆਂ ਚਿੱਠੀਆਂ ਪ੍ਰਕਾਸ਼ਿਤ ਹੋਈਆ ਹਨ ਪਰ ਨਹਿਰੂ ਨੂੰ ਐਡਵਿਨਾ ਦੀਆਂ ਲਿਖੀਆਂ ਚਿੱਠੀਆਂ ਬਾਰੇ ਕੋਈ ਨਹੀਂ ਜਾਣਦਾ ਜਦੋਂ ਮਾਮਲਾ ਨਿੱਜੀ ਜ਼ਿੰਦਗੀ ਨੂੰ ਗੁਪਤ ਰੱਖਣ ਦਾ ਹੁੰਦਾ ਹੈ, ਤਾਂ ਭਾਰਤੀ ਸਿਆਸਤਦਾਨ ਦੁਨੀਆ ਦੇ ਸਭ ਤੋਂ ਵੱਡੇ ਤਾਨਾਸ਼ਾਹਾਂ ਵਿੱਚ ਬਦਲ ਜਾਂਦੇ ਹਨ।

ਉਨ੍ਹਾਂ ਵਿੱਚ ਇੱਕ ਤਰ੍ਹਾਂ ਦਾ ਅਲਿਖ਼ਿਤ ਕਰਾਰ ਜਿਹਾ ਹੁੰਦਾ ਹੈ, ਕਿ ਭਾਵੇਂ ਉਹ ਇਕ ਦੂਜੇ ਦਾ ਕਿੰਨਾ ਵੀ ਸਿਆਸੀ ਵਿਰੋਧ ਕਰਨ ਪਰ ਇਕ-ਦੂਜੇ ਦੇ ਪ੍ਰੇਮ ਸਬੰਧਾਂ, ਵਿਆਹ ਸਬੰਧਾਂ ਜਾਂ ਫਿਰ ਕਿਸੇ ਦੂਜੀ ਔਰਤ ਨਾਲ ਬਣੇ ਸਬੰਧਾਂ ਬਾਰੇ ਜਨਤਕ ਤੌਰ 'ਤੇ ਕੋਈ ਚਰਚਾ ਨਹੀਂ ਕਰਣਗੇ।

ਬਹੁਤ ਥੋੜ੍ਹੇ ਮੌਕਿਆਂ ਨੂੰ ਛੱਡ ਕੇ, ਭਾਰਤੀ ਸਿਆਸਤਦਾਨਾਂ ਨੇ ਇਸ ਸਮਝੌਤੇ ਨੂੰ ਨਿਭਾਇਆ ਵੀ ਹੈ। ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਹਰ ਕੋਈ ਸ਼ੀਸ਼ੇ ਦੇ ਘਰਾਂ ਵਿਚ ਹੀ ਰਹਿ ਰਿਹਾ ਹੈ।


ਉਹ ਕਹਿੰਦੇ ਹਨ, "ਵਿਦੇਸ਼ਾਂ ਵਿੱਚ ਵੀ ਸ਼ੀਸ਼ੇ ਦੇ ਘਰ ਹੁੰਦੇ ਹਨ, ਪਰ ਉੱਥੇ ਤਾਂ ਪੱਥਰ ਸੁੱਟੇ ਜਾਂਦੇ ਹਨ। ਇੱਥੋਂ ਦੀ ਇੱਕ ਪੁਰਾਣੀ ਰੀਤ ਹੈ ਜਿੱਥੇ ਇਹ ਮੰਨ ਕੇ ਚੱਲਿਆ ਜਾਂਦਾ ਹੈ ਕਿ ਰਾਜੇ ਨੂੰ ਕੁਝ ਚੀਜ਼ਾਂ ਅਧਿਕਾਰ ਵਿੱਚ ਮਿਲੀਆਂ ਹੁੰਦੀਆਂ ਹਨ।"

ਉਹ ਕਹਿੰਦੇ ਹਨ, "ਇਕ ਇਤਾਲਵੀ ਸ਼ਬਦ 'ਔਮਾਰਟਾ' ਜਿਸਦਾ ਮਤਲਬ ਹੈ ਕਿ ਅਪਰਾਧੀਆਂ ਵਿੱਚ ਇੱਕ ਗੁਪਤ ਸਮਝੌਤਾ ਹੁੰਦਾ ਹੈ, ਜਿਸ ਅਨੁਸਾਰ ਅਸੀਂ ਨਾ ਤੁਹਾਡੇ ਬਾਰੇ ਕੁਝ ਦੱਸਾਂਗੇ ਤੇ ਨਾ ਹੀ ਤੁਸੀਂ ਕੁਝ ਸਾਡੇ ਬਾਰੇ ਦੱਸੋਗੇ। ਭਾਰਤੀ ਸਿਆਸਤ ਵਿੱਚ ਵੀ ਕੁਝ ਔਮਾਰਟਾ ਵਰਗਾ ਹੀ ਹੈ। ਜਿਨ੍ਹਾਂ ਗੱਲਾਂ 'ਤੇ ਬਿਲਕੁਲ ਚੁੱਪ ਨਹੀਂ ਹੋਣਾ ਚਾਹੀਦਾ, ਉਨ੍ਹਾਂ ਮਾਮਲਿਆਂ ਵਿਚ ਚੁੱਪੀ ਐਨੀ ਜ਼ਿਆਦਾ ਹੈ।"

**ਗਾਂਧੀ ਦਾ ਬ੍ਰਹਮਚਾਰਿਆ ਪ੍ਰਯੋਗ**

ਮੀਡੀਆ ਅਤੇ ਸਿਆਸਤਦਾਨਾਂ ਵਿਚਕਾਰ ਆਪਣੀ ਨਿੱਜੀ ਜ਼ਿੰਦਗੀ ਬਾਰੇ ਇਕ ਕਿਸਮ ਦਾ ਸਮਾਜਿਕ ਸਮਝੌਤਾ ਹੀ ਲੱਗਦਾ ਹੈ ਕਿ ਇੱਕ ਹੱਦ ਤੋਂ ਬਾਅਦ ਉਨ੍ਹਾਂ 'ਤੇ ਜਨਤਕ ਚਰਚਾ ਜਾਂ ਬਹਿਸ ਤੋਂ ਬਚਿਆ ਜਾਵੇਗਾ।ਗਾਂਧੀ ਦੇ ਇੱਕ ਸਮਰਥਕ ਨੇ ਕਿਤਾਬ ਲਿੱਖੀ ਕਿ ਉਹ ਬ੍ਰਹਮਚਾਰੀ ਦੇ ਪ੍ਰਯੋਗ ਦੌਰਾਨ ਆਪਣੇ ਦੋਵੇਂ ਪਾਸੇ ਨੌਜਵਾਨ ਕੁੜੀਆਂ ਨੂੰ ਸਵਾਉਂਦੇ ਸੀ

ਭ੍ਰਿਸ਼ਟਾਚਾਰ, ਧੋਖਾਧੜੀ ਦੇ ਮੁੱਦੇ ਜਾਂ ਫਿਰ ਭਾਈ-ਭਤੀਜਾਵਾਦ ਦੇ ਮੁੱਦਿਆਂ 'ਤੇ ਭਾਵੇ ਆਮ ਲੋਕ ਜਾਂ ਮੀਡੀਆ ਬਹੁਤ ਸਖ਼ਤ ਹੋਣ ਪਰ ਨਿੱਜੀ ਜ਼ਿੰਦਗੀ ਦੇ ਕਥਿਤ 'ਸਕੈਂਡਲਜ਼' ਨੂੰ ਇਹ ਨਜ਼ਰਅੰਦਾਜ਼ ਹੀ ਕਰਦੇ ਹਨ।



ਟਾਈਮਜ਼ ਆਫ਼ ਇੰਡੀਆ ਦੇ ਸਾਬਕਾ ਸੰਪਾਦਕ ਇੰਦਰ ਮਲਹੋਤਰਾ ਨੇ ਬੀਬੀਸੀ ਨੂੰ ਦੱਸਿਆ ਸੀ, "ਤਮਾਮ ਦੁਨੀਆਂ ਵਿੱਚ ਇਹ ਹੋ ਗਿਆ ਹੈ ਕਿ ਹਰ ਚੀਜ਼ ਖੁੱਲ੍ਹੀ ਹੈ, ਸੋਸ਼ਲ ਮੀਡੀਆ ਵੀ ਹੈ। ਅਖ਼ਬਾਰਾਂ ਵਿੱਚ ਨੇਤਾਵਾਂ ਦੀ ਨਿੱਜੀ ਜ਼ਿੰਦਗੀ ਬਾਰੇ ਕੁਝ ਵੀ ਨਹੀਂ ਛੱਪਦਾ ਸੀ। ਰੇਡੀਓ ਅਤੇ ਟੈਲੀਵਿਜ਼ਨ ਸਰਕਾਰ ਦੇ ਸੀ।"

ਇੰਦਰ ਮਲਹੋਤਰਾ ਨੇ ਕਿਹਾ, "ਹੁਣ ਪੰਡਿਤ ਨਹਿਰੂ ਨੂੰ ਹੀ ਲੈ ਲਵੋ। ਪੂਰੇ ਦੇਸ ਵਿੱਚ ਮੂੰਹ-ਜ਼ੁਬਾਨੀ ਹੀ ਇਹ ਚਰਚਾ ਹੁੰਦੀ ਸੀ ਕਿ ਉਨ੍ਹਾਂ ਦਾ ਲੇਡੀ ਮਾਊਂਟਬੇਟਨ ਨਾਲ ਸਬੰਧ ਹੈ। ਫਿਰ ਇਕ ਸ਼ਾਰਦਾ ਮਾਤਾ ਸੀ ਜਿਨ੍ਹਾਂ ਬਾਰੇ ਵੀ ਉਨ੍ਹਾਂ ਦੀ ਜ਼ਿੰਦਗੀ ਦੌਰਾਨ ਵੀ ਸੁਣਨ 'ਚ ਆਇਆ ਅਤੇ ਉਨ੍ਹਾਂ ਦੀ ਮੌਤ ਤੋਂ ਬਾਅਦ ਉਸ ਉੱਤੇ ਕਿਤਾਬ ਵੀ ਪ੍ਰਕਾਸ਼ਿਤ ਕੀਤੀ ਗਈ।"

"ਉਨ੍ਹਾਂ ਤੋਂ ਪਹਿਲਾਂ ਗਾਂਧੀ ਬਾਰੇ ਵੀ, ਜੋ ਕਦੇ ਕੁਝ ਛੁਪਾਉਂਦੇ ਨਹੀਂ ਸੀ, ਉਹਨਾਂ ਦੇ ਇੱਕ ਸਮਰਥਕ ਨੇ ਕਿਤਾਬ ਲਿੱਖੀ ਕਿ ਉਹ ਬ੍ਰਹਮਚਾਰੀ ਹੋਣ ਦੇ ਪ੍ਰਯੋਗ ਦੌਰਾਨ ਆਪਣੇ ਦੋਵੇਂ ਪਾਸੇ ਨੌਜਵਾਨ ਕੁੜੀਆਂ ਨੂੰ ਸਵਾਉਂਦੇ ਸੀ।"

ਇੰਦਰ ਮਲਹੋਤਰਾ ਦਾ ਕਹਿਣਾ ਹੈ, "ਸੰਭਵ ਹੈ ਕਿ ਨਿਰਮਲ ਕੁਮਾਰ ਬੋਸ ਦੀ ਕਿਤਾਬ ਛੱਪਣ ਤੋਂ ਪਹਿਲਾਂ 60 ਦੇ ਦਹਾਕੇ ਦੌਰਾਨ ਲੋਕਾਂ ਨੂੰ ਗਾਂਧੀ ਦੇ ਸੈਕਸ ਅਤੇ ਬ੍ਰਹਮਚਾਰੀ ਦੇ ਪ੍ਰਯੋਗਾਂ ਬਾਰੇ ਪਤਾ ਵੀ ਨਹੀਂ ਸੀ। ਇਸ ਤੋਂ ਪਹਿਲਾਂ ਇਸ ਵਿਸ਼ੇ 'ਤੇ ਲਿੱਖਣ ਦੀ ਲੋਕ ਕਲਪਨਾ ਵੀ ਨਹੀਂ ਕਰ ਸਕਦੇ ਸਨ।"

ਹਾਲ ਹੀ ਵਿੱਚ ਸੰਸਾਰ ਨੂੰ ਅਲਵਿਦਾ ਕਹਿ ਗਏ ਕੁਲਦੀਪ ਨਈਅਰ ਨੇ ਬੀਬੀਸੀ ਨੂੰ ਨਹਿਰੂ-ਐਡਵੀਨਾ (ਲੇਡੀ ਮਾਊਂਟਬੇਟਨ ਦੇ ਰਿਸ਼ਤੇ) ਬਾਰੇ ਇੱਕ ਦਿਲਚਸਪ ਗੱਲ ਦੱਸੀ ਸੀ ਕਿ ਜਦੋਂ ਉਹ ਬ੍ਰਿਟੇਨ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਸੀ, ਉਸ ਸਮੇਂ ਉਨ੍ਹਾਂ ਨੂੰ ਪਤਾ ਲੱਗਿਆ ਸੀ ਕਿ ਨਹਿਰੂ ਏਅਰ ਇੰਡੀਆ ਦੀ ਫਲਾਈਟ ਜ਼ਰੀਏ ਰੋਜ਼ਾਨਾ ਐਡਵੀਨਾ ਨੂੰ ਚਿੱਠੀ ਭੇਜਦੇ ਸੀ।

ਨਈਅਰ ਨੇ ਦੱਸਿਆ ਸੀ ਕਿ ਨਹਿਰੂ ਏਅਰ ਇੰਡੀਆ ਦੀ ਫਲਾਈਟ ਜ਼ਰੀਏ ਰੋਜ਼ਾਨਾ ਐਡਵੀਨਾ ਨੂੰ ਚਿੱਠੀ ਭੇਜਦੇ ਸੀ ਐਡਵੀਨਾ ਵੀ ਉਨ੍ਹਾਂ ਦਾ ਜਵਾਬ ਦਿੰਦੀ ਸੀ ਅਤੇ ਹਾਈ ਕਮਿਸ਼ਨਰ ਦਾ ਆਦਮੀ ਏਅਰ ਇੰਡੀਆ ਦੇ ਜਹਾਜ਼ਾਂ ਤੱਕ ਇਹ ਪੱਤਰ ਪਹੁੰਚਾਉਂਦਾ ਸੀ।

ਨਈਅਰ ਨੇ ਇਕ ਵਾਰ ਐਡਵੀਨਾ ਦੇ ਦੋਹਤੇ ਲਾਰਡ ਰੈਮਸੇ ਨੂੰ ਪੁੱਛ ਹੀ ਲਿਆ ਕੀ ਉਸ ਦੀ ਨਾਨੀ ਅਤੇ ਨਹਿਰੂ ਦਾ ਇਸ਼ਕ ਸੀ?" ਰੈਮਸੇ ਦਾ ਜਵਾਬ ਸੀ, "ਉਨ੍ਹਾਂ ਵਿਚ ਇਕ ਰੂਹਾਨੀ ਪਿਆਰ ਸੀ।"

ਇਸ ਤੋਂ ਬਾਅਦ ਨਈਅਰ ਨੇ ਉਨ੍ਹਾਂ ਨੂੰ ਨਹੀਂ ਕੁਰੇਦਿਆ। ਨਹਿਰੂ ਦੀਆਂ ਐਡਵੀਨਾ ਨੂੰ ਲਿਖੀਆਂ ਚਿੱਠੀਆਂ ਪ੍ਰਕਾਸ਼ਿਤ ਹੋਈਆ ਹਨ ਪਰ ਨਹਿਰੂ ਨੂੰ ਐਡਵਿਨਾ ਦੀਆਂ ਲਿਖੀਆਂ ਚਿੱਠੀਆਂ ਬਾਰੇ ਕੋਈ ਨਹੀਂ ਜਾਣਦਾ।

ਕੁਲਦੀਪ ਨਈਅਰ ਨੇ ਇਕ ਵਾਰ ਇੰਦਰਾ ਗਾਂਧੀ ਤੋਂ ਇਨ੍ਹਾਂ ਚਿੱਠੀਆਂ ਨੂੰ ਵੇਖਣ ਦੀ ਇਜ਼ਾਜਤ ਮੰਗੀ ਸੀ, ਪਰ ਉਨ੍ਹਾਂ ਨੇ ਇਸ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ।

**ਨਹਿਰੂ ਅਤੇ ਪਦਮਜਾ ਨਾਇਡੂ ਦਾ ਇਸ਼ਕ**

ਸਿਰਫ ਐਡਵੀਨਾ ਹੀ ਨਹੀਂ, ਸਰੋਜਿਨੀ ਨਾਇਡੂ ਦੀ ਕੁੜੀ ਪਦਮਾਜਾ ਨਾਇਡੂ ਲਈ ਵੀ ਨਹਿਰੂ ਦੇ ਦਿਲ ਵਿੱਚ ਸਾਫ਼ਟ ਕਾਰਨਰ ਸੀ।

ਕੈਥਰੀਨ ਫਰੈਂਕ ਇੰਦਰਾ ਗਾਂਧੀ ਦੀ ਜੀਵਨੀ ਵਿੱਚ ਲਿਖਦੀ ਹੈ ਕਿ ਵਿਜੈਲਕਸ਼ਮੀ ਪੰਡਿਤ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਨਹਿਰੂ ਅਤੇ ਪਦਮਾਜਾ ਦੇ 'ਇਸ਼ਕ' ਸਾਲਾਂ ਤੱਕ ਚੱਲਿਆ।



ਨਹਿਰੂ ਨੇ ਉਸ ਨਾਲ ਇਸ ਲਈ ਵਿਆਹ ਨਹੀਂ ਕਰਵਾਇਆ ਕਿਉਂਕਿ ਉਹ ਆਪਣੀ ਕੁੜੀ ਇੰਦਰਾ ਦੇ ਦਿਲ ਨੂੰ ਠੇਸ ਨਹੀਂ ਪਹੁੰਚਾਉਣਾ ਚਾਹੁੰਦੇ ਸਨ।

ਨਹਿਰੂ ਦੇ ਜੀਵਨੀਕਾਰ ਐਸ. ਗੋਪਾਲ ਨਾਲ ਇੰਦਰਾ ਇਸ ਗੱਲ 'ਤੇ ਨਰਾਜ਼ ਵੀ ਹੋ ਗਈ ਸੀ ਕਿਉਂਕਿ ਨਹਿਰੂ ਦੇ 'ਸਿਲੈਕਟਡ ਵਰਕਸ' ਵਿੱਚ ਪਦਮਾਜਾ ਤੇ ਨਹਿਰੂ ਦੀਆਂ ਪ੍ਰੇਮ-ਚਿੱਠੀਆਂ ਨੂੰ ਛਾਪ ਦਿੱਤਾ ਸੀ।

1937 ਵਿਚ ਨਹਿਰੂ ਨੇ ਪਦਮਜਾ ਨੂੰ ਲਿਖਿਆ ਸੀ, "ਤੂੰ 19 ਸਾਲ ਦੀ ਹੈ (ਜਦਕਿ ਉਹ ਉਸ ਵੇਲੇ 37 ਸਾਲ ਦੀ ਸੀ)... ਅਤੇ ਮੈਂ 100 ਜਾਂ ਇਸ ਤੋਂ ਵੀ ਜ਼ਿਆਦਾ। ਕੀ ਕਦੇ ਮੈਨੂੰ ਪਤਾ ਲੱਗ ਸਕੇਗਾ ਕਿ ਤੂੰ ਮੈਨੂੰ ਕਿੰਨਾ ਪਿਆਰ ਕਰਦੀ ਹੈਂ।"

ਹੱਮੀ ਨੂੰ ਲੈ ਕੈ ਇੰਦਰਾ ਗਾਂਧੀ ਨੂੰ ਜ਼ਿੰਦਗੀ ਭਰ ਮਲਾਲ ਰਿਹਾ ਹੈ

ਇੱਕ ਵਾਰ ਹੋਰ ਮਲਾਇਆ ਤੋਂ ਨਹਿਰੂ ਨੇ ਪਦਮਾਜਾ ਨੂੰ ਲਿਖਿਆ ਸੀ, "ਮੈਂ ਤੁਹਾਡੇ ਬਾਰੇ ਜਾਣਨ ਲਈ ਮਰ ਰਿਹਾ ਹਾਂ.. ਮੈਂ ਤੁਹਾਨੂੰ ਵੇਖਣ ਲਈ, ਤੈਨੂੰ ਆਪਣੀਆ ਬਾਹਵਾਂ ਵਿੱਚ ਲੈਣ ਲਈ ਅਤੇ ਤੇਰੀਆਂ ਅੱਖਾਂ ਵਿੱਚ ਦੇਖਣ ਲਈ ਤੜਫ਼ ਰਿਹਾ ਹਾਂ।" (ਸਿਲੈਕਟਡ ਵਰਕਸ ਆਫ਼ ਨਹਿਰੂ , ਸਰਵਪੱਲੀ ਗੋਪਾਲ, ਸਫ਼ਾ 694)

**ਇੰਦਰਾ ਫ਼ਿਰੋਜ਼ ਦੀ ਵਿਵਾਹਿਕ ਲੜਾਈ**

ਇੰਦਰ ਮਲਹੋਤਰਾ ਨੇ ਬੀਬੀਸੀ ਨੂੰ ਦੱਸਿਆ ਸੀ, "ਫਿਰੋਜ਼ ਗਾਂਧੀ ਮੇਰੇ ਬਹੁਤ ਅਜ਼ੀਜ਼ ਦੋਸਤ ਸਨ। ਉਹ ਕਦੇ ਜ਼ਿਕਰ ਵੀ ਕਰ ਦਿੰਦੇ ਸਨ ਅਤੇ ਉਨ੍ਹਾਂ ਦੇ ਘਰ ਜਿਹੜੀਆਂ ਔਰਤਾਂ ਆਉਂਦੀਆਂ ਸੀ ਉਹ ਮੈਨੂੰ ਵੀ ਜਾਣਦੀਆਂ ਸੀ। ਉਨ੍ਹਾਂ ਦੀ ਦੋਸਤੀ ਹੱਮੀ ਨਾਮ ਦੀ ਇੱਕ ਬਹੁਤ ਹੀ ਖ਼ੂਬਸੂਰਤ ਔਰਤ ਨਾਲ ਸੀ ਜਿਨ੍ਹਾਂ ਦੇ ਪਿਤਾ ਉੱਤਰ ਪ੍ਰਦੇਸ਼ ਸਰਕਾਰ ਵਿਚ ਇਕ ਮੰਤਰੀ ਹੁੰਦੇ ਸਨ।"

"ਇੰਦਰਾ ਨਹਿਰੂ ਦੀ ਦੇਖਭਾਲ ਕਰਨ ਲਈ ਬੱਚਿਆ ਨੂੰ ਲੈ ਕੇ ਦਿੱਲੀ ਪ੍ਰਧਾਨ ਮੰਤਰੀ ਨਿਵਾਸ ਆ ਗਈ। ਉੱਥੋਂ ਹੀ ਫਿਰੋਜ਼ ਦਾ ਰੋਮਾਂਸ ਸ਼ੁਰੂ ਹੋਇਆ।" ਹੱਮੀ ਨੂੰ ਲੈ ਕੈ ਇੰਦਰਾ ਗਾਂਧੀ ਨੂੰ ਜ਼ਿੰਦਗੀ ਭਰ ਮਲਾਲ ਰਿਹਾ ਹੈ।

ਇੰਦਰ ਮਲਹੋਤਰਾ ਨੇ ਇਸ ਸਬੰਧ 'ਚ ਕਿਹਾ ਹੈ, "ਜਦੋਂ ਫਿਰੋਜ਼ ਨਹੀਂ ਰਹੇ ਅਤੇ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਬਣ ਗਈ ਸੀ ਤਾਂ ਐਮਰਜੈਂਸੀ ਤੋਂ ਪਹਿਲਾਂ ਹੱਮੀ ਪ੍ਰਧਾਨ ਮੰਤਰੀ ਦਫਤਰ ਵਿਚ ਕਿਸੇ ਗੱਲ 'ਤੇ ਇੱਕ ਅਰਜ਼ੀ ਦੇਣ ਆਈ। ਜਦੋਂ ਉਹ ਪ੍ਰਧਾਨ ਮੰਤਰੀ ਦਫਤਰ ਤੋਂ ਬਾਹਰ ਜਾ ਰਹੀ ਸੀ, ਠੀਕ ਉਸੇ ਸਮੇਂ ਕਾਂਗਰਸ ਪ੍ਰਧਾਨ ਦੇਵਕਾਂਤ ਬਰੂਆ ਦਫ਼ਤਰ ਦੇ ਅੰਦਰ ਆ ਰਹੇ ਸੀ।"

"ਇੰਦਰਾ ਗਾਂਧੀ ਨੇ ਬਰੁਆ ਨੂੰ ਕਿਹਾ ਬਾਹਰ ਨਜ਼ਰ ਮਾਰੋ। ਜਿਸ ਔਰਤ ਨੂੰ ਤੁਸੀਂ ਦੇਖ ਰਹੇ ਹੋ, ਇਸ ਔਰਤ ਲਈ ਫਿਰੋਜ਼ ਨੇ ਸਾਡੀ ਸਾਰੀ ਜ਼ਿੰਦਗੀ ਖ਼ਰਾਬ ਕਰ ਦਿੱਤੀ।"

**ਰਾਜੀਵ-ਸੋਨੀਆ ਦੀ ਪ੍ਰੇਮ ਕਹਾਣੀ**


ਕੌਮੀ ਮੀਡੀਆ ਵਿਚ ਰਾਜੀਵ ਗਾਂਧੀ ਅਤੇ ਸੋਨੀਆ ਗਾਂਧੀ ਦੇ ਪਿਆਰ ਬਾਰੇ ਵੀ ਬਹੁਤ ਘੱਟ ਚਰਚਾ ਹੋਈ ਹੈ। ਰਾਸ਼ੀਦ ਕਿਦਵਈ ਨੇ ਜ਼ਰੂਰ ਸੋਨੀਆ ਗਾਂਧੀ 'ਤੇ ਲਿਖੀ ਜੀਵਨੀ ਵਿਚ ਇਸ ਮੁੱਦੇ 'ਤੇ ਗੱਲ ਕੀਤੀ ਹੈ।

ਸੋਨੀਆ ਗਾਂਧੀ ਖੁਦ ਕਹਿੰਦੇ ਹਨ ਕਿ ਉਸ ਨੂੰ ਜਿਸ ਨਜ਼ਰ ਨਾਲ ਰਾਜੀਵ ਨੇ ਦੇਖਿਆ ਸੀ .... ਪਹਿਲੀ ਹੀ ਨਜ਼ਰ 'ਚ ਉਨ੍ਹਾਂ ਨੂੰ ਰਾਜੀਵ ਨਾਲ ਪਿਆਰ ਹੋ ਗਿਆ ਸੀ ਕਿਦਵਈ ਨੇ ਬੀਬੀਸੀ ਨੂੰ ਦੱਸਿਆ ਹੈ, "ਸ਼ੁਰੂ ਵਿਚ ਸੋਨੀਆ ਗਾਂਧੀ ਨੂੰ ਇਹ ਵੀ ਪਤਾ ਨਹੀਂ ਸੀ ਕਿ ਰਾਜੀਵ ਗਾਂਧੀ, ਜਵਾਹਰ ਲਾਲ ਨਹਿਰੂ ਦੇ ਪੋਤੇ ਹਨ। ਉਹ ਪਹਿਲੀ ਵਾਰ ਕੈਂਬ੍ਰਿਜ ਵਿਚ ਇਕ ਗ੍ਰੀਕ ਰੈਸਟੋਰੈਂਟ 'ਵਰਸਿਟੀ' ਵਿੱਚ ਮਿਲੇ ਸੀ। ਉਹ ਆਪਣੀ ਇੱਕ ਦੋਸਤ ਦੇ ਨਾਲ ਬੈਠੀ ਹੋਈ ਸੀ, ਰਾਜੀਵ ਗਾਂਧੀ ਵੀ ਆਪਣੇ ਦੋਸਤਾਂ ਨਾਲ ਸਨ।"


ਕਿਦਵਈ ਦੱਸਦੇ ਹਨ, "ਸੋਨੀਆ ਗਾਂਧੀ ਖੁਦ ਕਹਿੰਦੇ ਹਨ ਕਿ ਉਨ੍ਹਾਂ ਨੂੰ ਜਿਸ ਨਜ਼ਰ ਨਾਲ ਰਾਜੀਵ ਨੇ ਦੇਖਿਆ ਸੀ .... ਪਹਿਲੀ ਹੀ ਨਜ਼ਰ 'ਚ ਉਨ੍ਹਾਂ ਨੂੰ ਰਾਜੀਵ ਨਾਲ ਪਿਆਰ ਹੋ ਗਿਆ ਸੀ।"

"ਫ਼ਿਰ ਰਾਜੀਵ ਨੇ ਉਨ੍ਹਾਂ ਨੂੰ ਇਕ ਕਵਿਤਾ ਲਿੱਖ ਕੇ ਭੇਜੀ। ਸੋਨੀਆ ਗਾਂਧੀ ਨੂੰ ਇਹ ਬਹੁਤ ਹੀ ਚੰਗਾ ਲੱਗਿਆ ਤੇ ਉਸ ਤੋਂ ਬਾਅਦ ਦੋਵਾਂ ਦਾ ਮਿਲਣਾ-ਜੁਲਣਾ ਸ਼ੁਰੂ ਹੋ ਗਿਆ। ਪਰ ਇਕ ਵਾਰ ਜਦੋਂ ਇੰਦਰਾ ਗਾਂਧੀ ਬ੍ਰਿਟੇਨ ਦੇ ਦੌਰੇ 'ਤੇ ਗਈ ਅਤੇ ਉਸ ਦੀ ਇਕ ਫੋਟੋ ਅਖ਼ਬਾਰ ਵਿਚ ਛਪੀ, ਤਾਂ ਉਹ ਡਰ ਗਈ।"

ਕਿਦਵਈ ਕਹਿੰਦੇ ਹਨ, "ਇੱਕ ਵਾਰ ਉਹ ਅੱਧੇ ਰਸਤੇ ਤੋਂ ਵਾਪਸ ਆ ਗਈ ਅਤੇ







ਇੰਦਰਾ ਨੂੰ ਮਿਲਣ ਦੀ ਹਿੰਮਤ ਨਹੀਂ ਕਰ ਸਕੀ। ਜਦੋਂ ਉਸ ਦੀ ਇੰਦਰਾ ਨਾਲ ਪਹਿਲੀ ਮੁਲਾਕਾਤ ਹੋਈ ਉਸ ਸਮੇਂ ਸੋਨੀਆ ਨੇ ਇੰਦਰਾ ਨਾਲ ਫਰੈਂਚ ਭਾਸ਼ਾ ਵਿੱਚ ਗੱਲ ਕੀਤੀ ਕਿਉਂਕਿ ਇੰਦਰਾ ਫਰੈਂਚ ਤੋਂ ਵਾਕਫ ਸੀ ਪਰ ਸੋਨੀਆ ਦਾ ਅੰਗਰੇਜ਼ੀ ਵਿਚ ਹੱਥ ਤੰਗ ਸੀ।“

“ਬਾਅਦ ਵਿਚ ਜਦੋਂ ਸੋਨੀਆ ਦੇ ਪਿਤਾ ਨੂੰ ਪਤਾ ਲੱਗਾ ਕਿ ਉਹ ਰਾਜੀਵ ਨਾਲ ਵਿਆਹ ਕਰਨ ਜਾ ਰਹੀ ਹੈ ਤਾਂ ਉਨ੍ਹਾਂ ਨੇ ਇਸ ਦਾ ਵਿਰੋਧ ਕੀਤਾ। “

ਉਹ ਕਹਿੰਦੇ ਹਨ, “ਜਦੋਂ ਰਾਜੀਵ ਗਾਂਧੀ ਸੋਨੀਆ ਦਾ ਹੱਥ ਮੰਗਣ ਗਏ ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਇਹ ਦੇਖਣਾ ਚਾਹੁੰਦਾ ਹਾਂ ਤੁਹਾਡੇ ਦੋਵਾਂ ਵਿੱਚ ਕਿੰਨੀ ਮੁਹੱਬਤ ਹੈ। ਇਸ ਲਈ ਤੁਸੀਂ ਇੱਕ ਸਾਲ ਲਈ ਇਕ ਦੂਜੇ ਨੂੰ ਨਾ ਮਿਲੋ। ਇਕ ਸਾਲ ਬਾਅਦ, ਸੋਨੀਆ ਗਾਂਧੀ ਨੇ ਪਹਿਲ ਕੀਤੀ, ਪਰ ਹਾਲੇ ਵੀ ਉਨ੍ਹਾਂ ਦੇ ਪਿਤਾ ਇਸ ਵਿਆਹ ਲਈ ਤਿਆਰ ਨਹੀਂ ਸਨ ਅਤੇ ਉਹ ਦੋਵਾਂ ਦੇ ਵਿਆਹ ਵਿੱਚ ਸ਼ਾਮਲ ਵੀ ਨਹੀਂ ਹੋਏ।“

**ਸੰਜੇ ਅਤੇ ਰੁਖ਼ਸਾਨਾ ਸੁਲਤਾਨਾ**

ਰਾਜੀਵ ਦੇ ਛੋਟੇ ਭਰਾ ਸੰਜੇ ਗਾਂਧੀ ਦਾ ਵੀ ਬਹੁਤ ਸਾਰੀਆਂ ਔਰਤਾਂ ਨਾਲ ਨਾਮ ਜੋੜਿਆ ਗਿਆ। ਉਨ੍ਹਾਂ ਵਿਚੋਂ ਇਕ ਰੁਖ਼ਸਾਨਾ ਸੁਲਤਾਨਾ ਵੀ ਸੀ।

ਜਦੋਂ ਸੰਜੇ ਗਾਂਧੀ ਦੇ ਮੇਨਕਾ ਨਾਲ ਵਿਆਹ ਬਾਰੇ ਪਤਾ ਲੱਗਿਆ ਤਾਂ ਬਹੁਤ ਸਾਰੇ ਲੋਕਾਂ ਨੂੰ ਹੈਰਾਨੀ ਹੋਈ ਸੀ ਕਿ ਇਹ ਕਿਵੇਂ ਹੋਇਆ ਅਤੇ ਕਈ ਕੁੜੀਆਂ ਦੇ ਦਿਲ ਟੁੱਟ ਗਏ

ਰਾਸ਼ਿਦ ਕਿਦਵਈ ਕਹਿੰਦੇ ਹਨ, “ਰੁਖ਼ਸਾਨਾ ਸੁਲਤਾਨਾ ਕੋਈ ਬਹੁਤ ਵੱਡੀ ਪਬਲਿਕ ਫਿਗਰ ਨਹੀਂ ਸੀ। ਪਰ ਸੰਜੇ ਗਾਧੀ ਨੇ ਉਸ ਨੂੰ ਅੱਗੇ ਵਧਾਇਆ। ਉਸ ਜ਼ਮਾਨੇ ਵਿਚ ਉਨ੍ਹਾਂ ਦਾ ਜੋ ਲਾਈਫ਼ਸਟਾਈਲ ਸੀ, ਉਹ ਮੇਕ-ਅੱਪ ਕਰਕੇ ਤੇ ਉੱਚੀ ਹੀਲ ਵਾਲੇ ਸੈਂਡਲ ਪਾ ਕੇ ਨਿਕਲਦੀ ਸੀ। ਉਸ ਦਾ ਇੱਕ ਡੌਮੀਨੇਟਿੰਗ ਚਰਿਤੱਰ ਸੀ।‘‘

“ਕਾਂਗਰਸ ਦੇ ਲੋਕ ਕਹਿੰਦੇ ਸੀ ਕਿ ਉਹ ਸੰਜੇ ‘ਤੇ ਆਪਣਾ ਹੱਕ ਜਮਾਉਂਦੀ ਸੀ ਅਤੇ ਇਹ ਅਜਿਹਾ ਹੱਕ ਸੀ, ਜਿਸ ਨੂੰ ਕਿਸੇ ਰਿਸ਼ਤੇ ਦਾ ਨਾਮ ਨਹੀਂ ਦਿੱਤਾ ਗਿਆ ਸੀ। ਸੰਜੇ ਦਾ ਕਈ ਕੁੜੀਆਂ ਨਾਲ ਉਠਣਾ ਬੈਠਣਾ ਸੀ। ਇਥੋਂ ਤੱਕ ਜਦੋਂ ਸੰਜੇ ਗਾਂਧੀ ਦੇ ਮੇਨਕਾ ਨਾਲ ਵਿਆਹ ਬਾਰੇ ਪਤਾ ਲੱਗਿਆ ਤਾਂ ਬਹੁਤ ਸਾਰੇ ਲੋਕਾਂ ਨੂੰ ਹੈਰਾਨੀ ਹੋਈ ਸੀ ਕਿ ਇਹ ਕਿਵੇਂ ਹੋਇਆ ਅਤੇ ਕਈ ਕੁੜੀਆਂ ਦੇ ਦਿਲ ਟੁੱਟ ਗਏ।“

**ਰਾਜਕੁਮਾਰੀ ਕੌਲ ਨਾਲ ਰਹਿਣ ਵਾਲੇ ਵਾਜਪਾਈ**

ਸਾਬਕਾ ਪ੍ਰਧਾਨਮੰਤਰੀ ਅਟਲ ਬਿਹਾਰੀ ਵਾਜਪਾਈ ਦੇ ‘ਪਰਿਵਾਰ‘ ਬਾਰੇ ਹੌਲੀ ਜ਼ੁਬਾਨ ਵਿੱਚ ਕੋਈ ਚਰਚਾ ਭਾਵੇਂ ਹੁੰਦੀ ਰਹੀ ਹੋਵੇ ਪਰ ਉਨ੍ਹਾਂ ਨੂੰ ਪਸੰਦ ਕਰਨ ਵਾਲਿਆਂ ਦੀ ਗਿਣਤੀ ਨਹੀਂ ਘਟੀ।

ਵਾਜਪਾਈ ਨੇ ਆਪਣੇ ਕਾਲਜ ਦੇ ਦਿਨਾਂ ਦੀ ਦੋਸਤ ਰਾਜਕੁਮਾਰੀ ਕੌਲ ਦੇ ਨਾਲ ਵਿਆਹ ਨਹੀਂ ਕੀਤਾ ਸੀ, ਪਰ ਉਨ੍ਹਾਂ ਦੇ ਵਿਆਹ ਤੋਂ ਬਾਅਦ ਉਹ ਉਨ੍ਹਾਂ ਦੇ ਪਤੀ ਦੇ ਘਰ ਰਹਿਣ ਲੱਗ ਗਏ ਸਨ।

ਰਾਜਕੁਮਾਰੀ ਕੌਲ ਅਟਲ ਬਿਹਾਰੀ ਵਾਜਪਾਈ ਦੀਆਂ ਛੋਟੀਆਂ-ਛੋਟੀਆਂ ਚੀਜ਼ਾਂ ਦਾ ਧਿਆਨ ਰੱਖਦੀ ਸੀ

ਸੈਵੀ ਰਸਾਲੇ ਨਾਲ ਇੱਕ ਇੰਟਰਵਿਊ ਵਿੱਚ ਸ਼੍ਰੀਮਤੀ ਕੌਲ ਨੇ ਕਿਹਾ, “ਮੈਂ ਅਤੇ ਅਟਲ ਬਿਹਾਰੀ ਵਾਜਪਾਈ ਨੇ ਕਦੇ ਵੀ ਇਸ ਗੱਲ ਦੀ ਲੋੜ ਨਹੀਂ ਸਮਝੀ ਕਿ ਇਸ ਰਿਸ਼ਤੇ ਬਾਰੇ ਕੋਈ ਵੀ ਸਫ਼ਾਈ ਦਿੱਤੀ ਜਾਵੇ।‘‘

ਕੁਝ ਦਿਨ ਪਹਿਲਾਂ ਸ਼੍ਰੀਮਤੀ ਕੌਲ ਦੀ ਮੌਤ ਹੋ ਗਈ ਸੀ ਪਰ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਕੌਮੀ ਮੀਡੀਆ ਵਿਚ ਕੋਈ ਚਰਚਾ ਨਹੀਂ ਹੋਈ ਸੀ ਕਿਉਂਕਿ ਲੋਕ ਉਨ੍ਹਾਂ ਬਾਰੇ ਕੁਝ ਨਹੀਂ ਜਾਣਦੇ ਸਨ। ਬੀਬੀਸੀ ਨੇ ਸ਼੍ਰੀਮਤੀ ਰਾਜਕੁਮਾਰੀ ਕੌਲ ਦੀ ਦੋਸਤ ਤਲਤ ਜ਼ਮੀਰ ਨਾਲ ਗੱਲ ਕੀਤੀ।

ਤਲਤ ਕਹਿੰਦੀ ਹੈ, “ਉਹ ਬਹੁਤ ਹੀ ਸੋਹਣੀ ਕਸ਼ਮੀਰੀ ਮਹਿਲਾ ਸੀ ... ਬਹੁਤ ਹੀ ਵਜ਼ਨਦਾਰ ਸੀ, ਬਹੁਤ ਮਿੱਠਾ ਬੋਲਦੀ ਸੀ। ਉਸ ਦੀ ਬਹੁਤ ਹੀ ਸਾਫ਼ ਉਰਦੂ ਜ਼ੁਬਾਨ ਸੀ। ਮੈਂ ਜਦੋਂ ਵੀ ਉਨ੍ਹਾਂ ਨੂੰ ਮਿਲਣ ਪ੍ਰਧਾਨ ਮੰਤਰੀ ਦੀ ਰਿਹਾਇਸ਼ ‘ਤੇ ਜਾਂਦੀ ਸੀ ਲੋਕ ਉਨ੍ਹਾਂ ਨੂੰ ਮਾਤਾ ਜੀ ਕਹਿ ਕੇ ਬੁਲਾਉਂਦੇ ਸਨ। ਅਟਲ ਜੀ ਦੇ ਖਾਣੇ ਦੀ ਸਾਰੀ ਜ਼ਿੰਮੇਵਾਰੀ ਉਨ੍ਹਾਂ ਦੀ ਹੀ ਸੀ। ਰਸੋਈਆ ਆ ਕੇ ਉਨ੍ਹਾਂ ਨੂੰ ਹੀ ਪੁੱਛਦਾ ਸੀ ਕਿ ਅੱਜ ਖਾਣੇ ਵਿੱਚ ਕੀ ਬਣਾਉਣਾ ਹੈ।“

ਉਹ ਕਹਿੰਦੀ ਹੈ, “ਉਨ੍ਹਾਂ ਨੂੰ ਟੈਲੀਵਿਜ਼ਨ ਦੇਖਣ ਦਾ ਬਹੁਤ ਸ਼ੌਕ ਸੀ ਅਤੇ ਸਾਰੇ ਸੀਰੀਅਲ ਡਿਸਕਸ ਕਰਦੇ ਹੁੰਦੇ ਸੀ। ਉਹ ਕਹਿੰਦੇ ਸਨ ਕਿ ਮਸ਼ਹੂਰ ਗੀਤਕਾਰ ਜਾਵੇਦ ਅਖ਼ਤਰ ਜਦੋਂ ਪੈਦਾ ਹੋਏ ਸੀ, ਉਸ ਸਮੇਂ ਉਹ ਉਨ੍ਹਾਂ ਨੂੰ ਦੇਖਣ ਹਸਪਤਾਲ ਗਈ ਸੀ ਕਿਉਂਕਿ ਉਹਨਾਂ ਦੇ ਪਿਤਾ ਜਾਨਿਸਾਰ ਅਖ਼ਤਰ ਉਨ੍ਹਾਂ ਨੂੰ ਗਵਾਲੀਅਰ ਦੇ ਵਿਕਟੋਰੀਆ ਕਾਲਜ ਵਿਚ ਪੜ੍ਹਾਉਂਦੇ ਸਨ। ਉਹ ਜਾਵੇਦ ਦੇ ਨਾਲ ਲਗਾਤਾਰ ਸੰਪਰਕ ਵਿਚ ਰਹਿੰਦੀ ਸੀ। “

**ਫਰਨਾਂਡੀਸ ਅਤੇ ਜਯਾ ਜੇਤਲੀ ਦੀ ਦੋਸਤੀ**

ਸਾਬਕਾ ਰੱਖਿਆ ਮੰਤਰੀ ਜਾਰਜ ਫਰਨਾਂਡੀਸ ਅਤੇ ਜਯਾ ਜੇਤਲੀ ਦੇ ਸਬੰਧਾਂ ਬਾਰੇ ਸਿਆਸੀ ਹਲਕਿਆ ਵਿੱਚ ਵੀ ਕਾਫ਼ੀ ਚਰਚਾ ਰਹੀ ਸੀ। ਉਨ੍ਹਾਂ ਦੇ ਰਿਸ਼ਤੇ ਉਦੋਂ ਮਜ਼ਬੂਤ ਹੋਏ ਜਦੋਂ ਜਾਰਜ ਤੇ ਉਨ੍ਹਾਂ ਦੀ ਪਤਨੀ ਲੈਲਾ ਕਬੀਰ ਦੇ ਰਿਸ਼ਤਿਆਂ ਵਿੱਚ ਖੱਟਾਸ ਪੈਦਾ ਹੋਈ ਸੀ।

ਜਾਰਜ ਫਰਨਾਂਡਿਸ ਅਤੇ ਜਯਾ ਜੇਤਲੀ

ਮੈਂ ਜਯਾ ਜੇਤਲੀ ਨੂੰ ਪੁੱਛਿਆ ਤੁਹਾਡੀ ਜੌਰਜ ਨਾਲ ਦੋਸਤੀ ਕਿਵੇਂ ਹੋਈ? ਜੇਤਲੀ ਨੇ ਕਿਹਾ, “1979 ਵਿੱਚ, ਜਨਤਾ ਸਰਕਾਰ ਡਿੱਗਣ ਮਗਰੋਂ ਜਾਰਜ ਇਕੱਲੇ ਰਹਿ ਗਏ। ਉਨ੍ਹਾਂ ਦੇ ਸਮਾਜਵਾਦੀ ਪਾਰਟੀ ਦੇ ਦੋਸਤ ਸੋਚਦੇ ਸਨ ਕਿ ਉਨ੍ਹਾਂ ਨੇ ਮੋਰਾਰਜੀ ਦਾ ਸਮਰਥਨ ਕਰਨ ਤੋਂ ਬਾਅਦ ਉਸੇ ਦਿਨ ਉਨ੍ਹਾਂ ਦੀ ਸਰਕਾਰ ਦੇ ਖਿਲਾਫ ਵੋਟ ਦਿੱਤਾ ਸੀ।“

“ਉਨ੍ਹਾਂ ਦੀ ਪਤਨੀ ਦੀ ਸਿਹਤ ਠੀਕ ਨਹੀਂ ਰਹਿੰਦੀ ਸੀ ਅਤੇ ਉਹ ਇੱਕ ਲੰਬੇ ਸਮੇਂ ਲਈ ਵਿਦੇਸ਼ ਚਲੀ ਜਾਂਦੀ ਸੀ। ਮੇਰੇ ਪਤੀ ਉਨ੍ਹਾਂ ਨਾਲ ਕੰਮ ਕਰਦੇ ਸਨ, ਇਸ ਲਈ ਸਾਡਾ ਉਨ੍ਹਾਂ ਦੇ ਘਰ ਆਉਣਾ-ਜਾਣਾ ਹੋ ਗਿਆ ਸੀ।“

ਉਨ੍ਹਾਂ ਦੱਸਿਆ, “ਜਾਰਜ ਨੂੰ ਕਈ ਵਾਰ ਦੌਰੇ ‘ਤੇ ਬਾਹਰ ਜਾਣਾ ਪੈਂਦਾ ਸੀ, ਇਸ ਲਈ ਉਹ ਆਪਣੇ ਮੁੰਡੇ ਨੂੰ ਮੇਰੇ ਕੋਲ ਛੱਡ ਜਾਂਦੇ ਸਨ। ਉਨ੍ਹਾਂ ਦੀ ਨਿੱਜੀ ਜ਼ਿੰਦਗੀ ਵਿਚ ਕੋਈ ਵੀ ਅਜਿਹਾ ਨਹੀਂ ਸੀ, ਜੋ ਉਨ੍ਹਾਂ ਲਈ ਇਸ ਤਰ੍ਹਾਂ ਦਾ ਕੰਮ ਕਰੇ। ਇਸ ਤਰ੍ਹਾਂ ਉਹ ਅਤੇ ਮੇਰਾ ਪਰਿਵਾਰ ਕਰੀਬ ਆ ਗਏ।“

**ਮੁਲਾਇਮ ਦਾ ਦੂਜਾ ਵਿਆਹ**

ਲੋਕਾਂ ਨੂੰ ਮੁਲਾਇਮ ਸਿੰਘ ਯਾਦਵ ਦੇ ਦੂਜੇ ਵਿਆਹ ਬਾਰੇ ਉਦੋਂ ਪਤਾ ਲੱਗਾ ਜਦੋਂ ਮੁਲਾਇਮ ਸਿੰਘ ਨੇ ਸੁਪਰੀਮ ਕੋਰਟ ਵਿਚ ਆਮਦਨ ਤੋਂ ਵੱਧ ਰਕਮ ਮਾਮਲੇ ਵਿਚ ਸੁਪਰੀਮ ਕੋਰਟ ਵਿੱਚ ਇਕ ਹਲਫ਼ਨਾਮਾ ਦਿੱਤਾ।

ਸੁਪਰੀਮ ਕੋਰਟ ਵਿੱਚ ਹਲਫ਼ਨਾਮੇ ਤੋਂ ਪਤਾ ਲੱਗਿਆ ਕਿ ਮੁਲਾਇਮ ਸਿੰਘ ਯਾਦਵ ਦੀ ਦੂਜੀ ਪਤਨੀ ਹੈ ਤੇ ਉਨ੍ਹਾਂ ਦਾ ਇੱਕ ਮੁੰਡਾ ਵੀ ਹੈ

“ਉਹ ਤਾਂ ਇਕ ਵਾਰ ਸੁਪਰੀਮ ਕੋਰਟ ਵਿਚ ਹਲਫ਼ਨਾਮਾ ਦੇਣਾ ਪਿਆ। ਫਿਰ ਜਾ ਕੇ ਪਤਾ ਲੱਗਿਆ ਕਿ ਉਨ੍ਹਾਂ ਦੀ ਦੂਜੀ ਪਤਨੀ ਵੀ ਹੈ ਅਤੇ ਉਸ ਦਾ ਇੱਕ ਮੁੰਡਾ ਵੀ ਹੈ।‘‘

**ਚੜ੍ਹਦੀ ਉਮਰ ਵਿਚ ਪਿਆਰ ਸਬੰਧ**

ਰਾਸ਼ਿਦ ਕਿਦਵਈ ਕਹਿੰਦੇ ਹਨ, “ਇਸ ਜ਼ਮਾਨੇ ਵਿੱਚ ਇੱਕ ਦਰਜਨ ਨਾਮ ਗਿਣਾਏ ਜਾ ਸਕਦੇ ਹਨ ਜਿਹਨਾਂ ਦੀ ਬਹੁਤ ਹੀ ਰੰਗੀਨ ਜ਼ਿੰਦਗੀ ਰਹੀ ਹੈ। ਵਿਦਿਆਚਰਨ ਸ਼ੁਕਲ ਦੇ ਬਾਰੇ ਗੱਲ ਹੁੰਦੀ ਸੀ, ਚੰਦਰਸ਼ੇਖਰ ਬਾਰੇ ਗੱਲ ਹੁੰਦੀ ਸੀ।“

“ਨਰਾਇਣ ਦੱਤ ਤਿਵਾਰੀ ਵੀ ਜਦੋਂ ਰਾਜਭਵਨ ਵਿੱਚ ਫੜੇ ਗਏ ਅਤੇ ਇਸ ਤੋਂ ਇਲਾਵਾ ਜਦੋਂ ਉਹਨਾਂ ‘ਤੇ ਇਕ ਪੈਟਰਨਿਟੀ ਸੂਟ ਦਾਖ਼ਲ ਕੀਤਾ ਗਿਆ ਤਾਂ ਲੋਕ ਬਹੁਤ ਚਟਕਾਰੇ ਲੈ ਕੇ ਇਸ ਬਾਰੇ ਗੱਲਾਂ ਕਰਦੇ ਸੀ। ਲੋਹੀਆ ਦੇ ਇਸ਼ਕ ‘ਤੇ ਵੀ ਗੱਲ ਹੁੰਦੀ ਸੀ। “

ਇਸ ਤੋਂ ਇਲਾਵਾ ਕੁਝ ਹੋਰ ਨੇਤਾਵਾਂ ਦੀਆਂ ਘਟਨਾਵਾਂ ਦਾ ਹਵਾਲਾ ਦਿੰਦੇ ਹੋਏ ਕਿਦਵਈ ਕਹਿੰਦੇ ਹਨ, “ਇੰਦਰਜੀਤ ਗੁਪਤ ਦਾ ਇੱਕ ਵੱਖਰਾ ਕਿਸਮ ਦਾ ਸੂਫ਼ੀਆਨਾ ਪਿਆਰ ਸੀ, 62 ਸਾਲ ਦੀ ਉਮਰ ਵਿਚ ਉਨ੍ਹਾਂ ਨੇ ਵਿਆਹ ਕਰਵਾਇਆ। ਆਰ ਕੇ ਧਵਨ ਨੇ ਵੀ 74 ਸਾਲ ਦੀ ਉਮਰ ਵਿਚ ਆਪਣਾ ਵਿਆਹ ਜਨਤਕ ਤੌਰ ‘ਤੇ ਸਵੀਕਾਰਿਆ ਸੀ।



**ਬਰਤਾਨੀਆ ਵਿਚ ਰਹਿ ਕੇ ਬੰਦਾ ਆਪਣੀ ਨਿੱਜੀ ਥਾਂ (ਸਪੇਸ)/ਜ਼ਿੰਦਗੀ, ਇਕਾਂਤ/ਓਟ ਨੂੰ ਮਾਣ ਕੇ ਖ਼ੁਸ਼ੀ ਲੈਂਦਾ ਹੈ। ਤੁਸੀਂ ਚਾਹੋ ਤਾਂ ਕੋਈ ਦੂਸਰਾ ਤੁਹਾਡੀ ਨਿੱਜੀ ਜ਼ਿੰਦਗੀ ਵਿਚ ਦਖ਼ਲਅੰਦਾਜ਼ੀ ਨਹੀਂ ਕਰ ਸਕਦਾ। ਤੁਸੀਂ ਕੀ ਖਾਂਦੇ-ਪੀਂਦੇ ਹੋ, ਕੀਹਨੂੰ ਮਿਲਦੇ ਹੋ, ਕੀਹਦੇ ਨਾਲ ਤੁਹਾਡਾ ਕੀ ਵਾਸਤਾ ਹੈ, ਇਹ ਕਿਸੇ ਦੂਜੇ ਦੇ ਜਾਣਨ/ਪੁੱਛਣ ਦੀ ਗੱਲ ਨਹੀਂ। ਭਾਰਤ ਵਿਚ ਤੁਹਾਡੀ ਜ਼ਿੰਦਗੀ ਵਿਚ ਦੂਜਿਆਂ ਦੀ ਦਖ਼ਲਅੰਦਾਜ਼ੀ ਬਹੁਤ ਹੈ। ਸਮਾਜ, ਗੁਆਂਢੀਆਂ, ਰਿਸ਼ਤੇਦਾਰਾਂ ਦੀ। ਲੋਕ ਆਪ ਜੋ ਮਰਜ਼ੀ ਕਰੀ ਜਾਣ, ਪਰ ਤੁਹਾਡੇ 'ਤੇ ਕਿੰਤੂ-ਪ੍ਰੰਤੂ ਕਰਨਾ ਨਹੀਂ ਛੱਡਦੇ। ਧਰਮ, ਸਿਆਸਤ ਅਤੇ ਅਖੌਤੀ ਨੈਤਿਕਤਾ ਤੁਹਾਡੀ ਜ਼ਿੰਦਗੀ ਵਿਚ ਖਲਲ ਪਾ ਸਕਦੀ ਹੈ।**




ਪੰਛੀਆਪਣਾ ਚੋਗਾ ਚੁਗ ਕੇ ਸ਼ਾਮੀਂ ਆਪਣੇ ਆਲ੍ਹਣਿਆਂ ਵਿਚ ਪਰਤ ਆਉਂਦੇ ਨੇ। ਕੁਝ ਪੰਛੀ ਰੁੱਤਾਂ ਦੇ ਬਦਲਣ ਨਾਲ ਹਜ਼ਾਰਾਂ ਮੀਲਾਂ ਦਾ ਸਫ਼ਰ ਤੈਅ ਕਰਕੇ ਦੂਰ-ਦੁਰਾਡੇ ਥਾਵਾਂ/ਦੇਸ਼ਾਂ ਵੱਲ ਚੋਗਾ ਚੁਗਣ ਲਈ ਉਡਾਰੀਆਂ ਭਰਦੇ ਹਨ। ਫਿਰ ਆਪਣਾ ਮੰਤਵ ਪ੍ਰਾਪਤ ਕਰਨ ਬਾਅਦ ਆਪਣੇ ਘਰੀਂ ਪਰਤ ਆਉਂਦੇ ਹਨ, ਪਰ ਆਪਣੀ ਜਨਮ ਭੋਇੰ ਛੱਡ ਕੇ ਪਰਦੇਸਾਂ ਵਿਚ ਗਏ ਭਾਰਤੀ ਮੂਲ ਦੇ ਪਰਵਾਸੀ ਭਾਰਤੀ ਵਤਨ ਨਹੀਂ ਪਰਤਦੇ। ਇਹ ਵਿਚਾਰਨ ਵਾਲੀ ਗੱਲ ਹੈ।

ਦੁਨੀਆਂ ਦਾ ਇਤਿਹਾਸ ਇਕ ਮੁਲਕ ਦੇ ਵਸਨੀਕਾਂ ਵੱਲੋਂ ਦੂਜੇ ਮੁਲਕਾਂ ਵਿਚ ਜਾ ਕੇ ਕੰਮ ਕਰਨ/ਪੈਸੇ ਕਮਾਉਣ ਦੀਆਂ ਉਦਾਹਰਣਾਂ ਨਾਲ ਭਰਿਆ ਪਿਆ ਹੈ। ਇਕੋ ਮੁਲਕ ਦੇ ਵਸਨੀਕਾਂ ਵੱਲੋਂ ਆਪਣੇ ਹੀ ਦੇਸ਼ ਦੇ ਦੂਜੇ ਖਿੱਤਿਆਂ/ਸੂਬਿਆਂ ਵਿਚ ਜਾ ਕੇ ਕੰਮ ਕਰਨ ਤੇ ਵਸਣ ਦਾ ਸਿਲਸਿਲਾ ਤਾਂ ਆਮ ਵਰਤਾਰਾ ਹੈ।

ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਕੈਨੇਡਾ ਤੇ ਬਰਤਾਨੀਆ ਵੱਲ ਭਾਰਤੀ ਨੌਜਵਾਨਾਂ ਦੇ ਅੰਨ੍ਹੇਵਾਹ ਅਜੋਕੇ ਕੂਚ ਦਾ ਵਿਸ਼ਲੇਸ਼ਣ ਹਾਲ ਦੀ ਘੜੀ ਪਾਸੇ ਛੱਡਦਿਆਂ, ਪਿਛਲੀ ਸਦੀ ਦੇ 60ਵਿਆਂ ਵਿਚ ਭਾਰਤ ਤੋਂ ਬਰਤਾਨੀਆ/ਕੈਨੇਡਾ ਵੱਲ ਸਿਰਫ਼ ਪੈਸੇ ਕਮਾਉਣ ਦੇ ਟੀਚੇ ਨਾਲ ਗਏ ਭਾਰਤੀਆਂ, ਖ਼ਾਸਕਰ ਪੰਜਾਬੀਆਂ ਦੀ ਦਾਸਤਾਨ ਦਾ ਲੇਖਾ-ਜੋਖਾ ਕਰੀਏ। ਇਹ ਪੰਜਾਬੀ ਜ਼ਾਹਿਰ ਤੌਰ 'ਤੇ ਵਲਾਇਤ ਗਏ ਕਿ ਇਕ ਖ਼ੁਸ਼ਹਾਲ ਵਿਕਸਿਤ ਮੁਲਕ ਵਿਚ ਕੁਝ ਪੈਸੇ ਕਮਾਵਾਂਗੇ ਤੇ ਫਿਰ ਆਪਣੇ ਵਤਨ ਪਰਤ ਕੇ ਉਸ ਕਮਾਏ ਪੈਸੇ ਨਾਲ ਆਪਣੇ ਮੁਲਕ ਵਿਚ ਹੀ ਖ਼ੁਸ਼ਹਾਲੀ ਲਿਆਵਾਂਗੇ ਅਤੇ ਮੌਜਾਂ ਕਰਾਂਗੇ।

ਤੱਥ ਗਵਾਹ ਹਨ ਕਿ ਇਨ੍ਹਾਂ ਪੰਜਾਬੀਆਂ ਨੇ ਵਲਾਇਤ ਵਿਚ ਜਾ ਕੇ ਹੱਡ-ਭੰਨਵੀਂ ਮਿਹਨਤ ਕੀਤੀ। ਓਵਰ ਟਾਈਮ ਲਾਏ। ਪੈਸੇ ਇਕੱਠੇ ਕਰਨ ਲਈ ਦਿਨ-ਰਾਤ ਇਕ ਕੀਤਾ। ਚੋਖੇ ਪੈਸੇ ਕਮਾਏ। ਆਪ ਕਠਿਨਾਈਆਂ ਝੱਲ ਕੇ ਪਿੰਡ ਵਾਲਿਆਂ ਨੂੰ ਆਪਣੀ ਕਮਾਈ ਦਾ ਬਹੁਤਾ ਹਿੱਸਾ ਭੇਜਿਆ। ਭਾਰਤ ਵਿਚਲੀ 'ਅੰਨ ਦੀ ਤੋਟ' ਦਾ ਫਾਹਾ ਵੱਢਿਆ। ਹਰੇ ਇਨਕਲਾਬ ਦੇ ਅਲੰਬਰਦਾਰ ਬਣੇ, ਪਰ ਹੈਰਾਨੀ ਦੀ ਗੱਲ ਹੈ ਕਿ ਚਾਹੁੰਦੇ ਹੋਏ ਵੀ ਆਪਣੇ ਇਕਰਾਰ ਮੁਜਬ ਇਨ੍ਹਾਂ ਪਰਵਾਸੀਆਂ ਵਿਚੋਂ ਇਕ ਫ਼ੀਸਦੀ ਵੀ ਵਾਪਸ ਨਹੀਂ ਆਏ। ਜਿਹੜੇ ਮੁੜੇ ਵੀ ਜਾਂ ਜਿਨ੍ਹਾਂ ਨੇ ਵਾਪਸ ਭਾਰਤ ਵਿਚ ਪੈਰ ਜਮਾਉਣ ਦੇ ਯਤਨ ਕੀਤੇ ਉਹ ਬੇਰੰਗ ਖ਼ਤ ਵਾਂਗ ਵਾਪਸ ਵਲਾਇਤ ਚਲੇ ਆਏ। ਇਹ ਕਿੰਝ ਹੋ ਗਿਆ ? ਕਿਉਂ ਨਹੀਂ ਮੁੜੇ ਇਹ ਪਰਵਾਸੀ ਪੰਜਾਬੀ ?

ਦਰਅਸਲ, 60ਵਿਆਂ ਵਿਚ ਬਰਤਾਨੀਆ ਨੂੰ ਵਿਦੇਸ਼ੀ ਕਾਮਿਆਂ ਦੀ ਲੋੜ ਸੀ। ਬਹੁਤੇ ਪੰਜਾਬੀ/ਭਾਰਤੀ 'ਕੰਮ ਕਰਨ ਦੇ ਪਰਮਿਟਾਂ' ਦੀ ਸਕੀਮ ਰਾਹੀਂ ਬਰਤਾਨੀਆ ਗਏ। ਇਸ ਸਿਲਸਿਲੇ ਵਿਚ ਦੁਆਬਾ ਖਿੱਤੇ ਦੇ ਪੰਜਾਬੀ ਮੋਹਰੀ ਸਨ। ਮੁੱਖ ਤੌਰ 'ਤੇ ਪੈਸੇ ਕਮਾ ਕੇ ਆਪਣੇ ਵਤਨ ਪਰਤਣ ਦੇ ਇਰਾਦੇ ਨਾਲ ਬਾਹਰ ਗਏ ਇਨ੍ਹਾਂ ਪੰਜਾਬੀਆਂ ਨੂੰ ਨਹੀਂ ਸੀ ਪਤਾ ਕਿ ਉਨ੍ਹਾਂ ਦਾ ਜੀਵਨ ਵਲਾਇਤ ਵਿਚ ਕਿਹੋ ਜਿਹਾ ਹੋਵੇਗਾ ਅਤੇ ਉਨ੍ਹਾਂ ਦੇ ਉੱਥੇ ਰਹਿਣ ਦੀਆਂ ਕੀ ਸੰਭਾਵਨਾਵਾਂ ਹੋਣਗੀਆਂ। ਇਹ ਪੰਜਾਬੀ 'ਕੱਲੇ-'ਕਹਿਰੇ ਹੀ ਆਪਣੇ ਟੱਬਰਾਂ ਨੂੰ ਛੱਡ ਕੇ ਵਤਨੋਂ ਗਏ ਸਨ। ਇਨ੍ਹਾਂ ਨੂੰ ਪਤਾ ਨਹੀਂ ਸੀ ਕਿ ਇਨ੍ਹਾਂ ਦੇ ਟੱਬਰਾਂ ਦਾ ਭਵਿੱਖ ਵੀ ਕਿਹੋ ਜਿਹਾ ਹੋਵੇਗਾ।

ਪਹਿਲੇ ਪੂਰ ਦੇ ਇਨ੍ਹਾਂ ਪਰਵਾਸੀਆਂ ਦਾ ਜੀਵਨ ਬਹੁਤ ਹੀ ਸੰਘਰਸ਼ਪੂਰਨ ਸੀ। ਇਨ੍ਹਾਂ ਨੇ ਨਵੇਂ ਮੁਲਕਾਂ ਦੀ ਬੋਲੀ ਤੇ ਤਹਿਜ਼ੀਬ ਨਾਲ ਨਜਿੱਠਿਆ। ਜਾਨ ਤੋੜ ਕੇ ਕੰਮ ਕੀਤਾ। ਆਪ ਤੰਗੀਆਂ ਕੱਟ ਕੇ ਪਿਛਲਿਆਂ ਨੂੰ ਸੁਖਾਲੇ ਕਰਨ ਲਈ ਪੈਸੇ ਭੇਜੇ। ਨਵੇਂ ਮੁਲਕ ਦੇ ਮੌਸਮਾਂ ਦਾ ਗੁੱਸਾ ਸਹਿਆ। ਰਹਿਣ ਦੇ ਹਾਲਾਤ ਮੰਦੇ ਸਨ। ਨਸਲੀ ਵਿਤਕਰੇ ਦਾ ਸਾਹਮਣਾ ਕੀਤਾ। ਅੰਗਰੇਜ਼ ਲੋਕ ਇਨ੍ਹਾਂ ਪਰਵਾਸੀਆਂ ਨੂੰ ਕਿਰਾਏ 'ਤੇ ਮਕਾਨ ਦੇ ਕੇ ਰਾਜ਼ੀ ਨਹੀਂ ਸਨ। ਇਕ-ਇਕ ਕਮਰੇ ਵਿਚ ਦਸ-ਦਸ ਬੰਦੇ ਰਹੇ। ਅਨੇਕਾਂ ਦੁਸ਼ਵਾਰੀਆਂ ਬਰਦਾਸ਼ਤ ਕਰਕੇ ਪਿਛਲਿਆਂ ਦਾ ਖਿਆਲ ਰੱਖਿਆ।

ਵਕਤ ਪੈਣ ਨਾਲ ਇਨ੍ਹਾਂ ਪਰਵਾਸੀ ਪੰਜਾਬੀਆਂ ਨੂੰ ਬਰਤਾਨੀਆ ਵਿਚ ਲੰਮੇ ਸਮੇਂ ਲਈ ਰਹਿਣ ਦੀ ਇਜਾਜ਼ਤ ਮਿਲਣ ਲੱਗੀ। ਬੰਦੇ ਪੱਕੇ ਹੋਣ ਲੱਗੇ। ਇਹ ਵਤਨ ਨਾ ਮੁੜਨ ਦੇ ਸਿਲਸਿਲੇ ਦੀ ਸ਼ੁਰੂਆਤ ਸੀ। ਫਿਰ ਹੌਲੀ ਹੌਲੀ ਇਨ੍ਹਾਂ ਪਰਵਾਸੀਆਂ ਨੂੰ ਟੱਬਰ ਮੰਗਵਾਉਣ ਦੀ ਆਗਿਆ ਵੀ ਮਿਲਣ ਲੱਗੀ। ਪਿੰਡਾਂ ਵਿਚ ਇੰਤਜ਼ਾਰ ਕਰਦੀਆਂ ਪਤਨੀਆਂ ਅਤੇ ਬੱਚੇ ਵਲਾਇਤ ਪੁੱਜਣ ਲੱਗੇ। ਇਹ ਮਿਹਨਤਕਸ਼ ਪੰਜਾਬੀ ਆਪਣੇ ਘਰ ਖਰੀਦਣ ਲੱਗੇ। ਬੱਚੇ ਵਲਾਇਤ ਦੇ ਸਕੂਲੀਂ ਜਾਣ ਲੱਗੇ। ਪਤਨੀਆਂ ਨੂੰ ਵੀ ਕੰਮ ਮਿਲਣ ਲੱਗਾ। ਇਉਂ ਗ਼ੈਰ ਮੁਲਕਾਂ ਵਿਚ ਇਨ੍ਹਾਂ ਪਰਵਾਸੀਆਂ ਦੇ ਪੈਰ ਜੰਮਣ ਲੱਗੇ। ਹੁਣ ਇਨ੍ਹਾਂ ਪੰਜਾਬੀਆਂ ਦਾ ਵਲਾਇਤ ਨਾਲ ਨਾਤਾ ਜੁੜਨ ਲੱਗਿਆ। ਇਹ ਉਹੀ ਪਰਵਾਸੀ ਸਨ ਜਿਹੜੇ ਰਹਿੰਦੇ ਵਲਾਇਤ ਵਿਚ ਸਨ, ਪਰ ਸੁਪਨੇ ਭਾਰਤ ਦੇ ਲੈਂਦੇ ਸਨ। ਇਹ ਵੀ ਕਿਹਾ ਕਰਦੇ ਸਨ ਕਿ ਮਰਾਂਗੇ ਤਾਂ ਇੰਡੀਆ ਹੀ; ਸਾਡੇ ਫੁੱਲ ਵੀ ਉੱਥੇ ਹੀ ਪੈਣਗੇ।

ਹੁਣ ਤਕ ਪਰਵਾਸੀ ਪੰਜਾਬੀਆਂ ਦੀ ਚੌਥੀ ਪੀੜ੍ਹੀ ਵੀ ਸਾਹਮਣੇ ਆ ਚੁੱਕੀ ਹੈ, ਪਰ ਨਾ ਤਾਂ ਪਹਿਲੀ ਪੀੜ੍ਹੀ ਦੇ ਪਰਵਾਸੀ ਵਾਪਸ ਮੁੜੇ ਤੇ ਨਾ ਹੀ ਅਗਲੀਆਂ ਪੀੜ੍ਹੀਆਂ ਦੇ। ਇੱਥੋਂ ਤਕ ਕਿ ਪਹਿਲੀ/ਦੂਜੀ ਪੀੜ੍ਹੀ ਆਪਣੀ ਸੇਵਾਮੁਕਤੀ ਕੱਟਣ ਲਈ ਵੀ ਇੰਡੀਆ ਨਹੀਂ ਜਾ ਰਹੀ। ਜਿਨ੍ਹਾਂ ਬੱਚਿਆਂ ਦਾ ਜਨਮ ਵਲਾਇਤ ਵਿਚ ਹੋਇਆ ਹੈ ਉਨ੍ਹਾਂ ਦਾ ਭਾਰਤ ਨਾਲ ਦੂਰ ਦਾ ਨਾਤਾ ਬਣ ਰਿਹਾ ਹੈ, ਭਾਵੇਂ ਉਹ ਆਪਣੀ ਸ਼ਨਾਖਤ ਤੋਂ ਮੁਨਕਰ ਨਹੀਂ ਹਨ। ਪਹਿਲੀ ਪੀੜ੍ਹੀ ਵਿਚੋਂ ਬਹੁਤੀ ਤਾਂ ਰੱਬ ਨੂੰ ਪਿਆਰੀ ਹੋ ਚੁੱਕੀ ਹੈ ਤੇ ਬਾਕੀ ਦੀ ਹੌਲੀ ਹੌਲੀ ਕਿਰ ਰਹੀ ਹੈ। ਇਹ ਭਾਵੇਂ ਪਾਰਕਾਂ ਦੇ ਬੈਂਚਾਂ 'ਤੇ ਬਹਿ ਕੇ ਆਪਣੇ ਗਰਾਵਾਂ ਦੀਆਂ ਗੱਲਾਂ ਅਜੇ ਵੀ ਕਰਦੇ ਹਨ, ਪਰ ਕੋਈ ਆਪਣੇ ਪਿੰਡ ਪਰਤ ਕੇ ਰਾਜ਼ੀ ਨਹੀਂ।

ਦੁਨੀਆਂ ਦੇ ਕੁਝ ਮੁਲਕ ਬਾਹਰਲਿਆਂ ਨੂੰ ਨੌਕਰੀਆਂ ਤਾਂ ਦੇ ਦਿੰਦੇ ਹਨ, ਕੱਚੀ ਠਹਿਰ ਵੀ, ਪਰ ਉਹ ਕੌਮੀਅਤ/ਪਾਸਪੋਰਟ ਨਹੀਂ ਦਿੰਦੇ। ਅਜਿਹੇ ਲੋਕ ਇਨ੍ਹਾਂ ਮੁਲਕਾਂ ਵਿਚ ਦਿਲ ਨਹੀਂ ਲਾਉਂਦੇ। ਪਰਵਾਸੀ ਭਾਰਤੀਆਂ ਕੋਲ ਬਰਤਾਨਵੀ ਕੌਮੀਅਤ ਅਤੇ ਪਾਸਪੋਰਟ ਲੈਣ ਦੀ ਸਹੂਲਤ ਹੈ। ਪੱਕੀ ਜ਼ਿੰਦਗੀ ਜਿਊਣ ਦਾ ਮਾਹੌਲ ਹੈ। ਪਿਛਲੇ ਸੱਠ ਸਾਲਾਂ ਵਿਚ ਪਰਵਾਸੀਆਂ ਦੇ ਹਵਾਲੇ ਨਾਲ ਬਰਤਾਨੀਆ ਦੇ ਹਾਲਾਤ ਵਿਚ ਬਹੁਤ ਫ਼ਰਕ ਆਇਆ ਹੈ। ਹੁਣ ਪਰਵਾਸੀ ਭਾਰਤੀ ਬਰਤਾਨੀਆ ਦੇ ਹਰ ਖਿੱਤੇ ਵਿਚ ਵਧੀਆ ਭੂਮਿਕਾ ਨਿਭਾਅ ਰਹੇ ਹਨ। ਇਕ ਵੀ ਖੇਤਰ ਨਹੀਂ ਜਿੱਥੇ ਭਾਰਤੀ ਮੂਲ ਦੇ ਲੋਕ ਸਰਗਰਮ ਨਹੀਂ। ਭਾਰਤੀ ਮੂਲ ਵਾਸੀਆਂ ਦਾ ਕਾਫ਼ੀ ਹਿੱਸਾ ਅਜੇ ਵੀ ਹੈ ਜਿਹੜਾ ਭਾਰਤ ਮੁੜ ਜਾਣ ਦੀ ਗੱਲ ਕਰਦਾ ਹੈ ਜਾਂ ਚਾਹੁੰਦਾ ਵੀ ਹੈ, ਖ਼ਾਸ ਕਰਕੇ ਲੋਕ ਆਪਣੀ ਸੇਵਾਮੁਕਤੀ ਬਾਅਦ ਦਾ ਸਮਾਂ ਆਪਣੀ ਜਨਮ ਭੂਮੀ ਵਿਚ ਗੁਜ਼ਾਰਨਾ ਚਾਹੁੰਦੇ ਹਨ। ਪਰ ਇਹ ਵਰਗ ਇੰਡੀਆ ਵਿਚ ਰਹਿਣ ਤੋਂ ਡਰਦਾ ਅਤੇ ਘਬਰਾਉਂਦਾ ਹੈ। ਇੰਗਲੈਂਡ ਵਿਚ ਵਸ ਗਏ ਭਾਰਤੀਆਂ ਕੋਲ 'ਓਵਰਸੀਜ਼ ਸਿਟੀਜ਼ਨ ਆਫ ਇੰਡੀਆ' (ਇਕ ਤਰ੍ਹਾਂ ਨਾਲ ਭਾਰਤੀ ਕੌਮੀਅਤ) ਬਣਨ ਦੀ ਸਹੂਲਤ ਵੀ ਹੈ। ਇਸ ਦਾ ਭਾਵ ਹੈ ਕਿ ਭਾਰਤੀ ਮੂਲ ਦਾ ਕੋਈ ਵੀ ਬਰਤਾਨਵੀ ਸ਼ਹਿਰੀ ਅਣਮਿੱਥੇ ਸਮੇਂ ਲਈ ਭਾਰਤ ਵਿਚ ਰਹਿ ਸਕਦਾ ਹੈ ਅਤੇ ਕੰਮ ਵੀ ਕਰ ਸਕਦਾ ਹੈ ਭਾਵੇਂ ਕੁਝ ਹੋਰ ਬੰਦਸ਼ਾਂ ਵੀ ਹਨ। ਫਿਰ ਵੀ ਪਰਵਾਸੀ ਭਾਰਤੀ ਭਾਰਤ ਵਿਚ ਮੁੜਨ ਜਾਂ ਰਹਿਣ ਲਈ ਅੱਗੇ ਨਹੀਂ ਆਉਂਦੇ।

ਜਿਹੜੀ ਚੀਜ਼ ਤੋਂ ਪਰਵਾਸੀ ਭਾਰਤੀ ਸਭ ਤੋਂ ਵੱਧ ਤ੍ਰਭਕਦੇ ਹਨ, ਉਹ ਹੈ ਭਾਰਤ ਦਾ ਦਫ਼ਤਰੀ ਸਿਲਸਿਲਾ (ਪ੍ਰਸ਼ਾਸਨ)। ਬਰਤਾਨੀਆ ਦੀ ਬਾਬੂ ਜਮਾਤ ਦਾ ਰਵੱਈਆ ਅਤੇ ਕੰਮ ਕਰਨ ਦਾ ਤਰੀਕਾ ਭਾਰਤ ਦੀ ਬਾਬੂ ਜਮਾਤ ਤੋਂ ਕਿਤੇ ਬਿਹਤਰ ਹੈ। ਜਿਆਦਾਤਰ ਭਾਰਤੀ ਬਾਬੂ ਤੁਹਾਨੂੰ ਤੰਗ ਕਰਕੇ ਖ਼ੁਸ਼ੀ ਲੈਂਦੇ ਹਨ ਜਦੋਂਕਿ ਵਲਾਇਤੀ ਦਫ਼ਤਰੀ ਅਮਲਾ ਤੁਹਾਨੂੰ ਪ੍ਰੇਸ਼ਾਨ ਨਹੀਂ ਕਰਦਾ। ਭਾਰਤੀ ਬਾਬੂ ਆਪਣੀ ਤਾਕਤ ਨੂੰ ਨਾਕਾਰਾਤਮਕ ਤਰੀਕੇ ਨਾਲ ਵਰਤਦੇ ਹਨ ਜਦੋਂਕਿ ਬਰਤਾਨਵੀ ਦਫ਼ਤਰੀ ਢਾਂਚਾ ਅਜੇ ਵੀ ਬਹੁਤ ਹੱਦ ਤਕ ਸੇਵਾ ਭਾਵ ਵਾਲਾ ਹੈ। ਯੂਕੇ ਤੋਂ ਭਾਰਤ ਗਿਆ ਪਰਵਾਸੀ ਦਫ਼ਤਰੀ ਪ੍ਰਬੰਧਾਂ ਤੋਂ ਉਕਤਾ ਜਾਂਦਾ ਹੈ। ਦਫ਼ਤਰਾਂ ਦੇ ਗੇੜੇ ਕੱਢਦਾ ਅੱਕ ਜਾਂਦਾ ਹੈ। ਇਸ ਨੁਕਤੇ ਦੇ ਹਵਾਲੇ ਨਾਲ ਹੀ ਬਰਤਾਨੀਆ ਵਿਚ ਕੰਮ-ਕਾਰ ਕਰਵਾਉਣ ਲਈ ਵੱਢੀ ਦੇਣ/ਲੈਣ ਦਾ ਕੋਈ ਸਿਲਸਿਲਾ ਨਹੀਂ। ਜੇ ਕਿਤੇ ਹੋਵੇਗਾ ਵੀ ਤਾਂ ਆਟੇ ਵਿਚ ਲੂਣ ਦੇ ਬਰਾਬਰ ਵੀ ਨਹੀਂ। ਭਾਰਤ ਵਿਚ ਹੁਣ ਬਿਨਾਂ ਵੱਢੀ ਦਿੱਤੇ ਬਿਨਾਂ ਕੰਮ ਹੋਣਾ ਹੁਣ ਗੁਜ਼ਰੇ ਵਕਤਾਂ ਦੀ ਗੱਲ ਜਾਪਦਾ ਹੈ। ਬਰਤਾਨੀਆ ਵਿਚ ਤੁਹਾਨੂੰ ਤੁਹਾਡੇ ਗੁਆਂਢ/ਮੁਹੱਲੇ ਜਾਂ ਸ਼ਹਿਰ ਵਿਚ ਰਹਿੰਦੇ ਕਿਸੇ ਥਾਣੇਦਾਰ, ਜੱਜ, ਸਿਆਸਤਦਾਨ, ਮੌਲਵੀ, ਪਟਵਾਰੀ, ਬਦਮਾਸ਼ ਤੋਂ ਡਰਨ ਦੀ ਲੋੜ ਨਹੀਂ। ਕੋਈ ਨਾਗਰਿਕ ਪੁਲੀਸ ਵਾਲਿਆਂ ਨਾਲ ਗੱਲ ਕਰਨ ਤੋਂ ਨਹੀਂ ਘਬਰਾਉਂਦਾ।

ਬਰਤਾਨੀਆ ਵਿਚ ਰਹਿ ਕੇ ਬੰਦਾ ਆਪਣੀ ਨਿੱਜੀ ਥਾਂ (ਸਪੇਸ)/ਜ਼ਿੰਦਗੀ, ਇਕਾਂਤ/ਓਟ ਨੂੰ ਮਾਣ ਕੇ ਖ਼ੁਸ਼ੀ ਲੈਂਦਾ ਹੈ। ਤੁਸੀਂ ਚਾਹੋ ਤਾਂ ਕੋਈ ਦੂਸਰਾ ਤੁਹਾਡੀ ਨਿੱਜੀ ਜ਼ਿੰਦਗੀ ਵਿਚ ਦਖ਼ਲਅੰਦਾਜ਼ੀ ਨਹੀਂ ਕਰ ਸਕਦਾ। ਤੁਸੀਂ ਕੀ ਖਾਂਦੇ-ਪੀਂਦੇ ਹੋ, ਕੀਹਨੂੰ ਮਿਲਦੇ ਹੋ, ਕੀਹਦੇ ਨਾਲ ਤੁਹਾਡਾ ਕੀ ਵਾਸਤਾ ਹੈ, ਇਹ ਕਿਸੇ ਦੂਜੇ ਦੇ ਜਾਣਨ/ਪੁੱਛਣ ਦੀ ਗੱਲ ਨਹੀਂ। ਭਾਰਤ ਵਿਚ ਤੁਹਾਡੀ ਜ਼ਿੰਦਗੀ ਵਿਚ ਦੂਜਿਆਂ ਦੀ ਦਖ਼ਲਅੰਦਾਜ਼ੀ ਬਹੁਤ ਹੈ। ਸਮਾਜ, ਗੁਆਂਢੀਆਂ, ਰਿਸ਼ਤੇਦਾਰਾਂ ਦੀ। ਲੋਕ ਆਪ ਜੋ ਮਰਜ਼ੀ ਕਰੀ ਜਾਣ, ਪਰ ਤੁਹਾਡੇ 'ਤੇ ਕਿੰਤੂ-ਪ੍ਰੰਤੂ ਕਰਨਾ ਨਹੀਂ ਛੱਡਦੇ। ਧਰਮ, ਸਿਆਸਤ ਅਤੇ ਅਖੌਤੀ ਨੈਤਿਕਤਾ ਤੁਹਾਡੀ ਜ਼ਿੰਦਗੀ ਵਿਚ ਖਲਲ ਪਾ ਸਕਦੀ ਹੈ।

ਪਰਵਾਸੀਆਂ ਦੇ ਵਤਨ ਨਾ ਪਰਤਣ ਦਾ ਇਕ ਹੋਰ ਵੱਡਾ ਕਾਰਨ ਇਹ ਵੀ ਹੈ ਕਿ ਉਨ੍ਹਾਂ ਨੂੰ ਭਾਰਤ ਵਿਚ ਆਪਣੀ ਜ਼ਮੀਨ ਜਾਇਦਾਦ ਆਦਿ ਨੂੰ ਲੈ ਕੇ ਬਹੁਤ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ। ਮੈਨੂੰ ਅਜੇ ਤਕ ਕੋਈ ਵਿਰਲਾ ਹੀ ਪਰਵਾਸੀ ਪੰਜਾਬੀ ਮਿਲਿਆ ਹੈ ਜਿਸ ਦਾ ਜਾਇਦਾਦ/ਮਕਾਨ/ਜ਼ਮੀਨ ਆਦਿ ਦੇ ਸਬੰਧ ਵਿਚ ਚੰਗਾ ਤਜਰਬਾ ਰਿਹਾ ਹੋਵੇ। ਪਰਵਾਸੀ ਪੰਜਾਬੀਆਂ ਦੀ ਆਮ ਸ਼ਿਕਾਇਤ ਹੈ ਕਿ ਉਨ੍ਹਾਂ ਦੇ ਆਪਣੇ ਸਕਿਆਂ ਨੇ ਹੀ ਉਨ੍ਹਾਂ ਦੇ ਹੱਕ ਮਾਰੇ ਹਨ। ਬਹੁਤਿਆਂ ਨਾਲ ਧੋਖੇ ਹੋਏ ਹਨ। ਬਹੁਤਿਆਂ ਦੀਆਂ ਜ਼ਮੀਨਾਂ, ਮਿਹਨਤ ਨਾਲ ਉਸਾਰੇ ਮਕਾਨ/ ਕੋਠੀਆਂ/ ਦੁਕਾਨਾਂ ਦੱਬੀਆਂ ਗਈਆਂ ਹਨ। ਲੰਬੇ ਲੰਬੇ ਮੁਕੱਦਮੇ ਚੱਲੇ ਹਨ। ਪਰਵਾਸੀ ਭਾਰਤੀ ਹੁਣ ਕਿਸੇ 'ਤੇ ਵੀ ਇਤਬਾਰ ਕਰਕੇ ਰਾਜ਼ੀ ਨਹੀਂ।

ਕੁਝ ਪਰਵਾਸੀ ਪੰਜਾਬੀ ਅਜਿਹੇ ਵੀ ਹਨ ਜਿਨ੍ਹਾਂ ਨੇ ਭਾਰਤ ਵਿਚ ਚੈਰੀਟੇਬਲ ਕਾਰਜ ਆਰੰਭੇ ਸਨ। ਇਨ੍ਹਾਂ ਵਿਚੋਂ ਬਹੁਤਿਆਂ ਦਾ ਤਜ਼ਰਬਾ ਮਾੜਾ ਹੀ ਰਿਹਾ। ਸਰਕਾਰੀ ਢਾਂਚਾ ਜਾਂ ਬਾਕੀ ਸਬੰਧਤ ਸੰਸਥਾਵਾਂ ਜਾਂ ਵਿਅਕਤੀ ਸਹਾਇਕ ਤਰੀਕੇ ਨਾਲ ਪੇਸ਼ ਨਹੀਂ ਆਉਂਦੇ। ਲੋਕ ਭਲਾਈ ਦਾ ਕੰਮ ਕਰਨ ਵਾਲਿਆਂ ਦੇ ਕਾਰਜ ਨੂੰ ਮੋਕਲਾ ਕਰਨ ਦੀ ਬਜਾਏ ਉਨ੍ਹਾਂ ਦੇ ਰਾਹਾਂ ਵਿਚ ਰੋੜੇ ਅਟਕਾਏ ਜਾਂਦੇ ਹਨ। ਮੈਂ ਕਈ ਅਜਿਹੇ ਵਿਅਕਤੀਆਂ ਦੇ ਚੈਰਿਟੀ ਨਾਲ ਸਬੰਧਿਤ ਕੰਮਾਂ ਬਾਰੇ ਜਾਣਦਾ ਹਾਂ ਜਿਹੜੇ ਅੱਕ ਕੇ ਆਪਣੇ ਕਾਰਜ ਬੰਦ ਕਰਕੇ ਵਾਪਸ ਆ ਗਏ। ਪਰਵਾਸੀ ਵਿਅਕਤੀ ਆਪਣੇ ਭਾਰਤੀ ਪਰਿਵਾਰ, ਰਿਸ਼ਤੇਦਾਰਾਂ, ਸਮਾਜ ਜਾਂ ਪਿੰਡ ਲਈ ਓਨੀ ਦੇਰ ਹੀ ਮਹੱਤਵਪੂਰਨ ਬੰਦਾ ਹੈ ਜਿੰਨੀ ਦੇਰ ਉਹ ਬਾਹਰ ਰਹਿੰਦਾ ਹੈ। ਜਦੋਂ ਉਹ ਵਾਪਸ ਆ ਕੇ ਰਹਿਣ ਲੱਗ ਜਾਂਦਾ ਹੈ, ਉਹਦੀ ਵੁੱਕਤ ਖ਼ਤਮ ਹੋ ਜਾਂਦੀ ਹੈ। ਬੰਦਾ ਬਾਹਰੋਂ ਮਦਦ ਕਰਦਾ ਰਹੇ ਤਾਂ ਸਭ ਠੀਕ-ਠਾਕ ਰਹਿੰਦਾ ਹੈ। ਬਹੁਤ ਥੋੜ੍ਹੇ ਉਂਗਲੀਆਂ 'ਤੇ ਗਿਣਨ ਵਾਲੇ ਬੰਦੇ ਹੋਣਗੇ ਜਿਨ੍ਹਾਂ ਨੇ ਵਾਪਸ ਇੰਡੀਆ ਜਾ ਕੇ ਰਹਿਣ ਜਾਂ ਕੋਈ ਕੰਮ ਸ਼ੁਰੂ ਕਰਨ ਦੇ ਯਤਨ ਕੀਤੇ ਤੇ ਇਹ ਪਰਵਾਸੀ ਬੁਰੀ ਤਰ੍ਹਾਂ ਫੇਲ੍ਹ ਕਰ ਦਿੱਤੇ ਗਏ। ਜਿਨ੍ਹਾਂ ਨੇ ਭਾਈਵਾਲੀਆਂ ਕੀਤੀਆਂ, ਉਨ੍ਹਾਂ ਦੇ ਭਾਈਵਾਲਾਂ ਨੇ ਹੀ ਇਨ੍ਹਾਂ ਦੀ ਜ਼ਿੰਦਗੀ ਦੁੱਭਰ ਕਰ ਦਿੱਤੀ। ਇਹ ਪਰਵਾਸੀ ਭਾਰਤੀ ਸਮਾਜ ਵਿਚ 'ਮਿਸਫਿੱਟ' ਹੋ ਗਏ। ਮੁਕੱਦਮੇਬਾਜ਼ੀਆਂ ਹੋਈਆਂ ਤੇ ਆਖ਼ਰ ਹੰਭ ਕੇ ਇਹ ਪਰਵਾਸੀ ਵਾਪਸ ਆ ਗਏ। ਵਲਾਇਤ ਦਾ ਮੌਸਮ ਅੱਠ-ਨੌਂ ਮਹੀਨੇ ਠੰਢਾ ਰਹਿੰਦਾ ਹੈ। ਗਰਮੀ ਬਹੁਤੀ ਕੜਾਕੇ ਵਾਲੀ ਨਹੀਂ ਪੈਂਦੀ। ਭਾਰਤ ਵਿਚ ਨੌਂ ਮਹੀਨੇ ਤਾਬੜਤੋੜ ਗਰਮੀ ਪੈਂਦੀ ਹੈ। ਵਲਾਇਤ ਵਿਚ ਮੱਛਰ, ਮੱਖੀ, ਕੋਹੜ-ਕਿਰਲੀ ਅਤੇ ਸੱਪ ਆਦਿ ਵੀ ਨਹੀਂ ਹੁੰਦੇ। ਵਲਾਇਤ ਵਿਚ 40-60 ਸਾਲ ਰਹਿ ਕੇ ਵਿਅਕਤੀ ਨੂੰ ਭਾਰਤੀ ਗਰਮੀ ਨਾਲ ਦੋ ਹੱਥ ਕਰਨ ਦਾ ਸਾਹਸ ਨਹੀਂ ਹੁੰਦਾ। ਅਸਲ ਵਿਚ ਮਨੁੱਖ ਮੂਲ ਰੂਪ ਵਿਚ ਆਰਾਮਪਸੰਦ ਹੈ ਜਿੱਥੇ ਕਿਤੇ ਵੀ ਉਹਦੇ ਕੋਲ ਠੀਕ ਵਾਤਾਵਰਨ/ ਜਲਵਾਯੂ ਚੁਣਨ ਦੀ ਤਰਜੀਹ ਹੈ, ਉਹ ਉੱਥੇ ਹੀ ਰਹਿਣਾ ਪਸੰਦ ਕਰੇਗਾ। ਕੈਨੇਡਾ ਦੇ ਕੁਝ ਸ਼ਹਿਰਾਂ ਵਿਚ ਤਾਪਮਾਨ ਖ਼ੂਬ ਠੰਢਾ ਹੁੰਦਾ ਹੈ, ਪਰ ਉੱਥੇ ਸਰਕਾਰਾਂ ਨੇ ਮੌਸਮ ਨਾਲ ਨਜਿੱਠਣ ਲਈ ਠੀਕ ਬੰਦੋਬਸਤ ਕੀਤੇ ਹੋਏ ਹਨ। ਵਲਾਇਤ ਵਿਚ ਅਸੀਂ ਪ੍ਰਦੂਸ਼ਣ ਨੂੰ ਲੈ ਕੇ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਹਾਂ, ਪਰ ਭਾਰਤ ਵਿਚ ਤਾਂ ਪ੍ਰਦੂਸ਼ਣ ਹੱਦਾਂ ਬੰਨੇ ਟੱਪ ਗਿਆ ਹੈ। ਵਲਾਇਤ ਵਿਚ ਪ੍ਰਦੂਸ਼ਣ ਭਾਰਤ ਨਾਲੋਂ ਕਿਤੇ ਘੱਟ ਹੈ। ਭਾਰਤ ਵਿਚ ਟਰੈਫਿਕ ਦਾ ਚਲਣ ਪੂਰੇ ਘੜਮੱਸ ਦੀ ਮਾਨੀ ਹੈ। ਯੂਕੇ ਵਿਚ ਟਰੈਫਿਕ ਦਾ ਚਲਣ ਭਾਰਤ ਨਾਲੋਂ ਕਿਤੇ ਵੱਧ ਨਿਯੰਤਰਣ ਵਾਲਾ ਹੈ। ਪਰਵਾਸੀ ਭਾਰਤੀ, ਇੰਡੀਆ ਦੀਆਂ ਖਾਣ-ਪੀਣ ਦੀਆਂ ਚੀਜ਼ਾਂ ਦੀ ਗੁਣਵੱਤਾ ਜਾਂ ਉਨ੍ਹਾਂ ਦੇ ਖਾਲਸ ਹੋਣ ਬਾਰੇ ਵੀ ਸ਼ੱਕ ਦੀ ਨਿਗਾਹ ਨਾਲ ਵੇਖਦਾ ਹੈ। ਭਾਰਤ ਵਿਚ ਸਬਜ਼ੀਆਂ, ਦੁੱਧ, ਫਲਾਂ ਆਦਿ ਵਿਚ ਰਸਾਇਣਕ ਪਦਾਰਥਾਂ ਦੇ ਦਖ਼ਲ ਬਾਰੇ ਵੀ ਫਿਕਰ ਦਾ ਆਲਮ ਹੈ। ਪਰਵਾਸੀ ਪੰਜਾਬੀ ਇੰਡੀਆ ਵਿਚ ਬਿਮਾਰ ਹੋਣ ਤੋਂ ਬਹੁਤ ਘਬਰਾਉਂਦੇ ਹਨ। ਤੱਥ ਇਹ ਵੀ ਹੈ ਕਿ ਬਹੁਤ ਸਾਰੇ ਆ ਕੇ ਬਿਮਾਰ ਹੋ ਵੀ ਜਾਂਦੇ ਹਨ। ਇਨ੍ਹਾਂ ਨੂੰ ਇੰਡੀਆ ਦੇ ਡਾਕਟਰਾਂ ਹੱਥੋਂ ਖਰਾਬ ਹੋਣ ਦਾ ਤੌਖ਼ਲਾ ਲੱਗਾ ਰਹਿੰਦਾ ਹੈ। ਬਿਮਾਰ ਤਾਂ ਪਰਵਾਸੀ ਆਪਣੇ ਮੁਲਕ ਵਿਚ ਵੀ ਹੁੰਦੇ ਨੇ, ਪਰ ਇੱਥੇ ਉਨ੍ਹਾਂ ਨੂੰ ਸਰਕਾਰੀ/ਨਿੱਜੀ ਸਿਹਤ ਸੇਵਾਵਾਂ ਦੀ ਵਿਵਸਥਾ ਸਹਾਈ ਹੁੰਦੀ ਹੈ। ਦਵਾਈਆਂ ਖਾਲਸ ਮਿਲਦੀਆਂ ਹਨ। ਸੇਵਾਮੁਕਤੀ ਮਗਰੋਂ ਦਵਾਈਆਂ ਬਿਲਕੁਲ ਮੁਫ਼ਤ ਮਿਲਦੀਆਂ ਹਨ। ਵੱਡੇ ਤੋਂ ਵੱਡੇ ਅਪਰੇਸ਼ਨ ਵੀ ਮੁਫ਼ਤ ਹੁੰਦੇ ਨੇ (ਭਾਵੇਂ ਤੁਸੀਂ ਸਾਰੀ ਉਮਰ ਇਹਦੀ ਕੀਮਤ ਤਾਰੀ ਹੁੰਦੀ ਹੈ)। ਅਜਿਹੀ ਸਹੂਲਤ ਭਾਰਤ ਵਿਚ ਹਰ ਵਿਅਕਤੀ ਕੋਲ ਨਹੀਂ। ਵਤਨ ਪਰਤਣ ਦੇ ਹਵਾਲੇ ਨਾਲ ਪਰਵਾਸੀ ਭਾਰਤੀ ਇਹ ਤਾਂ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਹਰ ਕੋਈ ਪੈਰੀਂ ਹੱਥ ਲਾਵੇ ਜਾਂ ਉਨ੍ਹਾਂ ਦੇ ਹਾਰ ਪਾਏ ਜਾਂਦੇ ਰਹਿਣ। ਨਾ ਉਹ ਇਹ ਸੋਚਦੇ ਹਨ ਕਿ ਉਹ ਕੋਈ ਉਪਰੋਂ ਉਤਰੇ ਮਨੁੱਖ ਨੇ। ਉਹ ਤਾਂ ਸਿਰਫ਼ ਇੰਨਾ ਚਾਹੁੰਦੇ ਹਨ ਕਿ ਜਦ ਉਹ ਭਾਰਤ ਆਉਣ/ਵਸਣ, ਉਨ੍ਹਾਂ ਨੂੰ ਦਫ਼ਤਰਾਂ ਦੇ ਬਾਬੂਆਂ ਹੱਥੋਂ ਜ਼ਲੀਲ ਨਾ ਹੋਣਾ ਪਵੇ; ਉਨ੍ਹਾਂ ਨੂੰ ਆਰਾਮ ਨਾਲ ਰਹਿਣ ਦਿੱਤਾ ਜਾਵੇ। ਕੋਈ ਸਿਆਸਤਦਾਨ, ਧਰਮ, ਹਮਸਾਇਆ, ਰਿਸ਼ਤੇਦਾਰ, ਚੌਧਰੀ ਉਨ੍ਹਾਂ ਦੀ ਰੋਜ਼ਾਨਾ ਦੀ ਜ਼ਿੰਦਗੀ ਵਿਚ ਰੋੜਾ ਨਾ ਬਣੇ। ਉਹ ਆਪਣਾ ਮਾੜਾ-ਮੋਟਾ ਤਜ਼ਰਬਾ ਭਾਰਤੀ ਸਮਾਜ ਅਤੇ ਲੋਕਾਂ ਨਾਲ ਸਾਂਝਾ ਕਰਨਾ ਚਾਹੁੰਦੇ ਹਨ। ਮੈਨੂੰ ਯਕੀਨ ਹੈ ਕਿ ਬਹੁਤ ਸਾਰੇ ਪਰਵਾਸੀ ਭਾਰਤੀ, ਖ਼ਾਸਕਰ ਸੇਵਾਮੁਕਤ ਭਾਰਤੀ, ਇੰਡੀਆ ਪਰਤਣਾ ਚਾਹੁਣਗੇ, ਜੇਕਰ ਉਨ੍ਹਾਂ ਨੂੰ ਮੁੱਢਲੀ ਸੁਰੱਖਿਆ, ਚੰਗਾ ਪ੍ਰਸ਼ਾਸਨ ਅਤੇ ਨਿੱਜੀ ਸਪੇਸ (ਥਾਂ) ਮਿਲ ਸਕੇ। ਆਪਣੀ ਜਨਮ ਭੂਮੀ ਨੂੰ ਭੁੱਲਣਾ ਕਿਸੇ ਲਈ ਵੀ ਆਸਾਨ ਨਹੀਂ ਹੁੰਦਾ।

**ਕੇ.ਸੀ. ਮੋਹਨ**

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
PUNJABI DUNIYA



# ਸੰਭਾਲੋ ਭਵਿੱਖ ਦੇ ਵਾਰਸਾਂ ਨੂੰ



ਕਿਹਾ ਜਾਂਦਾ ਹੈ ਕਿ ਬੱਚੇ ਰੱਬ ਦਾ ਰੂਪ ਹੁੰਦੇ ਹਨ। ਬੱਚੇ ਮਨ ਦੇ ਸੱਚੇ ਹੁੰਦੇ ਹਨ, ਜਿਨ੍ਹਾਂ ਦੀਆਂ ਪਿਆਰੀਆਂ ਪਿਆਰੀਆਂ ਤੋਤਲੀਆਂ ਗੱਲਾਂ ਸੁਣ ਕੇ ਆਪ ਮੁਹਾਰੇ ਖੁੱਲ੍ਹ ਕੇ ਹੱਸਣ ਨੂੰ ਜੀਅ ਕਰ ਆਉਂਦਾ ਹੈ, ਪਰ ਬੱਚਿਆਂ ਦੀ ਇਹ ਅਵਸਥਾ ਕੇਵਲ ਦੋ ਸਾਲ ਦੀ ਉਮਰ ਤਕ ਹੀ ਰਹਿੰਦੀ ਹੈ। ਬੱਚੇ ਕੋਲੋਂ ਉਸ ਦਾ ਬਚਪਨ ਉਦੋਂ ਹੀ ਖੁੱਸ ਜਾਂਦਾ ਹੈ, ਜਦੋਂ ਉਹ ਵਿੱਦਿਅਕ ਅਦਾਰਿਆਂ ਵਿਚ ਦਾਖਲੇ ਦੀ ਦੌੜ ਤੇ ਮਾਪਿਆਂ ਦੀ ਆਰਥਿਕਤਾ ਦਾ ਸ਼ਿਕਾਰ ਹੋ ਜਾਂਦਾ ਹੈ।

ਮਾਪਿਆਂ ਨੂੰ ਕੰਮਕਾਰ ਜਾਂ ਦਫ਼ਤਰ ਜਾਣ ਦੀ ਕਾਹਲ ਹੁੰਦੀ ਹੈ, ਜਿਸ ਸਦਕਾ ਬੱਚੇ ਨੂੰ ਕਰੈੱਚ ਜਾਂ ਪ੍ਰੀ-ਨਰਸਰੀ ਵਿਚ ਦਾਖਲ ਕਰਵਾ ਦਿੱਤਾ ਜਾਂਦਾ ਹੈ। ਉਹ ਖੇਡਣ ਮੱਲ੍ਹਣ ਦੀ ਉਮਰ ਵਿਚ ਮੋਢਿਆਂ 'ਤੇ ਭਾਰੀ ਬਸਤਿਆਂ ਦਾ ਭਾਰ ਲਟਕਾਈ ਸਵੇਰੇ-ਸਵੇਰੇ ਅੱਖਾਂ ਮਲਦੇ, ਖਪਦੇ-ਖਿਝਦੇ ਤੇ ਰੋਂਦੇ-ਧੋਂਦੇ ਸਕੂਲ ਜਾਂਦੇ ਹਨ। ਥੋੜ੍ਹੇ ਜਿਹੇ ਹੋਰ ਵੱਡੇ ਹੋਏ ਨਹੀਂ ਕਿ ਉਨ੍ਹਾਂ ਦਾ ਬਚਪਨ ਨੰਬਰਾਂ ਦੀ ਦੌੜ ਵਿਚ ਗੁਆਚ ਜਾਂਦਾ ਹੈ। ਬੱਸਾਂ ਵਿਚ ਸਕੂਲ ਤੋਂ ਘਰ ਤੇ ਫਿਰ ਟਿਊਸ਼ਨ ਇਹੀ ਜ਼ਿੰਦਗੀ ਬਣ ਜਾਂਦੀ ਹੈ। ਉਨ੍ਹਾਂ ਦੀ ਬਚਪਨ ਦੀ ਆਜ਼ਾਦੀ ਖੇਡਾਂ ਖੇਡਣੀਆਂ, ਮੌਜ-ਮਸਤੀ, ਖ਼ੁਸ਼ੀ ਤੇ ਚਿਹਰੇ ਦੀ ਰੌਣਕ ਪਤਾ ਨਹੀਂ ਕਿੱਥੇ ਗੁਆਚ ਜਾਂਦੀ ਹੈ, ਜਦੋਂ ਕਿ ਬਚਪਨ ਹੀ ਪੂਰੀ ਜ਼ਿੰਦਗੀ ਦੀ ਨੀਂਹ ਹੁੰਦਾ ਹੈ। ਇਸ ਉਮਰ ਵਿਚ ਉਨ੍ਹਾਂ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਤੋਂ ਮਾਪੇ ਸੁਚੇਤ ਨਹੀਂ ਹਨ। ਉਨ੍ਹਾਂ ਨੂੰ ਤਾਂ ਬਸ ਬੱਚਿਆਂ ਨੂੰ ਡਾਕਟਰ, ਇੰਜਨੀਅਰ ਬਣੇ ਵੇਖਣ ਦੀ ਚਾਹਨਾ ਹੁੰਦੀ ਹੈ ਤਾਂ ਕਿ ਉਹ ਪੈਸਾ ਕਮਾਉਣ ਵਾਲੀ ਮਸ਼ੀਨ ਬਣ ਜਾਣ। ਜਿਸ ਬੱਚੇ ਦਾ ਭਵਿੱਖ ਉਜਲਾ ਬਣਾਉਣ ਲਈ ਮਾਪੇ ਦਿਨ-ਰਾਤ ਇਕ ਕਰ ਦਿੰਦੇ ਹਨ, ਉਸ 'ਤੇ ਆਪਣੀ ਹੀ ਮਰਜ਼ੀ ਠੋਸਦੇ ਹਨ, ਜਦੋਂ ਕਿ ਚਾਹੀਦਾ ਹੈ ਬੱਚੇ ਦੀ ਰੁਚੀ, ਸੁਭਾਅ ਤੇ ਸਮਰੱਥਾ ਅਨੁਸਾਰ ਹੀ ਉਸ ਨੂੰ ਸਹੀ ਦਿਸ਼ਾ ਨਿਰਦੇਸ਼ ਦਿੱਤਾ ਜਾਵੇ।

ਅਕਸਰ ਵੇਖਿਆ ਗਿਆ ਹੈ ਕਿ ਮਾਪੇ ਬੱਚਿਆਂ ਦੀ ਮਾਨਸਿਕਤਾ ਨੂੰ ਸਮਝੇ ਬਗੈਰ ਉਨ੍ਹਾਂ 'ਤੇ ਖੁੱਲ੍ਹਾ ਪੈਸ ਖ਼ਰਚ ਕਰ ਦਿੰਦੇ ਹਨ। ਇਸਦਾ ਨਤੀਜਾ ਇਹ ਹੁੰਦਾ ਹੈ ਕਿ ਬੱਚਾ ਪ੍ਰਾਪਤੀਆਂ ਕਰਨ ਦੀ ਬਜਾਏ ਗ਼ਲਤ ਰਾਹ 'ਤੇ ਤੁਰ ਪੈਂਦਾ ਹੈ। ਜਦੋਂ ਕਿ ਚਾਹੀਦਾ ਹੈ ਕਿ ਮਾਪੇ ਸੋਚ ਸਮਝ ਕੇ ਲੋੜ ਅਨੁਸਾਰ ਖ਼ਰਚ ਕਰਨ ਤੇ ਸੰਜਮ ਨਾਲ ਜੀਵਨ ਜਿਉਣਾ ਸਿਖਾਉਣ ਤਾਂ ਕਿ ਉਨ੍ਹਾਂ ਦੀ ਸ਼ਖ਼ਸੀਅਤ ਖੰਡਤ ਹੋਣ ਦੀ ਬਜਾਏ ਉਸਾਰੂ ਬਣੇ। ਮਾਪੇ ਤੇ ਅਧਿਆਪਕ ਰਲ ਕੇ ਉਸ ਵਿਚ ਆਤਮ-ਵਿਸ਼ਵਾਸ ਪੈਦਾ ਕਰਨ, ਸਹੀ ਮਾਰਗ-ਦਰਸ਼ਨ ਕਰਨ ਤਾਂ ਕਿ ਉਸ ਦੇ ਭਵਿੱਖ ਨੂੰ ਸੰਵਾਰਿਆ ਜਾ ਸਕੇ। ਜਦੋਂ ਬੱਚਾ ਜਵਾਨੀ ਦੀ ਦਹਿਲੀਜ਼ 'ਤੇ ਕਦਮ ਰੱਖਦਾ ਹੈ, ਉਹ ਆਪਣੀ ਵੱਖਰੀ ਪਛਾਣ ਕਾਇਮ ਕਰਨੀ ਚਾਹੁੰਦਾ ਹੈ। ਉਸ ਵਿਚ ਸਮਾਜਿਕ, ਮਾਨਸਿਕ, ਸਰੀਰਿਕ ਤੇ ਭਾਵਨਾਤਮਕ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਜੇ ਅਜਿਹੇ ਸਮੇਂ ਯੋਗ ਅਗਵਾਈ ਨਾ ਕੀਤੀ ਜਾਵੇ ਤਾਂ ਰਾਹ ਤੋਂ ਭਟਕਣ ਦੇ ਮੌਕੇ ਵਧ ਜਾਂਦੇ ਹਨ। ਅਜਿਹੀ ਸਥਿਤੀ ਵਿਚ ਮਾਪਿਆਂ ਦਾ ਫਰਜ਼ ਬਣਦਾ ਹੈ ਕਿ ਉਸ ਦੀ ਸੋਚ ਦੀ ਪੱਧਰ ਨੂੰ ਪਛਾਣਨ ਤੇ ਉਸ ਨਾਲ ਨੇੜਤਾ ਬਣਾ ਕੇ ਵਿਚਾਰ ਸਾਂਝੇ ਕਰਨ। ਇਕ ਦੋਸਤ ਵਾਂਗ ਉਸ ਦੀਆਂ ਠੀਕ ਗੱਲਾਂ ਨਾਲ ਸਹਿਮਤ ਹੋਣ, ਪਰ ਗ਼ਲਤ ਗੱਲਾਂ ਤੋਂ ਰੋਕਣ ਲਈ ਪਿਆਰ ਤੇ ਸਹਿਣਸ਼ੀਲਤਾ ਤੋਂ ਕੰਮ ਲੈਣ। ਬੱਚਾ ਜੋ ਸੁਆਲ ਕਰਦਾ ਹੈ, ਦਲੀਲ ਨਾਲ ਉਸ ਦਾ ਜੁਆਬ ਦੇਣ ਨਾ ਕਿ ਟਾਲਣ ਦੀ ਕੋਸ਼ਿਸ਼ ਕਰਨ। ਬੱਚੇ ਤੋਂ ਬਾਲਗ ਹੋ ਰਹੇ ਬੱਚੇ ਪ੍ਰਤੀ ਸੁਖਾਵਾਂ, ਗੰਭੀਰ ਤੇ ਸਬਰ-ਸੰਤੋਖ ਵਾਲਾ ਰਵੱਈਆ ਅਖ਼ਤਿਆਰ ਕਰਨ।

ਜਵਾਨੀ ਵਿਚ ਕਦਮ ਧਰਦਿਆਂ ਕਈ ਨਵੇਂ ਅਨੁਭਵ, ਅਹਿਸਾਸ ਤੇ ਸੁਆਲ ਉਸ ਦੇ ਮਨ ਵਿਚ ਉੱਠਦੇ ਹਨ, ਜਿਨ੍ਹਾਂ ਨੂੰ ਜਾਣਨ ਦੀ ਉਸ ਨੂੰ ਉਤਸੁਕਤਾ ਹੁੰਦੀ ਹੈ। ਜੇ ਮਾਪੇ ਸੁਚੇਤ ਹੋ ਕੇ ਸੰਤੋਸ਼ਜਨਕ ਉੱਤਰ ਦੇਣਗੇ ਤਾਂ ਬੱਚੇ ਵਿਚ ਹਾਂ-ਪੱਖੀ ਸੋਚ ਦਾ ਵਿਕਾਸ ਹੋਵੇਗਾ। ਜੇ ਉਹ ਸੰਤੁਸ਼ਟ ਨਹੀਂ ਤਾਂ ਪੜ੍ਹਾਈ ਦੇ ਨਾਲ-ਨਾਲ ਮਾਪਿਆਂ ਤੋਂ ਵੀ ਦੂਰੀ ਬਣਾ ਲਵੇਗਾ। ਅੱਜ ਬੱਚੇ ਚੇਤੰਨ ਹਨ, ਪਰ ਸਹਿਣਸ਼ੀਲਤਾ ਦੀ ਕਮੀ ਹੈ। ਬੱਚਿਆਂ ਵਿਚ ਅੱਜ ਵੇਖਣ ਵਿਚ ਆ ਰਿਹਾ ਹੈ ਕਿ ਬੱਚਾ ਮਾਪਿਆਂ ਜਾਂ ਅਧਿਆਪਕਾਂ ਦੋਹਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ।

ਬੱਚੇ ਵਿਚ ਸਹਿਣਸ਼ੀਲਤਾ ਦੀ ਘਾਟ ਦੇ ਕੀ ਕਾਰਨ ਹੋ ਸਕਦੇ ਹਨ? ਪਹਿਲਾ ਕਾਰਨ ਹੋ ਸਕਦਾ ਹੈ ਬੱਚਾ ਪੜ੍ਹਾਈ ਵਿਚ ਕਮਜ਼ੋਰ ਹੋਵੇ, ਦੂਸਰਾ ਆਧੁਨਿਕ ਮੀਡੀਆ, ਇੰਟਰਨੈੱਟ ਤੇ ਟੀਵੀ 'ਤੇ ਆਉਂਦੇ ਪ੍ਰੋਗਰਾਮ ਉਸ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਦੇ ਹਨ। ਸੋਸ਼ਲ ਮੀਡੀਆ ਨੇ ਤਾਂ ਬੱਚਿਆਂ ਨੂੰ ਆਪਣੀ ਜਕੜ ਵਿਚ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ। ਮੋਬਾਈਲ ਤੇ ਸਮਾਰਟ ਫੋਨ ਨੇ ਉਨ੍ਹਾਂ ਦੀ ਮਾਨਸਿਕਤਾ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਲੱਚਰ ਗੀਤਾਂ ਤੇ ਘਟੀਆ ਫਿਲਮਾਂ ਨੇ ਨਿੱਜੀ ਜੀਵਨ ਨੂੰ ਢਾਹ ਲਾਈ ਹੈ, ਉਨ੍ਹਾਂ ਲਈ ਵੱਟਸਐਪ ਤੇ ਫੇਸਬੁੱਕ ਹੀ ਸਭ ਕੁਝ ਹੈ। ਇਸ ਲਈ ਵੀ ਵਧੇਰੇ ਕਰਕੇ ਮਾਪੇ ਹੀ ਜ਼ਿੰਮੇਵਾਰ ਹਨ ਜੋ ਆਰਥਿਕ ਦੌੜ ਵਿਚ ਮਸਰੂਫ਼ ਬੱਚੇ ਨੂੰ ਪੂਰਾ ਸਮਾਂ ਨਹੀਂ ਦੇ ਸਕਦੇ ਤੇ ਬੱਚੇ ਇਕਲਾਪੇ ਦਾ ਸ਼ਿਕਾਰ ਹੋ ਕੇ ਗ਼ਲਤ ਰਾਹ 'ਤੇ ਤੁਰ ਪੈਂਦੇ ਹਨ। ਇਹੀ ਉਮਰ ਪੜ੍ਹਨ-ਲਿਖਣ, ਸਮਾਜ ਵਿਚ ਵਿਚਰਨ, ਮਿਹਨਤ ਕਰਕੇ ਕੁਝ ਪ੍ਰਾਪਤੀਆਂ ਕਰਨ ਦੀ ਹੁੰਦੀ ਹੈ। ਜੇ ਮਾਪੇ ਸੁਚੇਤ ਨਾ ਹੋਏ ਤਾਂ ਬੱਚੇ ਤਬਾਹੀ ਦੀ ਕਗਾਰ 'ਤੇ ਖੜ੍ਹੇ ਹੀ ਹਨ। ਇੰਨਾ ਹੀ ਨਹੀਂ ਅੱਜ ਬੱਚੇ ਨੈਤਿਕ ਕਦਰਾਂ-ਕੀਮਤਾਂ ਤੋਂ ਵੀ ਦੂਰ ਹੁੰਦੇ ਜਾ ਰਹੇ ਹਨ। ਬੱਚੇ ਜਦੋਂ ਘਰ ਤੋਂ ਬਾਹਰ ਹੋਸਟਲਾਂ ਜਾਂ ਪੀ.ਜੀ. ਵਿਚ ਰਹਿ ਕੇ ਪੜ੍ਹਨ ਜਾਂਦੇ ਹਨ ਤਾਂ ਮਾਪਿਆਂ ਦੇ ਦਿੱਤੇ ਸੰਸਕਾਰਾਂ ਨੂੰ ਭੁੱਲ ਕੇ ਆਜ਼ਾਦ ਮਾਹੌਲ ਵਿਚ ਮੌਜ-ਮਸਤੀ ਕਰਨ ਵਿਚ ਰੁੱਝ ਜਾਂਦੇ ਹਨ। ਜਦੋਂ ਕਿ ਘਰੋਂ ਬਾਹਰ ਰਹਿ ਕੇ ਬੱਚਾ ਹੋਰ ਬਹੁਤ ਸਾਰੇ ਚੰਗੇ ਗੁਣ ਗ੍ਰਹਿਣ ਕਰ ਸਕਦਾ ਹੈ। ਅੱਜ ਲੋੜ ਹੈ ਸਾਂਝੇ ਪਰਿਵਾਰਾਂ ਵਿਚ ਰੱਖ ਕੇ ਬੱਚੇ ਦਾ ਪਾਲਣ-ਪੋਸ਼ਣ ਕਰਨ ਤੇ ਚੰਗੇ ਸੰਸਾਰ ਦੇਣ ਦੀ। ਮਾਪਿਆਂ ਨੂੰ ਬਹੁਤ ਸੁਚੇਤ ਰਹਿਣ ਦੀ ਲੋੜ ਹੈ ਤਾਂ ਕਿ ਬੱਚੇ ਨੂੰ ਸ਼ੋਸ਼ਣ ਤੇ ਨਸ਼ਿਆਂ ਤੋਂ ਬਚਾ ਸਕਣ। ਇਕ ਸਮਾਂ ਸੀ ਬੱਚੇ ਬਜ਼ੁਰਗਾਂ ਤੇ ਮਾਪਿਆਂ ਦੀ ਘੂਰੀ ਤੋਂ ਡਰਦੇ ਸਨ, ਇਹ ਸਾਂਝੇ ਪਰਿਵਾਰਾਂ ਦਾ ਸਮਾਂ ਸੀ, ਪਰ ਹੁਣ ਜਿੱਥੇ ਆਜ਼ਾਦੀ ਮਿਲ ਰਹੀ ਹੈ, ਖੁੱਲ੍ਹਾ ਪੈਸਾ ਮਿਲ ਰਿਹਾ ਹੈ ਤੇ ਹੋਰ ਸੁੱਖ-ਸੁਵਿਧਾਵਾਂ ਹਨ, ਉਹ ਪਰਿਵਾਰ ਨੂੰ ਟਿੱਚ ਜਾਣਦੇ ਹਨ। ਉਨ੍ਹਾਂ ਨੂੰ ਆਪਣੀਆਂ ਲੋੜਾਂ ਤੇ ਹੱਕਾਂ ਦਾ ਪਤਾ ਹੈ, ਪਰ ਫ਼ਰਜ਼ਾਂ ਤੋਂ ਬੇਮੁਖ ਹੋ ਰਹੇ ਹਨ। ਅੱਜ ਲੋੜ ਹੈ ਬਚਪਨ ਤੋਂ ਹੀ ਚੰਗੀ ਸਿੱਖਿਆ ਤੇ ਸੰਸਕਾਰ ਦੇਣ ਦੀ। ਬੱਚਾ ਜੋ ਕੁਝ ਬਚਪਨ ਵਿਚ ਸਿੱਖੇਗਾ, ਉਹੀ ਵੱਡਾ ਹੋ ਕੇ ਕਰਮ ਕਰੇਗਾ। ਉਨ੍ਹਾਂ ਨੂੰ ਜ਼ਿੰਦਗੀ ਵਿਚ ਅੱਗੇ ਵਧਣ ਲਈ ਸੰਘਰਸ਼ ਕਰਨ ਦੇ ਸੰਸਕਾਰ ਦਿੱਤੇ ਜਾਣ।

# ਭਾਰਤ ਵਿਚ ਲਗਾਤਾਰ ਵੱਧ ਰਿਹਾ ਸੋਕੇ ਦਾ ਕਹਿਰ



ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿਚ ਭਿਆਨਕ ਸੋਕਾ ਪਿਆ ਹੋਇਆ ਹੈ। ਇਸ ਦਾ ਕਹਿਰ ਲਗਾਤਾਰ ਵਧਦਾ ਜਾ ਰਿਹਾ ਹੈ। ਇਕ ਅੰਦਾਜ਼ੇ ਅਨੁਸਾਰ 33 ਕਰੋੜ ਤੋਂ ਵਧੇਰੇ ਆਬਾਦੀ ਸੋਕੇ ਦੀ ਮਾਰ ਹੇਠ ਆ ਗਈ ਹੈ। ਜੋ ਰਾਜ ਵਧੇਰੇ ਪ੍ਰਭਾਵਿਤ ਹੋਏ ਹਨ, ਉਨ੍ਹਾਂ ਵਿਚ ਉੱਤਰ ਪ੍ਰਦੇਸ਼, ਝਾਰਖੰਡ, ਕਰਨਾਟਕ, ਛੱਤੀਸਗੜ੍ਹ, ਰਾਜਸਥਾਨ, ਤੇਲੰਗਾਨਾ, ਆਂਧਰਾ ਪ੍ਰਦੇਸ਼, ਓਡੀਸ਼ਾ, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਸ਼ਾਮਿਲ ਹਨ। ਦੇਸ਼ ਦੀ ਸਰਬਉੱਚ ਅਦਾਲਤ ਸੁਪਰੀਮ ਕੋਰਟ ਵੱਲੋਂ ਇਸ ਮਸਲੇ 'ਤੇ ਬੇਹੱਦ ਚਿੰਤਾ ਪ੍ਰਗਟਾਈ ਗਈ ਹੈ। ਉਸ ਨੇ ਕੇਂਦਰ ਸਰਕਾਰ ਨੂੰ ਹਦਾਇਤ ਦਿੱਤੀ ਹੈ ਕਿ ਉਹ ਇਸ ਸਬੰਧੀ ਸਾਰੇ ਰਾਜਾਂ ਨੂੰ ਸੁਚੇਤ ਕਰੇ। ਸਾਰੀਆਂ ਸੋਕੇ ਤੋਂ ਪ੍ਰਭਾਵਿਤ ਥਾਵਾਂ ਦੀ ਪਛਾਣ ਕੀਤੀ ਜਾਏ ਅਤੇ ਉਸ ਤੋਂ ਬਾਅਦ ਸੁਪਰੀਮ ਕੋਰਟ ਨੂੰ ਇਸ ਸਬੰਧੀ ਦੱਸਿਆ ਜਾਏ। ਸਵਰਾਜ ਅਭਿਆਨ ਨਾਂਅ ਦੀ ਇਕ ਸੰਸਥਾ ਨੇ ਇਸ ਭਿਆਨਕ ਮਹਾਮਾਰੀ ਸਬੰਧੀ ਸੁਪਰੀਮ ਕੋਰਟ ਦਾ ਬੂਹਾ ਖੜਕਾਇਆ ਸੀ, ਜਿਸ ਦੇ ਪ੍ਰਤੀਕਰਮ ਵਜੋਂ ਸਰਬਉੱਚ ਅਦਾਲਤ ਨੇ ਕਿਹਾ ਕਿ ਸਰਕਾਰ ਨੂੰ ਇਸ ਸੰਕਟ ਨਾਲ ਨਜਿੱਠਣ ਲਈ ਵੱਧ ਤੋਂ ਵੱਧ ਵਿੱਤੀ ਸਾਧਨ ਜੁਟਾਉਣੇ ਚਾਹੀਦੇ ਹਨ। ਵੱਖ-ਵੱਖ ਰਾਜਾਂ ਦੇ ਜਿਨ੍ਹਾਂ ਵਿਅਕਤੀਆਂ ਨੂੰ ਮਨਰੇਗਾ ਯੋਜਨਾ ਅਧੀਨ ਸਹਾਇਤਾ ਨਹੀਂ ਮਿਲੀ, ਉਨ੍ਹਾਂ ਨੂੰ ਤੁਰੰਤ ਸਹਾਇਤਾ ਜਾਰੀ ਕੀਤੀ ਜਾਣੀ ਚਾਹੀਦੀ ਹੈ। ਇਸ ਸਬੰਧੀ ਲਗਾਤਾਰ ਉੱਚ ਅਦਾਲਤ ਨੂੰ ਦੱਸਿਆ ਜਾਂਦਾ ਰਹੇ ਕਿ ਸਰਕਾਰ ਨੇ ਆਪਣੀ ਜਨਤਕ ਵੰਡ ਪ੍ਰਣਾਲੀ ਨੂੰ ਕਿਸ ਹੱਦ ਤੱਕ ਪ੍ਰਭਾਵਸ਼ਾਲੀ ਬਣਾਇਆ ਹੈ। ਮਹਾਰਾਸ਼ਟਰ ਵਿਚ ਲਾਤੂਰ ਜ਼ਿਲ੍ਹੇ ਵਿਚ ਤਾਂ ਪਾਣੀ ਦੀਆਂ ਗੱਡੀਆਂ ਭੇਜਣ ਤੱਕ ਦੀ ਨੌਬਤ ਵੀ ਆ ਗਈ ਸੀ। ਦੂਸਰੇ ਜ਼ਿਲ੍ਹਿਆਂ ਵਿਚ ਸਥਿਤੀ ਕੀ ਹੈ, ਇਸ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ। ਤੇਲੰਗਾਨਾ ਜ਼ਿਲ੍ਹੇ ਵਿਚ ਇਕ ਕਿਸਾਨ ਨੇ ਇਸ ਲਈ ਆਤਮ-ਹੱਤਿਆ ਕਰ ਲਈ ਕਿ ਪਿਛਲੇ 3 ਸਾਲਾਂ ਤੋਂ ਲਗਾਤਾਰ ਸੋਕੇ ਦਾ ਦੌਰ ਚੱਲ ਰਿਹਾ ਸੀ। ਉਸ ਦੀ ਫ਼ਸਲ ਨਹੀਂ ਸੀ ਹੋਈ। ਚਾਰੇ ਖੁਣੋਂ ਉਸ ਦੇ ਪਸ਼ੂ ਮਰ ਗਏ ਸਨ। ਉਸ ਕੋਲ ਖਾਣ ਲਈ ਕੁਝ ਨਹੀਂ ਸੀ ਅਤੇ ਉਸ ਨੇ ਆਤਮ-ਹੱਤਿਆ ਕਰ ਲਈ। ਉਸ ਦੀ ਪਤਨੀ ਕੋਲ ਭਿੱਖਿਆ ਮੰਗਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਮਹਾਰਾਸ਼ਟਰ ਦੇ ਹੀ ਬੀੜ ਜ਼ਿਲ੍ਹੇ ਵਿਚ ਇਕ ਲੜਕੀ ਲੰਮਾ ਪੈਂਡਾ ਤੈਅ ਕਰਕੇ ਪਾਣੀ ਦੀ ਬਾਲਟੀ ਭਰਨ ਜਾਂਦੀ ਸੀ, ਜਦੋਂ ਪੰਜਵੀਂ ਵਾਰ ਉਹ ਭਰ ਗਰਮੀ ਵਿਚ ਪੈਂਡਾ ਕਰ ਰਹੀ ਸੀ ਤਾਂ ਉਸ ਦੀ ਮੌਤ ਹੋ ਗਈ। ਅਜਿਹੀ ਹਾਲਤ ਵਿਚੋਂ ਅੱਜ ਲੱਖਾਂ-ਕਰੋੜਾਂ ਵਿਅਕਤੀ ਗੁਜ਼ਰ ਰਹੇ ਹਨ। ਦੇਸ਼ ਦੀਆਂ ਜਲਗਾਹਾਂ ਵਿਚ ਪਾਣੀ ਲਗਾਤਾਰ ਘਟਦਾ ਜਾ ਰਿਹਾ ਹੈ। ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨੇ 'ਮਨ ਕੀ ਬਾਤ' ਵਿਚ ਸੋਕੇ ਸਬੰਧੀ ਵੱਡੀ ਚਿੰਤਾ ਪ੍ਰਗਟਾਈ ਅਤੇ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਉਹ ਮੀਂਹ ਦੇ ਪਾਣੀ ਨੂੰ ਬਚਾਉਣ ਦਾ ਹਰ ਹੀਲਾ-ਵਸੀਲਾ ਕਰਨ। ਉਨ੍ਹਾਂ ਨੇ ਕੁਝ ਰਾਜਾਂ ਵਿਚ ਲਗਾਤਾਰ ਪਏ ਸੋਕੇ ਕਾਰਨ ਦੇਸ਼ ਭਰ ਵਿਚ ਲਗਾਤਾਰ ਪਾਣੀ ਦਾ ਪੱਧਰ ਘਟਣ ਦੀ ਗੱਲ ਵੀ ਕੀਤੀ ਸੀ। ਹਾਲਾਤ ਜਿਥੋਂ ਤੱਕ ਪੁੱਜ ਚੁੱਕੇ ਹਨ, ਉਹ ਵੱਸੋਂ ਬਾਹਰੇ ਹੋਏ ਜਾਪਦੇ ਹਨ। ਇਸ ਲਈ ਕੇਂਦਰ ਅਤੇ ਸਬੰਧਤ ਰਾਜ ਸਰਕਾਰਾਂ ਨੂੰ ਇਕਜੁਟ ਹੋ ਕੇ ਇਸ ਸਮੱਸਿਆ ਦੇ ਟਾਕਰੇ ਲਈ ਵੱਡੇ ਯਤਨ ਕਰਨ ਦੀ ਜ਼ਰੂਰਤ ਹੋਵੇਗੀ। ਪਿਛਲੇ ਦਿਨੀਂ ਇਹ ਖ਼ਬਰਾਂ ਵੀ ਨਸ਼ਰ ਹੁੰਦੀਆਂ ਰਹੀਆਂ ਹਨ ਕਿ ਜਿਨ੍ਹਾਂ ਰਾਜਾਂ ਵਿਚ ਸੋਕਾ ਪਿਆ ਹੋਇਆ ਹੈ, ਉਥੇ ਕਈ ਥਾਵਾਂ 'ਤੇ ਕ੍ਰਿਕਟ ਮੈਚਾਂ ਦੇ ਆਯੋਜਨ ਨਾਲ ਮਣਾਂ-ਮੂੰਹੀਂ ਪਾਣੀ ਜ਼ਾਇਆ ਕੀਤਾ ਜਾ ਰਿਹਾ ਹੈ। ਇਕ ਰਾਜ ਵਿਚ ਸੋਕੇ ਦਾ ਜਾਇਜ਼ਾ ਲੈਣ ਗਏ ਮੰਤਰੀ ਸਾਹਿਬ ਦੇ ਹੈਲੀਕਾਪਟਰ ਨੂੰ ਉਤਾਰਨ ਲਈ ਮਣਾਂ-ਮੂੰਹੀਂ ਪਾਣੀ ਦਾ ਤਰੋਂਕਾ ਕੀਤਾ ਗਿਆ। ਮਹਾਰਾਸ਼ਟਰ ਦੀ ਰਾਜ ਮੰਤਰੀ ਪੰਕਜਾ ਮੁੰਡੇ ਦੀ ਗੱਲ ਬੇਹੱਦ ਅਫ਼ਸੋਸ ਵਾਲੀ ਕਹੀ ਜਾ ਸਕਦੀ ਹੈ ਕਿ ਸੋਕਾਗ੍ਰਸਤ ਖੇਤਰਾਂ ਦਾ ਦੌਰਾ ਕਰਦੇ ਹੋਏ ਉਹ ਆਪਣੀ ਸੈਲਫੀ ਲੈਂਦੀ ਰਹੀ ਹੈ ਅਤੇ ਫਿਰ ਉਸ ਨੂੰ ਉਹ ਦੇਸ਼ ਭਰ ਵਿਚ ਨਸ਼ਰ ਕਰਨ ਦਾ ਮਾਣ ਲੈਂਦੀ ਰਹੀ ਹੈ। ਅਸੀਂ ਹੁਣ ਤੋਂ ਮੌਨਸੂਨ ਦੇ ਆਉਣ ਦਾ ਇੰਤਜ਼ਾਰ ਕਰਨ ਲੱਗੇ ਹਾਂ ਪਰ ਸੋਚਣ ਵਾਲੀ ਗੱਲ ਇਸ ਹੈ ਕਿ ਜਿਨ੍ਹਾਂ ਥਾਵਾਂ 'ਤੇ ਕੁਦਰਤ ਨੇ ਮਿਹਰਬਾਨੀ ਨਾ ਕੀਤੀ, ਉਨ੍ਹਾਂ ਦਾ ਕੀ ਬਣੇਗਾ? ਇਹ ਕੇਂਦਰ ਅਤੇ ਰਾਜ ਸਰਕਾਰਾਂ ਲਈ ਇਮਤਿਹਾਨ ਦੀ ਘੜੀ ਹੈ। ਉਨ੍ਹਾਂ ਨੂੰ ਹਰ ਹੀਲਾ-ਵਸੀਲਾ ਕਰਕੇ ਵੱਡੀ ਗਿਣਤੀ ਵਿਚ ਪ੍ਰਭਾਵਿਤ ਲੋਕਾਂ ਨੂੰ ਇਸ ਸਥਿਤੀ 'ਚੋਂ ਕੱਢਣਾ ਹੋਵੇਗਾ। ਇਸ ਲਈ ਜਿਸ ਹੱਦ ਤੱਕ ਵੀ ਜਿੰਨੇ ਵੀ ਵੱਡੇ ਕਦਮ ਉਠਾਏ ਜਾਣੇ ਚਾਹੀਦੇ ਹਨ, ਉਨ੍ਹਾਂ 'ਤੇ ਤੁਰੰਤ ਅਮਲ ਕਰਨਾ ਸਰਕਾਰ ਦੀ ਆਪਣੇ ਲੋਕਾਂ ਲਈ ਇਸ ਸਮੇਂ ਪਹਿਲੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ।

Delivering News,
Uncomprimised
& Unbiased for the
Last 16 years

Some Call us a Media House, others Call us an Institution to learn from





ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
Punjabi Duniya Punjabi Duniya.Com LLC
Since April 2005
Email : punjabiduniya@gmail.com, Web : www.punjabiduniya.com

The South Asian
INSIDER
Published Weekly from New York

Regd. & Mailing Office : P.O. Box 7005, Hicsville New York 11801
www.thesouthasianinfo, www.joshindiatv.com wwwpunjabiduniya.com
Phone : 917-612-3158